# ਗੁਰੂ ਕਾਵਯ ਦਰਸ਼ਨ

ਅਰਥਾਤ

ਪੰਜਾਬੀ ਕਵਿਤਾ ਅਤੇ ਅਲੰਕਾਰ ਆਦਿ

ਝਲਕ ਪਹਿਲੀ

ਪੰਡਿਤ ਕਰਤਾਰ ਸਿੰਘ ਦਾਖਾ

ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

# ਗੁਰੂ ਕਾਵਯ ਦਰਸ਼ਨ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਗੁਰੂ ਕਾਵਯ ਦਰਸ਼ਨ

ਅਰਥਾਤ

## ਪੰਜਾਬੀ ਕਵਿਤਾ ਅਤੇ ਅਲੰਕਾਰ ਆਦਿ

ਝਲਕ ਪਹਿਲੀ

ਲੇਖਕ

ਪੰਡਿਤ ਕਰਤਾਰ ਸਿੰਘ ਦਾਖਾ

ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ, ਸ਼੍ਰੋ ਗੁ: ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਕ :

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਸ੍ਰੀ ਅੰਮ੍ਰਿਤਸਰ ।

ਅਗਸਤ, ੨੦੦੯ ੩੦੦੦

ਛਾਪਣ ਵਾਲੇ :

ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari



# ਗੁਰੂ ਕਾਵਯ ਦਰਸ਼ਨ


| ਲੜੀ ਨੰ | ਸਿਰਲੇਖ | ਪੰਨਾ |
|---|---|---|
| ੧. | ਆਰੰਭਕ ਬੇਨਤੀ | ੳ |
| ੨. | ਭੂਮਿਕਾ (ਕਰਤਾਰ ਸਿੰਘ ਦਾਖਾ) | ੧ |
| ੩. | ਖੰਡ ਪਹਿਲਾ (ਦੇਸ਼ ! ਮੰਗਲ) | ੭ |
| ੪. | ਗਣ ਵਰਣਨ | ੧੭ |
| ੫. | (ਦੂਜਾ ਗੁਰ) ਸੰਖਿਆ | ੩੮ |
| ੬. | ਦੂਜਾ ਖੰਡ (ਸ) ਦੇਸ਼ | ੧੨੫ |
| ੭. | ਹ, ਦੇਸ਼ ! ਵਰਣ ਬ੍ਰਿਤ ਬਰਣਨ | ੧੩੮ |
| ੮. | ਸਾਮਾਨਯ ਸਿੱਖਯ | ੧੭੪ |
| ੯. | ਕਾਵਯ ਲੱਛਣ ਪਰ ਵਿਚਾਰ | ੧੭੮ |

Sri Satguru Jagjit Singh Ji eLibrary NamdhariElibrary@gmail.com

www.archive.org/details/namdhari



# ਆਰੰਭਕ ਬੇਨਤੀ

## ਪੰਡਤ ਕਰਤਾਰ ਸਿੰਘ ਦਾਖਾ

ਪੰਡਤ ਕਰਤਾਰ ਸਿੰਘ ਜੀ ਦਾ ਜਨਮ 7 ਦਸੰਬਰ 1888 ਈ: ਨੂੰ ਤੇ ਚਲਾਣਾ 25 ਦਸੰਬਰ 1958 ਈ: ਨੂੰ ਹੋਇਆ। ਆਪ ਪਿੰਡ 'ਦਾਖਾ' ਜ਼ਿਲ੍ਹਾ ਲੁਧਿਆਣੇ ਦੇ ਜੰਮਪਲ ਸਨ। ਆਪ ਜੀ ਦੇ ਪਿਤਾ ਦਾ ਨਾਂ ਸ: ਰਾਮ ਸਿੰਘ ਸੀ, ਘਰ ਸਰਦਾ-ਪੁਜਦਾ ਸੀ। ਮੁੱਢਲੀ ਵਿਦਿਆ ਆਪਣੇ ਪਿੰਡ (ਮੁੱਲਾ ਪੁਰ ਦਾਖਾ) ਤੋਂ ਹਾਸਲ ਕਰਕੇ ਆਪ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਦਾਖਲ ਹੋ ਗਏ। ਜਿੱਥੇ 1907 ਈ: ਵਿਚ ਮਾਝੇ, ਮਾਲਵੇ ਦਾ ਕਲੇਸ਼ ਖੜ੍ਹਾ ਹੋ ਜਾਣ ਤੋਂ ਆਪ ਜੀ ਨੇ ਪੜ੍ਹਾਈ ਵਿੱਚ ਹੀ ਛੱਡ ਦਿੱਤੀ ਅਤੇ ਪੰਡਤ ਰਾਜ ਬਸੰਤ ਸਿੰਘ ਜੀ ਠੀਕਰੀਵਾਲ ਵਾਲਿਆਂ ਕੋਲੋਂ, ਜੋ ਉਸ ਵੇਲੇ ਪਟਿਆਲਾ ਰਿਆਸਤ ਦੇ ਪੰਡਤ ਸਨ ਪਟਿਆਲੇ ਆ ਕੇ ਸੰਸਕ੍ਰਿਤ ਤੇ ਭਾਸ਼ਾ ਆਦਿ ਦੇ ਗ੍ਰੰਥ ਪੜ੍ਹੇ ਅਤੇ ਵਿਚਾਰੇ। ਸੰਸਕ੍ਰਿਤ ਦੀ ਵਿਆਕਰਨ ਵੀ ਪੰਡਤ ਰਾਜ ਬਸੰਤ ਸਿੰਘ ਜੀ ਤੋਂ ਹੀ ਪੜ੍ਹੀ। ਆਪ ਜੀ ਭਾਸ਼ਾ, ਨੀਤੀ, ਵੇਦਾਂਤ ਦੇ ਗ੍ਰੰਥਾਂ ਦੇ ਅਧਿਐਨ ਪਿਛੋਂ ਆਪਣੇ ਸੱਜਣਾਂ ਮਿੱਤਰਾਂ ਦਾ ਸਿੱਖ ਸੇਵਕ ਜੱਥਾ ਬਣਾ ਕੇ ਸਿੰਘ ਸਭਾ ਲਹਿਰ ਦੇ ਨਿਸ਼ਾਨਿਆਂ ਨੂੰ ਪੂਰਾ ਕਰਨ ਲਈ ਆਪਣੇ ਇਲਾਕੇ ਵਿਚ ਖਾਸ ਕਰਕੇ ਥਾਂ-ਥਾਂ ਹੋ ਰਹੇ ਦੀਵਾਨਾ ਵਿਚ ਅਤੇ ਦੂਰ ਦੂਰ ਜਾ ਕੇ ਪ੍ਰਚਾਰ ਕਰਨ ਲੱਗੇ। ਗੁਰਮਤਿ ਦਾ ਅਧਿਐਨ ਉਸ ਵੇਲੇ ਡੂੰਘੇ ਧਿਆਨ ਨਾਲ ਕੀਤਾ ਜਾਂਦਾ ਸੀ, ਕਿਉਂਕਿ ਸਿੱਖੀ ਪ੍ਰਚਾਰ ਦੇ ਰਾਹ ਵਿੱਚ ਵਿਰੋਧੀਆਂ ਵਲੋਂ ਖੜ੍ਹੇ ਕੀਤੇ ਸ਼ੰਕਿਆਂ ਦੇ ਉਤਰ ਦੇਣੇ ਹੁੰਦੇ ਸਨ। ਇਸ ਲਈ ਗੁਰਬਾਣੀ, ਗੁਰ ਇਤਿਹਾਸ ਨਾਲ ਆਰੀਆ ਸਮਾਜ ਤੇ ਹੋਰ ਹਿੰਦੂ ਧਰਮ ਦੇ ਗ੍ਰੰਥਾਂ ਦਾ ਅਧਿਐਨ ਵੀ ਜ਼ਰੂਰੀ ਸੀ। ਇਸ ਜ਼ਮਾਨੇ ਵਿੱਚ ਹੀ ਆਪਨੇ ਸਿੱਖ ਧਰਮ ਵਿਰੁੱਧ ਲਿਖੀ ਪੁਸਤਕ 'ਖਾਲਸਾ ਧਰਮ ਕੀ ਹਕੀਕਤ' ਦਾ ਉਤਰ 'ਖੜਗ ਖਾਲਸਾ' ਦੇ ਨਾਂ ਹੇਠ ਦਿੱਤਾ ਤੇ ਬਹਿਸ ਮੁਬਾਹਾਸਿਆਂ ਵਿੱਚ ਹਿੱਸਾ ਲੈਣ ਲੱਗੇ। ਆਪ ਜੀ ਨੂੰ ਆਪਣਾ ਪੱਖ ਉੱਤਮ ਨੀਤੀ ਨਾਲ ਨਿਖਾਰਨਾ ਆਉਂਦਾ ਸੀ ਅਤੇ ਉਲਟਾ ਵਿਰੋਧੀਆਂ ਉਤੇ ਪ੍ਰਸ਼ਨ ਕਰਕੇ ਗੁਰਮਤਿ ਦੇ ਭਾਵਾਂ ਨੂੰ ਸਹੀ ਰੂਪ ਵਿਚ ਪ੍ਰਗਟਾ ਕੇ ਨਿਰੁਤਰ ਕਰ ਦਿੰਦੇ ਸਨ।

ਪੰਡਤ ਜੀ ਨੇ ਕਾਵਯ ਦਰਸ਼ਨ ਦਾ ਅਧਿਐਨ ਅਤੇ ਗੁਰਬਾਣੀ ਦੇ ਅਰਥ-ਬੋਧ ਡੂੰਘੀ ਮਿਹਨਤ ਨਾਲ ਸਮਝੇ ਸਨ। ਜਿਨ੍ਹਾਂ ਕਾਰਨ ਆਪ ਜੀ ਨੂੰ ਪੰਡਤ ਮੰਨਿਆ ਜਾਣ

Sri Satguru Jagjit Singh Ji eLibrary NamdhariElibrary@gmail.com

ਲੱਗਾ। ਆਪ ਜੀ ਨੇ ਵੀ ਸਾਰੇ ਪੱਖਾਂ ਤੋਂ ਵਿਸ਼ੇਸ਼ ਕਰਕੇ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਰਾਹੀਂ, ਜਿਸ ਦਾ ਗੁਰਮਤਿ ਸਾਹਿਤ ਨਾਲ ਬਹੁਤ ਨੇੜੇ ਦਾ ਸਬੰਧ ਹੈ, ਸਬੰਧਿਤ ਗ੍ਰੰਥ ਪੜ੍ਹੇ ਤੇ ਪ੍ਰਮੁੱਖ ਵਿਸ਼ਿਆਂ ਤੇ ਆਪਣੇ ਵਿਚਾਰ ਪ੍ਰਗਟ ਕਰਕੇ ਆਪਣੀ ਵਿਦਵਤਾ ਦੀ ਧਾਂਕ ਜਮਾਈ।

ਆਪ ਜੀ ਦੀ ਯੋਗਤਾ ਅਤੇ ਗੁਰਮਤਿ ਸਬੰਧੀ ਗਿਆਨ ਨੂੰ ਮੁੱਖ ਰੱਖ ਕੇ ਆਪ ਨੂੰ ਗੁਰਮਤਿ ਪਰਚਾਰਕ ਵਿਦਿਆਲਾ ਸ੍ਰੀ ਤਰਨਤਾਰਨ ਦੇ ਅਧਿਆਪਕ ਨਿਯੁਕਤ ਕੀਤਾ ਗਿਆ ਜਿਥੇ ਪੜ੍ਹਾਉਂਦਿਆਂ ਹੋਇਆਂ ਨਾਲੋਂ-ਨਾਲ ਛੇ ਸੱਤ ਸਾਲ ਆਪ ਗੁਰਮਤਿ ਪਰਚਾਰ ਦੀ ਸੇਵਾ ਵੀ ਕਰਦੇ ਰਹੇ। 1926-27 ਈ: ਵਿਚ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਖੁੱਲ੍ਹਿਆ। ਉਸ ਕਾਲਜ ਵਿਚ ਆਪ ਜੀ ਗੁਰਮਤਿ ਅਤੇ ਗੁਰਬਾਣੀ ਦਰਸ਼ਨ ਦੇ ਪ੍ਰੋਫੈਸਰ ਨੀਯਤ ਹੋਏ। ਸੁਵਰਗੀ ਮਾਸਟਰ ਤਾਰਾ ਸਿੰਘ ਦੀ ਰਿਹਾਇਸ਼ ਇਸ ਕਾਲਜ ਦੇ ਨਾਲ ਲੱਗਦੇ ਮਕਾਨ ਵਿਚ ਸੀ। ਜਿਸ ਕਾਰਨ ਬਹੁਤ ਸਾਰੇ ਅਕਾਲੀ ਲੀਡਰ ਵੀ ਇਸ ਕਾਲਜ ਵਿਚ ਆਉਂਦੇ ਜਾਂਦੇ ਆਪ ਜੀ ਦੀ ਵਿਦਵਤਾ ਦਾ ਲਾਭ ਉਠਾਉਂਦੇ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ-ਬੋਧ ਦੀ ਜਾਣਕਾਰੀ ਤੋਂ ਵਿਦਿਆਰਥੀ ਅਤੇ ਹੋਰ ਪੰਥਕ ਸੇਵਕ ਪ੍ਰਭਾਵਿਤ ਹੁੰਦੇ ਰਹੇ। ਜਿਨ੍ਹਾਂ ਵਿੱਚ ਮਾਸਟਰ ਤਾਰਾ ਸਿੰਘ ਜੀ ਦਾ ਵੀ ਨਾਂ ਖਾਸ ਤੌਰ ਤੇ ਲਿਆ ਜਾ ਸਕਦਾ ਹੈ ਜਿਨ੍ਹਾਂ ਨੇ ਆਪ ਜੀ ਦੇ ਚਲਾਣੇ ਦੀ ਖ਼ਬਰ ਸੁਣਕੇ 'ਅਕਾਲੀ' ਅਖਬਾਰ ਦੇ ਮੁਖ ਲੇਖ ਰਾਹੀਂ ਆਪਣੀ ਸ਼ਰਧਾਂਜਲੀ ਅਤੇ ਪੰਡਤ ਜੀ ਦੀ ਵਿਦਵਤਾ ਬਾਰੇ ਹੇਠ ਲਿਖੇ ਅਨੁਸਾਰ ਖਿਆਲ ਪ੍ਰਗਟ ਕੀਤੇ ਸਨ :-

" ਇਹ ਖ਼ਬਰ ਸੁਣ ਕੇ ਕਿ ਪੰਡਤ ਕਰਤਾਰ ਸਿੰਘ ਜੀ ਦਾਖਾ ਗੁਰਪੁਰੀ ਨੂੰ ਚਲਾਣਾ ਕਰ ਗਏ ਹਨ, ਮਨ ਵਿੱਚ ਸ਼ੋਕ ਹੋਇਆ ਹੈ ਤੇ ਕਈ ਤਰ੍ਹਾਂ ਦੇ ਖਿਆਲ ਪੈਦਾ ਹੋਏ ਹਨ। ਪੰਡਤ ਜੀ ਨੂੰ ਮੈਂ 1927 ਤੋਂ ਜਾਣਦਾ ਹਾਂ, ਜਦ ਉਹ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਪ੍ਰੋਫੈਸਰ ਲਗੇ ਹੋਏ ਸਨ। ਉਹਨਾਂ ਵਰਗਾ ਗੁਰਬਾਣੀ ਦਾ ਜਾਣੂ ਕੋਈ ਵਿਰਲਾ ਹੀ ਹੋ ਸਕਦਾ ਹੈ। ਉਹ ਤਾਂ ਗੁਰਬਾਣੀ ਦੀ ਡਿਕਸ਼ਨਰੀ ਸਨ। ਇਸ ਤਰ੍ਹਾਂ ਅਦੁਤੀ ਇਲਮ ਦੇ ਭੰਡਾਰ ਹੋਣ ਤੋਂ ਛੁੱਟ ਉਹ ਬੜੇ ਨੇਕ ਚਲਣ, ਸਹਿਣਸ਼ੀਲਤਾ ਵਾਲੇ ਤੇ ਭਲੇ ਪੁਰਸ਼ ਸਨ। ਗਿਆਨੀ ਜੀ ਦੇ ਚਲਾਣਾ ਕਰ ਜਾਣ ਮਗਰੋਂ ਉਹਨਾਂ ਦੀ ਥਾਂ ਲੈਣ ਵਾਲਾ ਤਾਂ ਮੈਨੂੰ ਕੋਈ ਨਜ਼ਰੀ ਨਹੀਂ ਪੈਂਦਾ। ਅਫਸੋਸ ਹੈ ਕਿ ਸਾਡੇ ਵਿਚੋਂ ਗਿਆਨੀ, ਆਲਮ ਇਕ-ਇਕ ਕਰਕੇ ਜਾ ਰਹੇ ਹਨ ਤੇ ਨਵੇਂ ਕੋਈ ਪੈਦਾ ਨਹੀਂ ਹੋ ਰਹੇ।"

ਇਸੇ ਸਮੇਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਹਫਤੇਵਾਰ 'ਪੰਜਾਬੀ ਰਤਨ' ਅਖਬਾਰ, ਲੁਧਿਆਣਾ ਵਿੱਚ ਇਹਨਾਂ ਸਤਰਾਂ ਰਾਹੀਂ ਆਪ ਨੂੰ ਯਾਦ ਕੀਤਾ :

Sri Satguru Jagjit Singh Ji eLibrary NamdhariElibrary@gmail.com

"ਸੋ ਪੰਡਤ ਜੀ ਦਾ ਵਿਗੋਚਾ ਪੂਰਾ ਕਰਨ ਹਾਰ ਆਪ ਹੀ ਗੁਰੂ ਕਰਤਾਰ ਹੈ। ਵਾਹਿਗੁਰੂ ਪੰਡਤ ਜੀ ਦੀ ਸਪਿਰਿਟ ਨੂੰ ਕਿਸੇ ਹੋਰ ਗੁਰੂ ਕੇ ਲਾਲ ਵਿਚ ਛੇਤੀ ਜਗਾ ਕੇ ਪ੍ਰਜ੍ਵਲਤ ਕਰੇ। ਪੰਡਤ ਜੀ ਸਾਥੋਂ ਸਦਾ ਲਈ ਵਿਛੜ ਕੇ ਗੁਰਪੁਰੀ ਜਾ ਬਿਰਾਜੇ ਹਨ। ਆਪ ਸਿਖ ਧਰਮ ਤੇ ਅਨ ਮਤ-ਮਤਾਤਰਾਂ ਤੋਂ ਪੂਰੀ ਤਰ੍ਹਾਂ ਜਾਣੂ ਸਨ। ਭਾਵੇਂ ਅੱਜ ਉਹ ਸਾਡੇ ਵਿਚ ਨਹੀਂ, ਪਰ ਉਨ੍ਹਾਂ ਦੀ ਰੂਹ ਆਪਣਾ ਕੰਮ ਕਰਦੀ ਰਹੇਗੀ।

ਉਸ ਜ਼ਮਾਨੇ ਵਿੱਚ ਸਿੱਖ ਧਰਮ ਦੇ ਪੁਰਾਤਨ ਗ੍ਰੰਥਾਂ ਤੇ ਗੁਰਬਾਣੀ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਭਾਈ ਕਾਨ੍ਹ ਸਿੰਘ ਜੀ ਦੇ ਗ੍ਰੰਥ ਗੁਰਮਤਿ ਸੁਧਾਕਰ ਤੇ ਗੁਰਮਤਿ ਪ੍ਰਭਾਕਰ ਆਦਿ ਵਿਸ਼ੇਸ ਮੰਨੇ ਜਾਂਦੇ ਸਨ, ਨਾਲ ਹੀ ਕਾਵਿਯ ਦੇ ਪੁਸਤਕ ਗੁਰ ਛੰਦ ਦਿਵਾਕਰ, ਗੁਰ ਸ਼ਬਦ ਅਲੰਕਾਰ ਦੀ ਵੀ ਵਿਦਵਾਨਾਂ ਵਿਚ ਚਰਚਾ ਸੀ। ਪੰਡਤ ਕਰਤਾਰ ਸਿੰਘ ਜੀ ਨੇ ਉਨ੍ਹਾਂ ਵਾਂਗ ਹੀ ਗੁਰੂ ਕਾਵਯ ਦਰਸ਼ਨ ਅਤੇ ਅਲੰਕਾਰ ਨਿਰਣੇ ਆਦਿ ਗ੍ਰੰਥ ਲਿਖੇ, ਜਿਨ੍ਹਾਂ ਨੇ ਪੰਜਾਬੀ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ। ਇਹ ਗ੍ਰੰਥ ਉਸ ਵੇਲੇ ਦੇ ਗਿਆਨੀ, ਵਿਦਵਾਨੀ ਆਦਿ ਦੇ ਇਮਤਿਹਾਨਾਂ ਵਿੱਚ ਖਾਸ ਤੌਰ ਤੇ ਸਹਾਇਕ ਹੁੰਦੇ ਰਹੇ। ਵਾਦ-ਵਿਵਾਦ ਸਬੰਧੀ ਵੀ ਆਪ ਜੀ ਦੇ ਛੋਟੇ-ਵੱਡੇ ਗ੍ਰੰਥ ਵਿਰੋਧੀਆਂ ਨੂੰ ਨਿਰੁਤਰ ਕਰਨ ਵਾਲੇ ਇਸੇ ਸਮੇਂ ਲਿਖੇ। ਨਿਆਇ ਪਰਿਭਾਸ਼ਾ ਉਨ੍ਹਾਂ ਵਿਚੋਂ ਇਕ ਖਾਸ ਵਰਨਣਯੋਗ ਹੈ।

ਮਿਸ਼ਨਰੀ ਕਾਲਜ ਛੱਡ ਕੇ ਜਦੋਂ ਆਪ ਜੀ ਖਾਸ-ਖਾਸ ਸਮਾਗਮਾਂ ਵਿੱਚ ਕਥਾ ਵਿਖਿਆਨ ਕਰਨ ਲਈ ਵਿਚਰ ਰਹੇ ਸਨ ਤਾਂ ਦਿੱਲੀ ਦੇ ਇੱਕ ਦੀਵਾਨ ਵਿੱਚ ਪ੍ਰਸਿੱਧ ਦਾਨੀ ਸ੍ਰ: ਧਰਮ ਸਿੰਘ ਠੇਕੇਦਾਰ ਨੇ ਆਪ ਜੀ ਦੀ ਕਥਾ ਸੁਣੀ ਅਤੇ ਨਾਲ ਹੀ ਆਪਣੀ ਕੋਠੀ ਲੈ ਗਏ। ਜਿਥੇ ਜਾ ਕੇ ਵਿਚਾਰਾਂ ਕੀਤੀਆਂ ਕਿ ਜਿਸ ਕਿਸਮ ਦੇ ਗੁਰਮਤਿ ਬਾਰੇ ਤੁਸੀਂ ਵਿਚਾਰ ਪ੍ਰਗਟਾਏ ਹਨ ਕੀ ਹੋਰ ਵੀ ਇਸ ਤਰ੍ਹਾਂ ਦੇ ਵਿਚਾਰਵਾਨ ਪੈਦਾ ਹੋ ਸਕਦੇ ਹਨ ? ਤਾਂ ਪੰਡਤ ਜੀ ਨੇ ਉੱਤਰ ਵਿੱਚ ਦੱਸਿਆ ਕਿ ਜੇ ਗੁਰਮਤਿ ਵਿਦਿਆ ਦਾ ਉਚੇਰਾ ਪ੍ਰੋਗਰਾਮ ਬਣਾ ਕੇ ਵਿਸ਼ੇਸ਼ ਸਿਲੇਬਸ ਨੀਯਤ ਕਰਕੇ ਪੜ੍ਹਾਈ ਕਰਾਈ ਜਾਵੇ ਤਾਂ ਉੱਚ-ਪੱਧਰ ਦੇ ਪ੍ਰਚਾਰਕ ਤੇ ਵਿਚਾਰਕ ਤਿਆਰ ਹੋ ਸਕਦੇ ਹਨ। ਸ: ਧਰਮ ਸਿੰਘ ਜੀ ਨੇ ਪੰਡਤ ਜੀ ਨੂੰ ਕਿਹਾ ਕਿ ਇਸ ਕਿਸਮ ਦਾ ਕਾਲਜ ਤੁਸੀਂ ਕਾਇਮ ਕਰੋ ਉਸ ਦੇ ਖਰਚ ਦਾ ਵੇਰਵਾ ਮੈਨੂੰ ਦੱਸਿਆ ਜਾਵੇ ਖਰਚੇ ਦੀ ਪੂਰਤੀ ਮੈਂ ਕਰਾਂਗਾ। ਇਸ ਲਈ ਗੁਰਮਤਿ ਉਪਦੇਸ਼ਕ ਕਾਲਜ ਦਮਦਮਾ ਸਾਹਿਬ ਗੁਰ ਕਾਂਸ਼ੀ ਖੋਲ੍ਹਣ ਦਾ ਫੈਸਲਾ ਕੀਤਾ ਗਿਆ, ਜਿਥੇ ਸੰਤ ਅਤਰ ਸਿੰਘ ਜੀ ਦੀ ਘਾਲਣਾ ਨਾਲ ਮਹਾਂ ਵਿਦਿਆਲੇ ਦੀ ਬਿਲਡਿੰਗ ਬਣਾਈ ਗਈ ਸੀ (ਇਹ ਬਿਲਡਿੰਗ ਇਸ ਵੇਲੇ ਬੁੰਗਾ ਮਸਤੂਆਣਾ ਦੇ ਨਾਲ ਸਬੰਧਤ ਹੈ)।

Sri Satguru Jagjit Singh Ji eLibrary NamdhariElibrary@gmail.com

ਗੁਰਮਤਿ ਉਪਦੇਸ਼ਕ ਕਾਲਜ ਬੜੀਆਂ ਅਸ਼ਾਵਾਂ ਨਾਲ ਚੱਲਿਆ। ਸ਼ੋਕ ਸ੍ਰਦਾਰ ਬਹਾਦਰ ਧਰਮ ਸਿੰਘ ਜੀ ਕੈਂਸਰ ਦੀ ਬਿਮਾਰੀ ਨਾਲ ਛੇਤੀ ਹੀ ਚਲਾਣਾ ਕਰ ਗਏ। ਉਸ ਪਿਛੋਂ ਕੋਈ ਤਕੜੀ ਧਿਰ ਅਤੇ ਕਦਰਦਾਨ ਸੰਸਥਾ, ਕਾਲਜ ਲਈ ਸਹਾਇਕ ਸਿੱਧ ਨਾ ਹੋਈ। ਫਿਰ ਵੀ ਇਹ ਉਪਦੇਸਕ ਕਾਲਜ ਚਾਰ ਪੰਜ ਸਾਲ ਚੱਲਦਾ ਰਿਹਾ ਅਤੇ ਉਚੇ ਦਰਜੇ ਦੇ ਵਿਦਵਾਨ ਜਿਹੋ ਜਿਹੇ ਇਥੇ ਤਿਆਰ ਹੋਏ ਉਤਨੀ ਯੋਗਤਾ ਵਾਲੇ ਹੋਰ ਕਿਸੇ ਸੰਸਥਾ ਨੇ ਘੱਟ ਹੀ ਪੈਦਾ ਕੀਤੇ ਹੋਣਗੇ। ਇਥੋਂ ਹੀ ਆਪ ਨੇ ਇਕ ਗੁਰੂ ਕਾਂਸ਼ੀ ਪੱਤਰ ਮਾਸਕ ਰਸਾਲਾ ਕੱਢਿਆ। ਜਿਸ ਵਿੱਚ ਆਏ ਲੇਖਾਂ ਤੋਂ ਪਤਾ ਲੱਗਦਾ ਹੈ ਕਿ ਪੰਡਤ ਜੀ ਕਿਸ ਪੱਧਰ ਦੇ ਵਿਦਵਾਨ ਸਨ ਤੇ ਗੁਰਮਤਿ ਦੇ ਬਾਰੇ ਉਨ੍ਹਾਂ ਦਾ ਨਜ਼ਰੀਆ ਕਿੰਨਾ ਦ੍ਰਿੜ ਅਤੇ ਵਿਸ਼ਾਲ ਸੀ। ਗੁਰੂ ਕਾਂਸ਼ੀ ਪੱਤਰ ਵਿਚ ਰਿਗਵੇਦ ਦਾ ਭਾਸ਼ ਛਪਦਾ ਰਿਹਾ, ਸ਼ਾਂਤ ਦਰਸ਼ਨ ਦੀ ਵਿਆਖਿਆ ਅਤੇ ਹੋਰ ਕਈ ਸੰਸਕ੍ਰਿਤ ਗ੍ਰੰਥਾਂ ਦੀ ਜਾਣਕਾਰੀ ਵੀ ਦਿੱਤੀ ਜਾਂਦੀ ਰਹੀ। ਖਾਸ ਕਰਕੇ ਸਿੱਖ ਧਰਮ ਦੇ ਵੱਖੋ-ਵੱਖਰੇ ਵਿਸ਼ਿਆ ਉਤੇ ਜੋ ਵਿਖਿਆਨ ਤਿਆਰ ਕੀਤੇ ਜਾਂਦੇ ਸਨ ਉਹ ਸੱਚ-ਮੁੱਚ ਹੀ ਉੱਚੀ ਪੱਧਰ ਦੇ ਦਲੀਲ ਭਰਪੂਰ ਅਤੇ ਗੁਰਮਤਿ ਸੱਚ ਨੂੰ ਪ੍ਰਗਟ ਕਰਨ ਵਾਲੇ ਹੁੰਦੇ ਸਨ। ਜਿਨ੍ਹਾਂ ਵਿਚੋਂ ਇਕ ਭਾਸ਼ਣ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਅਰਚਾ' ਪੜ੍ਹਿਆਂ ਪਤਾ ਲੱਗਦਾ ਹੈ। ਇਹ ਦਮਦਮੇ ਦਾ ਉਪਦੇਸ਼ਕ ਕਾਲਜ ਅਤੇ ਗੁਰੂ ਕਾਂਸ਼ੀ ਪੱਤਰ 1945 ਤੱਕ ਕਿਸੇ ਨਾ ਕਿਸੇ ਰੂਪ ਵਿੱਚ ਖਿੱਚ ਧੂਹ ਨਾਲ ਚਲਦੇ ਰਹੇ। ਗੁਰੂ ਕਾਂਸੀ ਪੱਤਰ ਵਿੱਚ ਵਿਦਵਤਾ ਭਰੇ ਲੇਖ ਪੜ੍ਹ ਕੇ ਭਾਈ ਕਾਹਨ ਸਿੰਘ ਨਾਭਾ ਪੜੇ ਪ੍ਰਸੰਨ ਹੋਏ। ਉਹਨਾਂ ਨਾ ਕੇਵਲ ਪੰਡਤ ਜੀ ਨੂੰ ਪ੍ਰਸੰਸਾ ਦਾ ਪ੍ਰਸਾਦਿ ਭੇਟ ਕੀਤਾ ਸਗੋਂ ਵਿਤ ਅਨੁਸਾਰ ਮਾਇਕ ਸਹਾਇਤਾ ਵੀ ਕੀਤੀ। ਭਾਈ ਸਾਹਿਬ ਕਾਨ੍ਹ ਸਿੰਘ ਵਲੋਂ ਕੀਤੀ ਪ੍ਰਸੰਸਾ ਗੁਰੂ ਕਾਂਸ਼ੀ ਪੱਤਰ ਵਿੱਚ ਪ੍ਰਕਾਸ਼ਤ ਹੋਈ ਇਉਂ ਮਿਲਦੀ ਹੈ :-

ਨਾਭਾ : 19-11-36

ੴ, ਪਰਮ ਪਿਆਰੇ ਪੰਡਿਤ ਜੀ, ਗੁਰੂ ਕਾਸ਼ੀ ਪੱਤਰ ਦਾ "ਮਾਲਵਾ ਨੰਬਰ" ਕੱਢਣ ਦਾ ਆਪ ਦਾ ਉਤੰਮ ਸੰਕਲਪ ਹੈ। ਜੇ ਆਪਦੇ ਪੁਰਸ਼ਾਰਥ ਨਾਲ ਘੋਰ ਨਿੰਦ੍ਰਾ ਤੋਂ ਅਸਾਡਾ ਦੇਸ਼ ਜਾਗ ਸਕੇ ਤਾਂ ਅਹੋ ਭਾਗ।

ਮਾਲਵਾ ਹਠੀ-ਜਪੀ ਨਾਮ ਰਸੀਏ ਮਹਾਨ ਸੂਰਬੀਰ ਉਦਾਰਤਮਾਂ ਆਦਿ ਹਸਤੀਆਂ ਪੈਦਾ ਕਰਨ ਵਿਚ ਬਹੁਤ ਉਚਾ ਦਰਜਾ ਰੱਖਦਾ ਹੈ। ਪਰ ਘਾਟਾ ਇਕੋ ਹੈ ਕਿ ਸਵਦੇਸ਼ ਨੂੰ ਉੱਨਤ ਕਰਨ ਦਾ ਖਿਆਲ ਉੱਕਾ ਨਹੀਂ ਹੈ। ਸ਼ਾਇਦ ਇਸ ਨੇ ਸਵਾਰਥ ਤਯਾਗ ਪ੍ਰਮਾਰਥ ਲਈ ਸਰਵ ਸਵ ਅਰਪਨ ਕਰਨਾ ਆਪਣਾ ਮੰਤਵ ਬਣਾ ਲਿਆ ਹੈ। ਆਪ ਨੂੰ ਪੂਰਾ ਯਤਨ ਕਰਕੇ ਮਾਲਵੇ ਦੇ ਚਿੱਤ ਵਿੱਚ ਇਹ ਗੱਲ ਬੈਠਾ

ਦੇਣੀ ਚਾਹੀਏ ਕਿ ਜਦ ਤੋੜੀ ਉਹ ਆਪਣਾ ਘਰ ਨਹੀਂ ਸੰਭਾਲਦਾ ਅਤੇ ਬੁਧਿ: ਵਿਦਿਆ ਨੀਤਿ ਵਿੱਚ ਨਿਪੁਣ ਨਹੀਂ ਗਿਣਿਆ ਜਾਂਦਾ ਤਦ ਤੋੜੀ ਉਸ ਦਾ ਕਿਤੇ ਮਾਨ ਨਹੀਂ ਹੈ, ਸਗੋਂ ਦਿਨ, ਦਿਨ ਪੜੋਸੀਆਂ ਤੋਂ ਤ੍ਰਿਸਕ੍ਰਿਤ ਹੋਵੇਗਾ।

ਜੇ ਆਪ ਦੀ ਇਸ ਚੇਤਾਵਨੀ ਤੋਂ ਮਾਲਵਾ ਨਿਵਾਸੀ ਹਿੰਮਤ ਕਰ ਕੇ ਆਪਣਾ ਸੁਧਾਰ ਕਰਨ ਲਈ ਕਟਿਬੱਧ ਹੋ ਗਏ ਤਾਂ ਦੇਖੋ ਕਿ ਥੋੜ੍ਹੇ ਸਮੇਂ ਵਿੱਚ ਹੀ ਦਸ਼ਾ ਬਦਲ ਜਾਵੇਗੀ।

ਆਪ ਦਾ ਪ੍ਰੇਮੀ

ਕਾਨ੍ਹ ਸਿੰਘ

ਭਾਵੇਂ ਗੁਰੂ ਕਾਸ਼ੀ ਕਾਲਜ ਲਈ ਉਸ ਵੇਲੇ ਕਿਸੇ ਸੰਸਥਾ ਵਲੋਂ ਕੋਈ ਸਹਾਇਤਾ ਨਹੀਂ ਮਿਲਦੀ ਸੀ ਪਰ ਫਿਰ ਵੀ ਪੰਡਤ ਜੀ ਇਹ ਸੰਸਥਾ ਅਤੇ ਗੁਰੂ ਕਾਸ਼ੀ ਪੱਤਰ ਔਖੇ ਸੌਖੇ ਹੋ ਕੇ ਚਲਾਉਂਦੇ ਰਹੇ। ਇਸ ਸਬੰਧ ਵਿਚ ਆਪ ਮਲਾਇਆ ਆਦਿ ਦੇਸ਼ਾਂ ਵਿਚ ਵੀ ਗਏ ਪਰ ਕੋਈ ਚੰਗਾ ਹੁੰਗਾਰਾ ਨਾ ਮਿਲਣ ਕਾਰਣ ਗੁਰਮਤਿ ਉਪਦੇਸ਼ਕ ਕਾਲਜ ਅਤੇ ਗੁਰੂ ਕਾਸ਼ੀ ਪੱਤਰ ਦੋਵੇ ਹੀ ਬੰਦ ਹੋ ਗਏ ਅਤੇ ਆਪ ਆਪਣੇ ਪਿੰਡ ਦਾਖਾ ਆ ਗਏ।

ਗੁਰੂਸਰ ਸੁਧਾਰ ਹਾਈ ਸਕੂਲ ਆਪ ਦੇ ਪਿੰਡ ਦਾਖਾ ਦੇ ਨੇੜੇ ਹੀ ਸੀ ਅਤੇ ਉਥੋਂ ਦੀ ਅਧਿਆਪਕ ਮੰਡਲੀ ਵਿਚ ਆਪ ਦੇ ਸ਼ਾਗਿਰਦਾਂ ਅਤੇ ਸ਼ਰਧਾਲੂਆਂ ਦਾ ਚੰਗਾ ਪ੍ਰਭਾਵ ਸੀ ਇਸ ਲਈ ਪੰਡਿਤ ਜੀ ਦੀ ਵਿਦਵਤਾ ਦਾ ਲਾਭ ਉਥੋਂ ਦੇ ਅਧਿਆਪਕ ਅਤੇ ਵਿਦਿਆਰਥੀ ਉਠਾਉਣ ਲਗੇ। 1952 ਈ: ਵਿਚ ਆਪ ਕੁਝ ਚਿਰ ਪਟਿਆਲੇ ਦੇ ਮਹਿਕਮਾ ਪੰਜਾਬੀ ਵਿਚ ਲੈਕਸੀਕੋਗਰਾਫਰ (ਸ਼ਬਦ ਕੋਸ਼ ਕਾਰੀ) ਵਜੋਂ ਵੀ ਕਾਰਜਸ਼ੀਲ ਰਹੇ, ਪਰ ਗ੍ਰੰਥ ਰਚਨਾ ਵਿੱਚ ਵਧੇਰੇ ਰੁਚੀ ਹੋਣ ਕਾਰਣ ਆਪ ਇਹ ਕਾਰਜ ਵਿਚੇ ਹੀ ਛੱਡ ਕੇ ਲਿਖਣ ਕਾਰਜ ਵਿਚ ਜੁਟ ਗਏ ਅਤੇ ਕਈ ਮਹੱਤਵਪੂਰਨ ਰਚਨਾਵਾਂ ਦਾ ਸਿੱਖ ਸਾਹਿਤ ਵਿਚ ਵਾਧਾ ਕੀਤਾ। ਪੰਡਤ ਜੀ ਨੇ ਆਪਣੇ ਜੀਵਨ ਕਾਲ ਵਿਚ 45 ਤੋਂ ਵਧੇਰੇ ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਵਿਚੋਂ ਛਪ ਕੇ ਪਾਠਕ ਵਰਗ ਦੇ ਹੱਥਾਂ ਵਿੱਚ ਪਹੁੰਚਣ ਅਤੇ ਲਾਭਕਾਰੀ ਸਿੱਧ ਹੋਣ ਵਾਲੀਆਂ ਜ਼ਰੂਰੀ ਪੁਸਤਕਾਂ ਹੇਠ ਲਿਖੇ ਅਨੁਸਾਰ ਹਨ :-

ਖੜਗ ਖਾਲਸਾ, ਨਿਆਂਇ ਪਰਿਭਾਸ਼ਾ, ਸਵੀਯੇ ਤੇ ਦਸ ਦੋਹਰੇ (ਸਟੀਕ), ਗੁਰੂ ਪਦਾਰਥ ਨਿਰਣਯ, ਗੁਰੂ ਕਾਵਯ ਦਰਸ਼ਨ, ਗੁਰੂ ਸ਼ਬਦ ਅਲੰਕਾਰ, ਭੂਮਿਕਾ ਮਾਲਵੇ ਦਾ ਇਤਿਹਾਸ, ਸ੍ਰੀ ਗੁਰੂ ਬਾਣੀ ਵਿਆਕਰਣ ਪੰਚਾਇਣ, ਗੁਰਮੁਖੀ ਤੇ ਹਿੰਦੀ ਦਾ ਟਾਕਰਾ ਆਦਿ।

Sri Satguru Jagjit Singh Ji eLibrary NamdhariElibrary@gmail.com

ਆਪ ਦੀਆਂ ਕਈ ਪੁਸਤਕਾਂ ਦੇ ਖਰੜੇ ਵੀ ਪ੍ਰਾਪਤ ਨਹੀਂ ਹੋ ਸਕੇ ਜਿਸ ਦੀ ਘਾਟ ਸਦਾ ਖਟਕਦੀ ਰਹੇਗੀ, ਪਰ ਜੇ ਉਨ੍ਹਾਂ ਵਿਚੋਂ ਕੋਈ ਪ੍ਰਾਪਤ ਹੋ ਗਏ ਤਾਂ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਜਾਵੇਗਾ । ਆਪ ਜੀ ਲਿਖਤ ਗੁਰੂ ਕਾਸ਼ੀ ਪੱਤਰ ਵਿੱਚ ਛਪੇ ਹੋਏ ਲੇਖ ਵਧੇਰੇ ਲਾਭਵੰਦੇ ਹਨ, ਉਨ੍ਹਾਂ ਲੇਖਾਂ ਵਿਚੋਂ ਇਕ-ਇਕ ਸਬੰਧਤ ਲੇਖ ਛਾਪੀਆਂ ਜਾ ਰਹੀਆਂ ਪੁਸਤਕਾਂ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ।

ਪੰਡਤ ਕਰਤਾਰ ਸਿੰਘ ਦਾਖਾ ਕਾਵਿ ਛੰਦਾਂ ਵਿੱਚ ਰਚਨਾ ਕਰਦੇ ਸਮੇਂ ਪੁਰਾਤਨ ਬ੍ਰਿਜ ਭਾਸ਼ਾ ਦੇ ਵਿਦਵਾਨਾਂ ਤੋਂ ਵੀ ਅਗੇ ਵਧ ਕੇ ਛੰਦਾਂ ਨੂੰ ਜਿਸ ਸਰਲਤਾ ਰਵਾਨੀ ਅਤੇ ਭਾਵ ਪੂਰਤ ਢੰਗ ਨਾਲ ਨਿਭਾਉਂਦੇ ਸਨ, ਉਹ ਆਪਣੀ ਮਿਸਾਲ ਆਪ ਹਨ :-

## ਮੇਰੀ ਅਭਿਲਾਸ਼ਾ

ਨਾਸ ਹੋਵੇ ਕਾਮ ਦਾ ਸੁ ਨਾਮ ਦਾ ਪ੍ਰਕਾਸ਼ ਹੋਵੇ ।
ਦੇਵ ਦਾਨੋ ਦੇਵਨ ਦੁਹਾਈ ਤੇਰੀ ਤਾਣ ਦੀ ।।
ਪਾਪ ਹਰੋ ਤਾਪ ਹਰੋ ਸੰਤਨ ਸੰਤਾਪ ਹਰੋ ।
ਘਰੋ ਘਰੀ ਚਰਚਾ ਚਲੀ ਹੀ ਰਹੇ ਦਾਨ ਦੀ ।।
ਧਾਮ ਧਾਮ ਦ੍ਵਾਰੇ ਦ੍ਵਾਰੇ ਦੇਸ਼ ਦੇਸ਼ ਦੀਪਨ ਮੇਂ ।
ਦੇਸ਼ ਦਗੇ ਦਾਦ ਦਗੇ ਦਾਇਮੀ ਦੀਵਾਨ ਦੀ ।।
ਰਾਕੀ ਰੂਪ ਕਲਗੀ ਕਮਾਨ ਦੀ ਕੇਹਰਿ ਕਵਿ ।
ਜੁਗੋ ਜੁਗ ਜੈਤ ਖੰਡੇ ਖੜਗ ਨਿਸ਼ਾਨ ਦੀ ।।

Sri Satguru Jagjit Singh Ji eLibrary NamdhariElibrary@gmail.com

# ਗੁਰੂ ਕਾਵਯ ਦਰਸ਼ਨ

ਗੁਰੂ ਕਾਵਯ ਦਰਸ਼ਨ ਵਿਚ ਪੰਡਿਤ ਕਰਤਾਰ ਸਿੰਘ ਦਾਖਾ ਸਾਹਿਤ, ਵਿਸ਼ੇਸ਼ ਰੂਪ ਵਿਚ ਛੰਦ ਬਦ ਕਵਿਤਾ ਦੇ ਲਛਣਾਂ ਦਾ ਵਿਸ਼ਲੇਸ਼ਣ ਕਰਦੇ ਹਨ । ਛੰਦ ਬਧ ਸਾਹਿਤ ਦੇ ਪ੍ਰਮੁੱਖ ਗੁਣ ਹਨ ਕਿ ਇਸ ਰਾਹੀਂ ਥੋੜ੍ਹੇ ਪਦਾਂ ਵਿਚ ਬਹੁਤਾ ਪ੍ਰਾਪਤ ਕੀਤਾ ਜਾ ਸਕਦਾ ਹੈ । ਕਵਿਤਾ ਸੁਣਨ ਵਾਲੇ ਨੂੰ ਪ੍ਰਭਾਵਿਤ ਕਰਨ ਦੀ ਸਮਰਥਾ ਰਖਦੀ ਹੈ ਕਿਉਂਕਿ ਸੁਆਦਲੀ ਹੁੰਦੀ ਹੈ । ਇਹ ਰਾਗਾਂ ਵਿਚ ਗਾਈ ਜਾ ਸਕਦੀ ਹੈ ਅਤੇ ਛੇਤੀ ਹੀ ਜ਼ਬਾਨੀ ਕੰਠ ਕੀਤੀ ਜਾ ਸਕਦੀ ਹੈ ।

ਛੰਦਬੰਧ ਸਾਹਿਤ ਨੂੰ ਸਮਝਣ ਲਈ ਮਾਤ੍ਰਾਂ ਅਤੇ ਵਰਣਾਂ ਦੀ ਭੇਦ ਸੰਖਿਆ ਰੂਪ, ਗਤੀ, ਵਿਸ੍ਰਾਮ, ਤੋਲ ਤੇ ਗੁਰ ਮੇਲਣ ਬਾਰੇ ਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ ਜੋ ਪਿੰਗਲ ਦੀ ਜਾਣਕਾਰੀ ਤੋਂ ਹੀ ਸੰਭਵ ਹੈ । ਕਈ ਪੁਰਾਤਨ ਵਿਦਵਾਨਾਂ ਦਾ ਮੱਤ ਹੈ ਕਿ ਪਿੰਗਲ ਸ਼ੇਸ ਨਾਗ ਦੀ ਰਚਨਾ ਹੈ । ਕਰਤਾਰ ਸਿੰਘ ਦਾਖਾ ਇਸ ਮੱਤ ਨਾਲ ਸਹਿਮਤ ਨਹੀਂ । ਆਪ ਨੂੰ ਸੰਸਕ੍ਰਿਤ ਅਤੇ ਬ੍ਰਿਜ਼ ਭਾਸ਼ਾ ਦੇ ਕਵੀਆਂ ਦੁਆਰਾ ਰਚੇ ਗਏ ਪਿੰਗਲਾਂ ਵਿਚ ਕਈ ਪ੍ਰਕਾਰ ਦੇ ਦੋਸ਼ ਨਜ਼ਰ ਆਉਂਦੇ ਹਨ । ਵਰਣਿਕ ਅਤੇ ਮਾਤ੍ਰਿਕ ਦੋਹਾਂ ਕਿਸਮਾਂ ਦੇ ਛੰਦਾਂ ਬਾਰੇ ਆਪ ਨੇ ਪਹਿਲੀਆਂ ਰਚਨਾਵਾਂ ਦ੍ਰਿਸ਼ਟੀ ਗੋਚਰ ਹੋਏ ਦੋਸ਼ਾਂ ਨੂੰ ਆਪਣੀ ਰਚੀ ਪੁਸਤਕ 'ਗੁਰੂ ਕਾਵਯ ਦਰਸ਼ਨ' ਰਾਹੀਂ ਦੂਰ ਕਰਨ ਦਾ ਯਤਨ ਕੀਤਾ ਹੈ ਅਤੇ ਆਪਣੇ ਮੱਤ ਦੀ ਪੁਸ਼ਟੀ ਲਈ ਬਹੁਤ ਸਾਰੇ ਉਦਾਹਰਣ ਵੀ ਦਿੱਤੇ ਹਨ ।

ਲੇਖਕ ਨੇ ਗਣਿਤਿਕ ਗਿਣਤੀ ਮਿਣਤੀ ਅਤੇ ਚਿਤਰਾਂ ਰਾਹੀਂ ਦਰਸਾਏ ਜਾਣ ਵਾਲੇ ਛੰਦ ਵਿਧਾਨ ਨੂੰ 'ਵਾਹ ਲਗਦੀ ਠੇਠ ਪੰਜਾਬੀ' ਬੋਲੀ ਰਾਹੀਂ ਦਰਸਾਉਣ ਦਾ ਯਤਨ ਕੀਤਾ ਹੈ । ਜਿੱਥੇ ਕਿਧਰੇ ਲੇਖਕ ਨੇ ਸਮਝਿਆ ਕਿ ਦਿੱਤੇ ਗਏ ਵਿਚਾਰ ਪੜ੍ਹੇ ਲਿਖੇ ਲੋਕਾਂ ਲਈ ਵੀ ਸਮਝਣੇ ਸੌਖੇ ਨਹੀਂ ਉਥੇ ਉਨ੍ਹਾਂ ਨੇ ਟਿੱਪਣੀਆਂ ਰਾਹੀਂ ਵਿਚਾਰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ । ਪ੍ਰਤਯਯ ਕਰਨ ਦੀ ਰੀਤੀ ਨੂੰ ਪਹਿਲਾਂ ਛੰਦ ਰਾਹੀਂ ਦੱਸਣ ਦਾ ਜਤਨ ਕੀਤਾ ਗਿਆ ਹੈ ਫਿਰ ਉਸ ਦੇ ਅਰਥ ਕਰਨ ਪਿਛੋਂ ਚਿਤਰ ਦੇ ਕੇ ਉਸ ਦਾ 'ਭਾਵ ਚੰਗੀ ਤਰ੍ਹਾਂ ਸਮਝਾਇਆ ਹੈ ।'

ਲੇਖਕ ਪੰਡਿਤ ਕਰਤਾਰ ਸਿੰਘ ਦਾਖਾ ਦੇ ਆਪਣੇ ਕਥਨ ਅਨੁਸਾਰ ਕਾਵਯ

Sri Satguru Jagjit Singh Ji eLibrary NamdhariElibrary@gmail.com

ਰਚਨਾ ਦਾ ਭਾਵੇਂ ਉਨ੍ਹਾਂ ਨੇ ਕਈ ਪ੍ਰਕਾਰ ਦਾ ਅਭਿਆਸ ਕੀਤਾ ਸੀ ਪਰ ਉਨ੍ਹਾਂ ਨੂੰ ਇਸ ਪੁਸਤਕ ਦੀ ਰਚਨਾ ਕਰਨ ਦੀ ਪ੍ਰੇਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਆਦਿ ਕਾਵਯ ਗੁਰ ਕੋਸ਼' ਤੋਂ ਹੀ ਪ੍ਰਾਪਤ ਹੋਈ ।

ਜਗਤ ਪ੍ਰਗਟ ਬਹੁ ਕਾਵਯ ਦਾ ਕੇਹਰਿ ਕਰ ਅਭਿਆਸ ।
ਆਦਿ ਕਾਵਯ ਗੁਰ ਕੋਸ਼ ਚੋ ਲੱਭਾ ਕਾਵਯ ਹੁਲਾਸ । (ਪੰਨਾ- ੮)

ਸਪੱਸ਼ਟ ਹੈ ਕਿ ਛੰਦ ਰਚਨਾ ਕਰਦੇ ਸਮੇਂ ਦਾਖਾ ਜੀ ਆਪਣੇ ਕਾਵਯ ਉਪਨਾਮ 'ਕੇਹਰਿ' ਦੀ ਵਰਤੋ ਕਰਦੇ ਹਨ । ਪੁਸਤਕ ਦੇ ਅਰੰਭ ਵਿਚ ਅੱਖਰਾਂ ਅਤੇ ਮਾਤਰਾਂ ਦੀ ਵਿਚਾਰ ਕੀਤੀ ਹੈ :

'ਬੋਲੀ ਦੀ ਉਹ ਟੂਕ ਜੋ ਕੱਲਾ ਹੋਇ ਆਖੰਡ ।
ਬੋਲਣ ਨੂੰ ਤੁੱਛ ਅਤਿ ਅੱਖਰ ਉਸ ਨੂੰ ਮੰਡ ।

ਅਰਥਾਤ ਬੋਲੀ ਦਾ ਉਹ ਟੁਕੜਾ ਜਿਹਦੇ ਨਾਲ ਕੁਝ ਨਾ ਲਗਾ ਹੋਵੇ ਤੇ ਘਟਾਇਆ ਨਾ ਘਟੇ ਅਤੇ ਜਿਸਦੇ ਉਚਾਰਨ ਨੂੰ ਭੀ ਥੋੜ੍ਹਾ ਹੀ ਚਿਰ ਲੱਗੇ, ਉਸਨੂੰ ਅੱਖਰ ਜਾਣੋ ।' ਇਸੇ ਤਰ੍ਹਾਂ ਮਾਤਰਾ ਬਾਰੇ ਆਪ ਦੀ ਦਿੱਤੀ ਪਰਿਭਾਸ਼ਾ ਇਸ ਪ੍ਰਕਾਰ ਹੈ :

ਅਤਿ ਸੂਖਮ ਸਾ ਚਿੰਨ੍ਹ ਜੋ ਅੱਖਰ ਦੇ ਸੰਗ ਹੋਇ ।
ਉਹਦਾ ਉਚਾਰਣ ਕਰੇ ਮਾਤ੍ਰਾ ਕਹੀਏ ਸੋਇ ॥ (ਪੰਨਾ ੧੦)

ਵੱਖ ਵੱਖ ਕਾਵਯ ਛੰਦਾ ਦਾ ਸਰੂਪ ਦਰਸਾਉਣ ਉਪਰੰਤ ਉਦਾਹਰਣ ਵਾਲਾ ਛੰਦ ਦੇ ਕੇ ਆਪ ਨੇ ਲਘੂ, ਗੁਰੂ ਆਦਿ ਮਾਤਰਾਂ ਦੀ ਗਿਣਤੀ ਦੇ ਚਾਰਟ ਆਦਿ ਦੇ ਕੇ ਛੰਦ ਦੀ ਬਣਤਰ ਬਾਰੇ ਸਮਝਾਉਣ ਦਾ ਉਪਰਾਲਾ ਕੀਤਾ ਹੈ । ਪਿੰਗਲ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਕਰਨ ਦਾ ਇਹ ਪੁਸਤਕ ਭਰੋਸੇਯੋਗ ਸਾਧਨ ਬਣੇਗੀ, ਇਸ ਵਿਸ਼ਵਾਸ਼ ਨਾਲ 'ਗੁਰੂ ਕਾਵਯ ਦਰਸ਼ਨ' ਸਾਹਿਤ ਰਸੀਆਂ ਦੀ ਭੇਟ ਹੈ ਤਾਂ ਜੋ ਪ੍ਰਾਚੀਨ ਕਾਵਯ ਗ੍ਰੰਥਾਂ ਅਤੇ ਗੁਰਬਾਣੀ ਵਿਚ ਵਰਤੇ ਗਏ ਛੰਦਾਂ ਨੂੰ ਪਿੰਗਲ ਦੀ ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਵੀ ਸਮਝਿਆ ਜਾ ਸਕੇ ।

27 ਜਨਵਰੀ 2000 ਗੁਰਦਿੱਤ ਸਿੰਘ ਗਿਆਨੀ

Sri Satguru Jagjit Singh Ji eLibrary NamdhariElibrary@gmail.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥

# *ਭੂਮਿਕਾ

ਜਾਨਣਾ ਚਾਹੀਏ ਕਿ ਕਿਸੇ ਵਸਤੂ ਦਾ ਯਥਾਰਥ ਗਯਾਨ ਤਦੋਂ ਤੱਕ ਨਹੀਂ ਹੋ ਸਕਦਾ ਜਦ ਤੱਕ ਕਿ ਉਸ ਵਿਚੋਂ ਸੰਸ਼ਯ ਅਤੇ ਵਿਪ੍ਰੀਤ ਬੁੱਧੀ ਦੂਰ ਨਾ ਹੋ ਜਾਵੇ, ਸੋ ਪ੍ਰਮਾਣਗਤ ਅਤੇ ਪ੍ਰਮੇਯ ਗਤ ਭੇਦ ਤੇ ਸੰਸ਼ਯ ਦੋ ਪ੍ਰਕਾਰ ਦਾ ਹੈ, ਜਿੱਥੇ ਇਹ ਸੰਦੇਹ ਹੋਵੇ ਕਿ ਫਲਾਨੀ ਪੁਸਤਕ ਵਿੱਚ ਅਕਾਲ ਪੁਰਖ ਦੀ ਉਪਾਸ਼ਨਾ ਦਾ ਵਿਧਾਨ ਹੈ ਅਥਵਾ ਵਿਸ਼ਨੂੰ ਆਦਿ ਅਪਰ ਬ੍ਰਹਮ ਦੀ ਉਪਾਸ਼ਨਾ ਦਾ ? ਇਸਨੂੰ ਪ੍ਰਮਾਣਗਤ ਸੰਸ਼ਯ ਕਿਹਾ ਜਾਵੇਗਾ, ਜਦ ਇਹ ਕਿਹਾ ਜਾਊ ਕਿ ਇਸ ਵਿੱਚ ਕੇਵਲ ਪਾਰਬ੍ਰਹਮ ਦੀ ਉਪਾਸ਼ਨਾ ਦਾ ਮੰਡਨ ਕਿਉਂ ਹੈ ? ਤਾਂ ਐਸੇ ਸੰਦੇਹ ਨੂੰ ਪ੍ਰਮੇਯ ਗਤ ਸੰਸ਼ਯ ਕਹਾਂਗੇ। ਇਸ ਤੋਂ ਸਿੱਧ ਹੋਇਆ ਕਿ ਪ੍ਰਮੇਯ ਸੰਸ਼ਯ ਨਾਲੋਂ ਪਰਮਾਣ ਸੰਸ਼ਯ ਦਾ ਕ੍ਰਮ ਪਹਿਲਾਂ ਹੈ। ਸੋ ਜਿਸ ਤਰ੍ਹਾਂ ਪ੍ਰਾਚੀਨ ਵਿਦ੍ਵਾਨਾਂ ਦ੍ਵਾਰਾ ਵੇਦ ਦੇ ਸਹੀ ਅਰਥ ਕਰਨ ਲਈ ਵਯਾਕਰਣ ਅਤੇ ਨਿਰੁਕਤਿ ਆਦਿ ਦੇ ਛੇ ਅੰਗ ਰਚੇ ਗਏ ਹਨ, ਉਸੇ ਤਰ੍ਹਾਂ ਸ਼ਬਦ ਪ੍ਰਮਾਣ ਰੂਪ ਗੁਰਬਾਣੀ ਤਥਾ ਪੰਜਾਬੀ ਬੋਲੀ ਵਿਚ ਪੈਦਾ ਹੋਏ ਸੰਦੇਹ ਨੂੰ ਨਿਵਿਰਤ ਕਰਨ ਵਾਸਤੇ ਹੋਰ ਅੰਗਾਂ ਤੋਂ ਬਿਨਾਂ ਕੋਸ਼, ਵਯਾਕਰਣ ਅਤੇ ਸਾਹਿਤਯ ਆਦਿ 'ਸ਼ਬਦ ਸ਼ਾਸਤਰ੍ਹਾਂ' ਦੀ ਅਤਯੰਤ ਹੀ ਲੋੜ ਹੈ, ਕਿਉਂਕਿ ਪਦਾਂ ਦੇ ਰੂਢ, ਯੋਗਿਕ ਅਤੇ ਯੋਗ ਰੂਢ ਹੋਣ ਦਾ ਗਿਆਨ ਅਤੇ ਉਹਨਾਂ ਦਾ ਅਰਥ ਕੋਸ਼ ਦ੍ਵਾਰਾ ਹੀ ਨਿਕਲਦਾ ਹੈ, ਵਯਾਕਰਣ ਦ੍ਵਾਰਾ ਪਦਾਂ ਦੀ ਜੜ੍ਹ, ਬਣਾਉਣ ਅਤੇ ਉਹਨਾਂ ਦੇ ਯਥਾਯੋਗਯ ਅਨ੍ਵਯ ਦਾ ਗਿਆਨ ਹੋ ਕੇ ਸ਼ੁੱਧ ਵਾਕਯ ਰਚਨਾ ਕੀਤੀ ਜਾਂਦੀ ਹੈ, ਬਾਣੀ ਦੀ ਸ਼ੁੱਧ ਅਤੇ ਸੁੰਦਰ ਵਯਵਸਥਾ ਲਗਾਉਣੀ ਸਾਹਿਤਯ ਦਾ ਹੀ ਪ੍ਰਯੋਜਨ ਹੈ। ਸੋ ਇਨ੍ਹਾਂ ਤਿੰਨਾਂ ਸ਼ਾਸ਼ਤਰ੍ਹਾਂ ਤੋਂ ਸੱਖਣਾ ਪੁਰਸ਼ ਗੁਰਬਾਣੀ ਦੇ ਸ਼ੁੱਧ (ਪੌਰਖੇਯ ਬੁੱਧੀ ਅਨੁਸਾਰ) ਅਰਥ ਅਤੇ ਪੰਜਾਬੀ ਬੋਲੀ ਦੇ ਸਥਾਈ, ਸੰਚਾਰੀ ਬਿਭਾਵ, ਅਨੁਭਾਵ ਅਤੇ ਹਾਵ ਭਾਵ ਜਾਨਣ ਦਾ ਕਦੇ ਭੀ ਸਾਹਸ ਨਹੀਂ ਰੱਖ ਸਕਦਾ।

ਏਥੇ ਹੋਰ ਸ਼ਾਸ਼ਤਰ੍ਹਾਂ ਨੂੰ ਛੱਡ ਕੇ ਕੇਵਲ 'ਸਾਹਿਤਯ' ਦਾ ਸੰਖੇਪ ਵਰਨਨ ਕੀਤਾ ਜਾਂਦਾ ਹੈ :-

---

* ਇਹ ਭੂਮਿਕਾ ਕੇਵਲ ਪਿੰਗਲ ਦੀ ਹੀ ਹੈ ਅਲੰਕਾਰ ਆਦੀ ਨੂੰ ਨਾਲ ਰਲਾ ਕੇ ਪੰਜਾਂ ਝਲਕਾਂ ਦੀ ਇਕੱਠੀ ਭੂਮਿਕਾ ਫੇਰ ਦਿੱਤੀ ਜਾਵੇਗੀ।

Sri Satguru Jagjit Singh Ji eLibrary NamdhariElibrary@gmail.com

'ਸਾਹਿਤਯ' ਸ਼ਬਦ 'ਤਧਿਤ' ਦ੍ਵਾਰਾ ਘੜਿਆ ਗਿਆ ਹੈ, ਏਸਦਾ ਅਰਥ (ਸਹਿਤ ਤੋਂ) ਸਹਿਤਤਾਈ ਹੈ, ਤਾਤਪ੍ਰਯ ਇਹ ਕਿ ਰਲੇ ਮਿਲੇ ਕਟਾਖਯਾਂ ਨੂੰ ਸਫੁੱਟ ਕਰਨਾਂ ਅਤੇ ਸਰਲ ਬਾਣੀ ਨੂੰ ਚਾਤੁਰੀ ਦ੍ਵਾਰਾ ਗੁੰਦਕੇ ਰਲਾ ਮਿਲਾ ਦੇਣਾ ਇਹਦਾ ਕੰਮ ਹੈ। ਸ਼ਕਤੀ, ਲੱਛਣਾਂ, ਵਯੰਜਨਾਂ ਆਦਿ ਬਿਰਤੀਆਂ ਅਲੰਕਾਰ ਧੁਨਿ ਆਦਿ ਚਮਤਕਾਰ, ਪ੍ਰੀਤੀ, ਹੰਸੀ ਆਦਿ ਭਾਵ, ਅਤੇ ਸ਼ਿੰਗਾਰ ਆਦਿ ਰਸ ਏਸ ਦੇ ਹੀ ਅਵਯਵ ਹਨ। ਭਾਵੇਂ ਇਹ ਵਾਰਤਕ ਅਤੇ ਛੰਦ ਬੰਦ ਦੋਹਾਂ ਤ੍ਰੀਕਿਆਂ ਵਿੱਚ ਰਚੀ ਜਾ ਸਕਦੀ ਹੈ ਪ੍ਰੰਤੂ ਵਾਰਤਕ ਨਾਲੋਂ 'ਛੰਦੋਬੰਦ ਸਾਹਿਤਯ' ਵਿੱਚ ਇਹ ਵਾਧੇ ਹਨ :-

(੧) ਥੋੜ੍ਹੇ ਪਦਾਂ ਵਿਚ ਬਹੁਤਾ ਤਾਤਪ੍ਰਯ ਆ ਜਾਣਾ।

(੨) ਸੁਆਦਿਲੀ ਹੋਣ ਕਰਕੇ ਉਸ ਵਿੱਚ ਸੁਣਨ ਵਾਲੇ ਦੀ ਪ੍ਰਵਿਰਤੀ ਛੇਤੀ ਹੋਣੀ।

(੩) ਰਾਗਾਂ ਵਿਚ ਗਾਇਆ ਜਾਣਾ।

(੪) ਜ਼ਬਾਨੀ ਕੰਠ ਕਰਨ ਲਈ ਸੌਖ ਹੋਣਾ।

ਸੋ ਮਾਤ੍ਰਾਂ ਅਤੇ ਵਰਣਾਂ ਦੀ ਭੇਦ ਸੰਖਿਆ ਰੂਪ, ਗਤੀ, ਵਿਸ਼੍ਰਾਮ, ਤੋਲ ਤੇ ਸੁਰ ਮੇਲਣ ਪੂਰਬਕ ਵਾਰਤਕ ਬਾਣੀ ਨੂੰ ਗੁੰਦਣਾ ਅਤੇ ਗੁੰਦੀ ਹੋਈ ਨੂੰ ਤੋਲਣ ਦੇ ਨਿਯਮ ਸਿਖਾਉਣੇ ਪਿੰਗਲ ਦਾ ਪ੍ਰਯੋਜਨ ਹੋਣ ਕਰਕੇ ਸਾਹਿਤਯ ਰਚਣ ਲਈ 'ਪਹਿਲਾਂ' ਏਸ (ਪਿੰਗਲ) ਦਾ ਗਿਆਨ ਅਵਸ਼ਯ ਹੋਣਾ ਲੋੜੀਏ।

ਸਾਡੇ ਦੇਸ਼ ਵਿਚ ਏਸ ਵਿਸ਼ਯ ਦੇ ਸਭ ਤੋਂ ਪਹਿਲੇ ਕਰਤਾ ਮਹਾਂਰਿਸ਼ੀ ਪਿੰਗਲਾਚਾਰਯ ਕਹੇ ਜਾਂਦੇ ਹਨ ਜਿਨ੍ਹਾਂ ਦਾ ਬਣਾਇਆ ਹੋਇਆ ਸੰਸਕ੍ਰਿਤ ਬੋਲੀ ਵਿੱਚ 'ਛੰਦ: ਸ਼ਾਸਤ੍ਰ" ਹੈ, ਮਗਰ ਓਹਨਾਂ ਦੇ ਨਾਉਂ ਉਤੇ ਏਸ ਸ਼ਾਸਤ੍ਰ ਦਾ ਨਾਉਂ ਭੀ "*ਪਿੰਗਲ" ਪੈ ਗਿਆ ਹੈ, ਉਸ ਤੋਂ ਪਿੱਛੋਂ ਅਗਸਤ ਮੁਨੀ ਆਦਿਕਾਂ ਨੇ ਭੀ ਇਸ ਵਿਸ਼ਯ ਉਤੇ ਕੁਛ ਗ੍ਰੰਥ ਲਿਖੇ, ਫੇਰ ਇਨ੍ਹਾਂ ਹੀ ਸੰਸਕ੍ਰਿਤ ਕਵੀਆਂ ਦਾ ਮਤ ਲੈ ਕੇ ਬ੍ਰਿਜਭਾਸ਼ਾ ਵਿੱਚ ਬਹੁਤ ਕਵੀਆਂ ਦ੍ਵਾਰਾ ਪਿੰਗਲ ਰਚੇ ਗਏ, ਥੋੜ੍ਹਿਆਂ ਨੂੰ ਛੱਡ ਕੇ ਬਾਕੀ ਓਹਨਾਂ ਸਭਨਾਂ ਵਿੱਚ ਬੋਲੀ ਦੇ ਔਖ ਬਿਨਾਂ ਹੋਰ ਵੀ ਹੇਠ ਲਿਖੇ ਹੋਏ ਦੋਸ਼ ਹਨ :-

(੧) ਮਾਤ੍ਰਕ ਛੰਦਾਂ ਨੂੰ ਵਰਣਕ ਅਤੇ ਵਰਣਕਾਂ ਨੂੰ ਮਾਤ੍ਰਕ ਬਣਾਉਣਾ।

(੨) ਵਰਣ, ਮਾਤ੍ਰਕ ਛੰਦਾਂ ਦੀ ਪਛਾਣ ਅਤੇ ਪ੍ਰਣਾਲੀ ਆਦਿ ਦੀ ਵੰਡ ਦੀ ਅਸ਼ੁੱਧੀ।

---

* ਬਹੁਤੇ ਕਵੀ ਪਿੰਗਲ ਨੂੰ ਸ਼ੇਸ ਨਾਗ ਦਾ ਬਣਾਇਆ ਹੋਇਆ ਸਮਝਦੇ ਹਨ, ਮਗਰ ਇਹ ਭੁੱਲ ਹੈ।

Sri Satguru Jagjit Singh Ji eLibrary NamdhariElibrary@gmail.com

(੩) ਛੰਦਾਂ ਦੇ ਲੱਛਣ ਮਾਤ੍ਰਕ ਅਤੇ ਵਰਣਕ * ਦੋਹਾਂ ਹੀ ਰੀਤੀਆਂ ਨਾਲ ਕਰਨੇ।

(੪) ਗਣਕ ਛੰਦਾਂ ਦੇ ਲੱਛਣ ਕਰਨ ਲਈ ਪਹਿਲਾਂ ਅੱਖਰਾਂ ਦਾ ਕ੍ਰਮ ਕਹਿ ਕੇ ਛੇਕੜ ਅਥਵਾ ਵਿਚਾਲੇ ਗੁਣਾਂ ਦਾ ਕ੍ਰਮ ਦੱਸਣਾ।

(੫) ਪ੍ਰਤਯਯਾਂ ਦੀ ਅਪੂਰਣਤਾ।

(੬) ਸਮਝੌਣ ਦਾ ਯਤਨ ਛੱਡ ਕੇ ਕੇਵਲ ਨੋਟ ਬੁੱਕਾਂ ਦੀ ਤਰ੍ਹਾਂ ਹੀ ਰਚਨਾ ਹੋਣੀ।

(੭) ਛੰਦਾਂ ਉਤੇ ਪ੍ਰਤਯਯਾਂ ਦੀ ਲਾਵਣਯਤਾ (ਵਰਤੋਂ) ਕਰਕੇ ਨਾ ਦਿਖਾਉਣੀ।

(੮) ਉਦਾਹਰਣ ਦੇ ਰੂਪ ਵਿੱਚ ਹੀ ਲੱਛਣ ਦਾ ਵਰਨਣ ਹੋਣ ਕਰਕੇ ਹੋਰ ਕੋਈ ਲਾਭਦਾਇਕ ਪਦਾਰਥ ਨ ਦੱਸਿਆ ਜਾਣਾ।

ਸੋ ਉਕਤ ਦੋਸ਼ਾਂ ਨੂੰ ਯਥਾ ਸ਼ਕਤੀ ਹਟੌਣਾ, ਪੰਜਾਬੀ ਵੀਰਾਂ ਨੂੰ ਕਾਵਯ (ਯਥਾਮਤਿ) ਸਿਖਾਉਣਾ, ਪੰਜਾਬੀ ਬੋਲੀ ਨੂੰ ਭੂਸ਼ਤ ਕਰਨਾ, ਸਤਿਗੁਰਾਂ ਦੇ ਗੁਣ ਗਾਉਣੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਲੌਕਿਕ ਬਾਣੀ ਦੇ 'ਸਾਹਿਤਯ' ਅੰਗ ਦੀਆਂ (ਅਲੰਕਾਰ ਆਦਿ) ਝਲਕਾਂ ਵਿੱਚ ਪ੍ਰਵੇਸ਼ ਕਰਾਉਣ ਆਦਿ ਪ੍ਰਯੋਜਨਾਂ ਨੂੰ ਲੈ ਕੇ 'ਗੁਰੂ ਕਾਵਯ ਦਰਸ਼ਨ' ਦੀ ਪਹਿਲੀ ਝਲਕ (ਪਿੰਗਲ) ਦਾ ਪ੍ਰਕਾਸ਼ ਕੀਤਾ ਜਾਂਦਾ ਹੈ।

ਇਹ ਪੁਸਤਕ ਗੁਰਬਾਣੀ ਦਾ ਅੰਗ ਹੋਣ ਕਰਕੇ ਏਹਦਾ ਅਤੇ ਗੁਰਬਾਣੀ ਦਾ ਅੰਗਾਂਗੀ ਭਾਵ ਸੰਬੰਧ ਹੈ। ਪੰਜਾਬੀ ਬੋਲੀ ਨੂੰ ਸਜਾਉਣ ਵਾਲਾ ਹੋਣ ਕਰਕੇ ਇਹਦਾ ਅਤੇ ਪੰਜਾਬੀ ਦਾ ਸੰਸਕਾਰਿਕ ਸੰਸਕ੍ਰਿਤ ਭਾਵ ਸੰਬੰਧ ਹੈ। ਕਵਿਤਾ ਸਿੱਖਣ ਦੇ ਅਭਿਲਾਖੀ ਅਤੇ ਪੰਜਾਬੀ ਅਰ ਸਤਿਗੁਰੂ ਜੀ ਦੀ ਮਹਿਮਾ ਦੀ ਬ੍ਰਿਧੀ ਦੇ ਚਾਹਵਾਨ ਸੱਜਣ ਇਹਦੇ ਅਧਿਕਾਰੀ ਹਨ **।

ਏਸ ਝਲਕ ਦੀ ਰਚਨਾ ਦੋ ਖੰਡਾਂ ਦੇ ਅੰਤਰ ਗਤ ੳ,ਅ ਆਦਿ ੫ ਦੇਸ਼ਾਂ ਵਿੱਚ ਹੈ, ਜਿਨ੍ਹਾਂ ਦੀ ਵਿਸ਼ਯ ਸੂਚੀ ਇਉਂ ਹੈ :-

---

* ਜਿਸ ਤਰ੍ਹਾਂ 'ਸਾਰੰਗੀ' ਛੰਦ ਵਿੱਚ ੧੫ ਦੀਰਘਾਂ ਦ੍ਵਾਰਾਂ ੩੦ ਮਾਤ੍ਰਾਂ ਭਾਵੇਂ ਹੁੰਦੀਆਂ ਹੀ ਹਨ, ਮਗਰ ਜੇਕਰ ਲੱਛਣ ਵਿੱਚ ੩੦ ਮਾਤ੍ਰਾਂ ਦਾ ਭੀ ਆਵੇਸ਼ ਕਰੀਏ ਤਾਂ ਲੱਛਣ ਅਸ਼ੁੱਧ ਹੋ ਜਾਵੇਗਾ, ਕਿਉਂਕਿ ਇਸ ਤਰ੍ਹਾਂ ੩੦ ਲਘੂ ਦਾ ਅਥਵਾ ੧੦ ਗੁਰੂ ਦਾ ੧੦ ਲਘੂ ਦਾ ਭੀ 'ਸਾਰੰਗੀ' ਬਣ ਜਾਵੇਗਾ ਜੋ ਕਿ ਅਸ਼ੁੱਧ ਹੈ, ਤਾਂ ਤੇ ੧੫ ਦੀਰਘ ਅਥਵਾ ੫ ਮਗਣ ਕਹਿ ਕੇ ਹੀ ਲੱਛਣ ਸ਼ੁੱਧ ਹੋਵੇਗਾ।

** ਇਹ ਅਨੁਬੰਧ ਗ੍ਰੰਥ ਦੇ ਆਦਿ ਵਿੱਚ ਭੀ ਆਉਣਗੇ, ਮਗਰ ਇੱਥੇ ਓਹਨਾਂ ਸੱਜਣਾਂ ਦੇ ਵਾਸਤੇ ਲਿਖੇ ਹਨ ਜਿਨ੍ਹਾਂ ਨੂੰ ਗ੍ਰੰਥ ਪੜ੍ਹਨ ਦਾ ਅਵਕਾਸ਼ ਨ ਹੋ ਕੇ ਭੂਮਿਕਾ ਦ੍ਵਾਰਾ ਹੀ ਕੰਮ ਸਾਰਨਾ ਪਵੇ।

Sri Satguru Jagjit Singh Ji eLibrary NamdhariElibrary@gmail.com

ਪਹਿਲੇ ਵਿੱਚ ਲਘੁ, ਦੀਰਘ ਅੱਖਰ ਅਤੇ ਗਣ, ਅਗਣ ਆਦਿ ਦਾ ਨਿਰਣਯ ਕੀਤਾ ਹੈ। ਦੂਜੇ ਵਿੱਚ ਪ੍ਰਸਤਾਰ ਆਦਿ ਸਭ ਮਾਤ੍ਰਕ ਪ੍ਰਤਜਯ, ਤੀਜੇ ਵਿੱਚ ਵਰਣਕ ਪ੍ਰਤਜਯ ਅਤੇ ਓਹਨਾਂ ਦੀ ਛੰਦਾਂ ਉਤੇ ਵਰਤੋਂ ਕਰਨੀ ਦੱਸੀ ਹੈ। ਚੌਥੇ ਵਿੱਚ ਮਾਤ੍ਰਕ ਸਮ, ਅਰਧ ਸਮ ਅਤੇ ਬਿਖਮ ਪ੍ਰਕਰਣ ਦੇ ਛੰਦਾਂ ਦੇ * ੨੮ ਉਦਾਹਰਣ (ਲੱਛਣਾਂ ਸਣੇ) ਦਿੱਤੇ ਹਨ। ਪੰਜਵੇਂ ਵਿਚ ਵਰਣਕ ਛੰਦਾਂ ਦੇ ਪ੍ਰਸਿੱਧ ਅਤੇ ਚਟਕ ੮੪ ਉਦਾਹਰਣ (ਲੱਛਣ ਸਣੇ) ਦਿੱਤੇ ਹਨ, ਅਤੇ ਅੰਤ ਵਿਚ ਕੁਝ ਸਾਮਾਨਜ ਸਿੱਖਿਆ ਭੀ ਦਿੱਤੀ ਹੈ। ਹੇਠ ਲਿਖੀਆਂ ਹੋਈਆਂ ਗੱਲਾਂ ਵਿਸ਼ੇਸ਼ ਜਾਨਣ ਯੋਗ ਹਨ : –

੧. ਪੁਸਤਕ ਦੀ ਬੋਲੀ ਵਾਹ ਲਗਦੀ ਠੇਠ ਪੰਜਾਬੀ ਰੱਖਣ ਦਾ ** ਯਤਨ ਕੀਤਾ ਗਿਆ ਹੈ।

੨. ਪ੍ਰਤਜਯ ਕਰਨ ਦੀ ਰੀਤੀ ਛੰਦ ਵਿੱਚ ਪਹਿਲਾਂ ਦੱਸਕੇ ਓਹਦਾ ਸੰਖੇਪ ਅਰਥ ਕਰਕੇ ਫੇਰ ਚਿੱਤ੍ਰ ਦਿਖਾ ਕੇ ਅਗੇ ਉਸਦਾ ਹੱਲ ਚੰਗੀ ਤਰ੍ਹਾਂ ਸਮਝਾਇਆ ਹੈ।

੩. ਪ੍ਰਤਜਯ ਕਰਨ ਵਿੱਚ ਔਣ ਵਾਲੀਆਂ ਔਕੜਾਂ ਨੂੰ ਸਾਫ਼ ਕਰ ਦਿੱਤਾ ਹੈ।

੪. ਕੁਝ ਲੌਕਿਕ ਅਤੇ ਅਲੌਕਿਕ ਛੰਦਾਂ ਦੇ ਨਸ਼ਟ, ਉਦਿਸ਼ਟ ਆਦਿ ਭੀ ਕਰਕੇ ਦਿਖਾਏ ਹਨ।

੫. ਕੁਝ ਮਾਤ੍ਰਕ ਛੰਦਾਂ ਦੇ ਰੂਪਾਂ ਦੀ ਸੰਖਿਆ ਭੀ ਲੱਛਣਾਂ ਤੋਂ ਪਹਿਲਾਂ ਲਿਖ ਦਿੱਤੀ ਹੈ।

੬. ਮਾਤ੍ਰਕ ਅਤੇ ਵਰਣਕ ਛੰਦਾਂ ਦੀ ਸਾਰ *** ਫਬਦੀ ਰੀਤੀ ਅਨੁਸਾਰ ਦੱਸੀ ਹੈ।

---

* ਪ੍ਰਸਤਾਰ ਦ੍ਵਾਰਾ ਅਣਗਿਣਤ ਹੀ ਛੰਦ ਬਣਾਏ ਜਾਂਦੇ ਹਨ, ਇਸ ਲਈ ਓਹਨਾਂ ਦੀ ਰੀਤੀ ਦੱਸ ਕੇ ਥੋੜ੍ਹੇ ਜਿਹੇ ਉਦਾਹਰਣ ਦਿੱਤੇ ਹਨ।

** ਕੁਝ ਪੰਜਾਬੀ ਪਦ ਤਾਂਅਜਿਹੇ ਹਨ ਜਿਨ੍ਹਾਂ ਨੂੰ ਪੰਜਾਬੀ ਆਦਮੀ (ਲਿਖੇ ਪੜ੍ਹੇ ਹੋਏ) ਛੇਤੀ ਨਹੀਂ ਸਮਝ ਸਕਦੇ ਜਿਸ ਲਈ ਉਹਨਾਂ ਉਤੇ ਟਿੱਪਣੀਆਂ ਦਿੱਤੀਆਂ ਹਨ। ਮਗਰ ਕੁਝ ਪਹਿਲੇ ਦੇ ਬਣੇ ਹੋਏ ਛੰਦਾਂ ਵਿਚ ਬ੍ਰਿਜ ਭਾਸ਼ਾ ਦੇ ਪਦ ਰਹੇ ਹੋਏ ਹਨ ਓਹਨਾਂ ਪਰ ਟਿੱਪਣੀਆਂ ਦੇਕੇ ਨਿਬਾਹਿਆ ਹੈ, ਸੱਜਣ ਖਿਮਾ ਕਰਨ।

*** ਮਾਤ੍ਰਾ ਅਤੇ ਵਰਣਾਂ ਦੀ ਪਰਸਪਰ ਵਜਾਪਤੀ ਹੈ ਅਰਥਾਤ ਜਿਥੇ ਵਰਣ ਹੈ ਓਥੇ ਮਾਤ੍ਰਾ ਜ਼ਰੂਰ ਹੈ ਅਤੇ ਜਿੱਥੇ ਮਾਤ੍ਰਾ ਹੈ ਓਥੇ ਵਰਣ ਭੀ ਹੈ। ਜੈਸੇ ੮ ਵਰਣ ਦਾ ਜੋ ਅੰਤਮ ਰੂਪ (ਸਰਬ ਲਘੂ ਦਾ) ਹੈ ਓਹੀ ੫ ਮਾਤ੍ਰਾਂ ਦਾ ਅੱਠਵਾਂ ਹੈ, ਮਗਰ ਜਿਸ ਛੰਦ ਵਿੱਚ ਮਾਤ੍ਰਾਂ ਦਾ ਧਿਆਨ ਛੱਡਕੇ ਵਰਣਾਂ ਦਾ ਇਕ ਸਾਰ ਨਿਯਮ ਹੋਵੇ ਓਹ ਵਰਣਕ ਅਤੇ ਜਿਸ ਵਿੱਚ ਵਰਣਾਂ ਦੀ ਲਾਘਵਤਾ ਤੇ ਦੀਰਘਤਾ ਦਾ ਧਿਆਨ ਛੱਡਕੇ ਮਾਤ੍ਰਕ ਨਿਯਮ ਹੋਣ ਓਹ ਮਾਤ੍ਰਕ ਹੈ।

Sri Satguru Jagjit Singh Ji eLibrary NamdhariElibrary@gmail.com

੭. ਗਣ ਛੰਦਾਂ ਦੇ ਲੱਛਣ, ਗਣ ਦਾ ਪੂਰਾ ਨਾਉਂ ਲੈ ਕੇ ਅਤੇ ਪਹਿਲਾਂ ਗਣਾਂ ਦਾ ਅਰ ਪਿੱਛੋਂ ਅੱਖਰਾਂ ਦਾ ਕ੍ਰਮ ਰੱਖ ਕੇ ਕੀਤੇ ਹਨ।

੮. ਗਣਕਾਂ ਦੇ ਲੱਛਣ ਕਰਨ ਤੋਂ ਅੱਗੋਂ ਗਣਾਂ ਦੇ ਰੂਪ (।।S ।।S) ਭੀ ਲਿਖ ਦਿੱਤੇ ਹਨ।

੯. ਪ੍ਰਸਤਾਰ ਦ੍ਵਾਰਾ ਕੁਝ ਛੰਦ ਨਵੇਂ ਭੀ ਬਣਾਏ ਹਨ।

੧੦. ਉਦਾਹਰਣਾਂ ਵਿੱਚੋਂ ਸੁਲੇਖ ਦ੍ਵਾਰਾ ਛੰਦ ਦਾ ਨਾਉਂ ਭੀ ਕੱਢਿਆ ਹੈ, ਤਾਂਕਿ ਬਿਨਾਂ ਲੱਛਣ ਯਾਦ ਕੀਤਿਆਂ ਉਦਾਹਰਣ ਤੋਂ ਹੀ ਛੰਦ ਦੇ ਨਾਮ ਦਾ ਪਤਾ ਲੱਗ ਜਾਵੇ।

੧੧. ਕਿਤਨਿਆਂ ਹੀ ਛੰਦਾਂ ਦੇ ਨਾਉਂ ਪੰਜਾਬੀ ਅਥਵਾ ਸੁੰਦਰ ਬਣੌਣ ਲਈ ਬੂਢ (ਸੰਕੇਤਕ) ਹੀ ਰੱਖ ਲਏ ਹਨ।

੧੨. ਛੰਦਾਂ ਦੇ ਲੱਛਣ ਪਹਿਲਾਂ ਹੋਰ ਛੰਦ ਵਿੱਚ ਕਰਕੇ ਓਹਨਾਂ ਦੀ ਵੰਨਗੀ ਅੱਡ ਦਿੱਤੀ ਹੈ, ਤਾਂ ਕਿ ਗੁਰ ਉਪਮਾ ਆਦਿ ਕੋਈ ਲਾਭ ਕਾਰੀ ਪਦਾਰਥ ਵਰਨਣ ਹੋ ਸਕੇ।

੧੩. ਕੁਝ ਪਦਾਰਥਾਂ ਦੇ ਲੱਛਣ ਵਾਰਤਕ ਭੀ ਕੀਤੇ ਹਨ।

੧੪. ਪ੍ਰਾਚੀਨ ਗ੍ਰੰਥਾਂ ਦੀ ਸਹਾਇਤਾ ਤੋਂ ਬਿਨਾਂ ਪ੍ਰਤਜਯਾਂ ਦੀਆਂ ਕੁਝ ਰੀਤੀਆਂ ਆਪਣੀ ਵਲੋਂ (ਨਵੀਆਂ) ਭੀ ਲਿਖੀਆਂ ਹਨ।

੧੫. ਛੰਦਾਂ ਵਿਚ 'ਰ' ਦੀ 'ੜ' ਨਾਲ, 'ਡ' ਦੀ 'ੜ' ਨਾਲ, 'ਬ' ਦੀ 'ਵ' ਨਾਲ ਅਤੇ 'ਨ' ਦੀ 'ਣ' ਨਾਲ ਸਵਰਣਤਾ ਭੀ ਮੰਨੀ ਗਈ ਹੈ।

੧੬. ਸਾਰੇ ਗ੍ਰੰਥ ਵਿੱਚ ਲੋੜ ਅਨੁਸਾਰ ਸੂਚਨਾ, ਤਿਲਕ ਅਤੇ ਟਿੱਪਣੀ ਭੀ ਵਰਤੀ ਹੈ।

੧੭. ਜੋ ਛੰਦ ਭਾਈ ਸੱਜਣ ਸਿੰਘ ਜੀ ਅਤੇ ਸੰਤ ਅਮਰਦਾਸ ਜੀ (ਰੁੜਕਾ) ਦੇ ਹਨ ਓਹਨਾਂ ਉਤੇ ਅਨਜੋਕਿਤ ਚਿੰਨ੍ਹ(" ") ਦਿੱਤੇ ਗਏ ਹਨ।

੧੮. ਜਿਨ੍ਹਾਂ ਜਿਨ੍ਹਾਂ ਮਹਾਤਮਾਂ ਨੇ ਏਸ ਪੁਸਤਕ ਉਤੇ ਪ੍ਰਸੰਸਾਂ ਪੱਤ੍ਰ ਲਿਖਣ ਦੀ ਕ੍ਰਿਪਾ ਕੀਤੀ ਹੈ ਤਿਨ੍ਹਾਂ ਕ੍ਰਿਪਾਲੂਆ ਦੀ ਲੇਖਣੀ ਦੀ ਨਕਲ ਨਾਲ ਹੀ ਲਗਾਈ ਗਈ ਹੈ।

Sri Satguru Jagjit Singh Ji eLibrary NamdhariElibrary@gmail.com

੧੯. ਪ੍ਰਤਜਯਾਂ ਦੇ ਵਧੀਕ ਪ੍ਰਕਾਰ * ਗੁੱਝ ਭੇਦ ਅਤੇ ਪਿੰਗਲ ਵਿਸ਼ਯ ਸੰਬੰਧੀ ਵਿਸ਼ੇਸ਼ ਸ਼ਾਸਤ੍ਰਾਰਥ ਦਾ ਨਿਰੂਪਣ ਵਿੱਦਯਾਰਥੀਆਂ ਦੀ ਔਖ ਨੂੰ ਅਨੁਭਵ ਕਰਕੇ ਹਾਲੇ ਨਹੀਂ ਕੀਤਾ ਗਿਆ, ਗੁਰੂ ਚਾਹੇ ਅਗਲੀ ਐਡੀਸ਼ਨ ਵਿੱਚ ਕੀਤਾ ਜਾਸੀ ।

ਅੰਤ ਵਿਚ ਸਮੂਹ ਸਹਾਇਕ ਸੱਜਣਾਂ ਦਾ ਅਤਯੰਤ ਹੀ ਧੰਨਵਾਦ ਕਰਦੇ ਹੋਇਆਂ ਸਰਬ ਹਿਤਕਾਰੀ ਵਿਦ੍ਵਾਨਾਂ ਦੇ ਚਰਣਾਂ ਵਿਖੇ ਪ੍ਰਾਰਥਨਾ ਹੈ ਕਿ ਜਿੱਥੇ ਇਸ ਪੁਸਤਕ ਵਿਚ ਤੋਟ ਅਥਵਾ ਅਸ਼ੁੱਧੀ ਰਹਿ ਗਈ ਹੋਵੇ ਕਿਰਪਾਲਤਾ ਦ੍ਵਾਰਾ ਸੂਚਤ ਕਰਨ ਦੀ ਖੇਚਲ ਕਰਨ, ਤਾਂਕਿ ਓਹ ਧੰਨਵਾਦ ਸਹਿਤ ਸ੍ਵੀਕਾਰ ਕੀਤੀ ਜਾਵੇ । ਜੇਕਰ ਪੰਜਾਬੀ ਕਾਵਯ ਦੇ ਵਿੱਦਯਾਰਥੀ ਇਸ ਪੁਸਤਕ ਤੋਂ ਲਾਭ ਉਠਾਕੇ ਅਗਲੀਆਂ ਝਲਕਾਂ ਵਿੱਚ ਵਰਨਣ ਹੋਣ ਵਾਲੀ ਪ੍ਰਮਾਣ ਸੰਸ਼ਯ ਦੀ ਪਹਾਰਿਕ 'ਸਾਹਿਤਯ' ਦੇ ਸਨਮੁਖ ਹੋ ਕੇ ਤਤ੍ਵ ਸਾਖਯਾਤ ਕਰਨ ਦੇ ਸਾਂਝੀ ਵਾਲ ਬਣੇ ਅਤੇ ਪੰਜਾਬੀ ਬੋਲੀ ਨੂੰ ਭੂਸ਼ਤ ਹੋਣ ਵਿੱਚ ਕੁਝ ਸਹਾਇਤਾ ਮਿਲੀ ਤਾਂ ਇਹ ਅਤੀ ਤੁੱਛ ਘਾਲ ਸਫਲਤਾ ਪ੍ਰਾਪਤ ਕਰ ਲਵੇਗੀ ।

੧ ਭਾਦ੍ਰੋਂ ਸੰ: ੪੪੪ ਖ਼ਾਲਸਾ ਜੀ ਦੀ ਕ੍ਰਿਪਾ ਦਾ ਪਾਤ੍ਰ ਕਰਤਾਰ ਸਿੰਘ

ਗੁਰੂ ਨਾਨਕ ਸ਼ਾਹੀ (ਦਾਖਾ)

ਜ਼ਿਲ੍ਹਾ ਲੁਧਿਆਣਾ

* ਪ੍ਰਤਜਯਾਂ ਦੇ ਮੂਲ, ਜੈਸੇ ਮਾਤ੍ਰਕ ਉਦਿਸ਼ਟ ਵਿੱਚ ਗੁਰੂਆਂ ਦੇ ਸਿਖਰਲੇ ਅੰਗ ਜੋੜ ਕੇ ਸੂਚੀ ਅੰਗ ਵਿੱਚੋਂ ਘਟਾਇਆ ਜਾਂਦਾ ਹੈ ਜੋ ਇਸਦਾ ਕਾਰਣ ਲੱਭਣਾ, ਸੋ ਉਦਿਸ੍ਟ ਦਾ ਗੁੱਝ ਭੇਦ ਹੈ ।

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਖੰਡ ਪਹਿਲਾ

## (ੳ) ਦੇਸ਼ । ਮੰਗਲ ।

### ਕਬਿੱਤ

ਸੂਰਜ ਪ੍ਰਕਾਸ਼ ਬਿਨ ਫੁੱਲ ਕੁਮਲਾਇ ਜਾਣ ਇਹ ਤਾਂ ਪ੍ਰਕਾਸ਼ ਰੂਪ ਆਪੇ ਹੀ ਪ੍ਰਸੰਨ ਹੈਂ ।
ਉਨ੍ਹਾਂ ਨੂੰ ਪਛਾਣ ਜੜ੍ਹ ਭੋਰ ਹੀ ਨਿਹਾਲ ਹੋਣ ਇਨ੍ਹਾਂ ਦੇ ਕਰਨ ਮੁਨਿ ਦੇਵ ਦਰਸ਼ਨ ਹੈਂ ।
ਉਨ੍ਹਾਂ ਵਡਿਆਯਾ ਕਵਿ ਲੋਕਾਂ ਕਾਵਯ ਰਚਨਾ 'ਚਿ ਘਰ ਘਰ ਏਨ੍ਹਾਂ ਲੋਕ ਕਹੇਂ ਧੰਨ ਧੰਨ ਹੈਂ ।
ੳਇ ਮਤਿ ਮੰਦ ਏ ਮੁਕੰਦ ਕਵਿ ਕੇਹਰਿ ਸੁ ਫੁੱਲਾਂ ਤੋਂ ਵਧੀਕ ਗੁਰੂ ਨਾਨਕ ਚਰਨ ਹੈਂ ॥ ੧ ॥

### ਦੋਹਿਰਾ

ਮਿਲਣ ਹੋਰਥੇ ਦੋ ਨਹੀਂ * ਕਰੀਏ ਲਾਖ ਪ੍ਰਬੰਧ ।
ਪਾਈਏ ਸਤਿਗੁਰ ਚਰਣ 'ਚੋਂ ਸੋਨਾ ਅਤੇ ਸੁਗੰਧ ॥ ੨ ॥

### [ਤ੍ਰੈਭੰਗੀ ਛੰਦ]

ਸੁਖ ਕੇ ਸਾਗਰ ਜਗਤ ਉਜਾਗਰ ਪਰਮ ਹਿਤਾਗਰ ਵਡ ਕਲਪ ਤਰੂ ।
ਨਿਰਗੁਣ ਰਾਤੇ ਸਹਿਜੇ ਮਾਤੇ ਗਯਾਨ ਪ੍ਰਦਾਤੇ ਜੈ ਜਗਦ ਗੁਰੂ ।
ਬੇਦੀ ਨਾਯਕ ਦੀਨ ਸਹਾਯਕ ਅਪਦਾ ਘਾਯਕ ਜਗ ਬੰਧ ਕਟੇ ।
ਸਦ ਜਨ ਸੰਗੀ ਦੁਖ ਤ੍ਰੈਭੰਘੀ ਦੇ ਗਤਿ ਕਵਿ ਚਿੰਤ ਮਿਟੇ ॥ ੩॥

### ਦੋਹਿਰਾ

ਕਾਮੀ ਪਯਾਰੀ ਕਾਮਣੀ ਕਾਮਣਿ ਪ੍ਰਿਯ ਸ੍ਰਿੰਗਾਰ ।
ਕਾਵਿ ਪਯਾਰੇ ਸ੍ਰਿੰਗਾਰ ਨੂੰ ਕਵਿ ਪ੍ਰਿਯ ਕਲਗੀਧਾਰ ॥ ੪ ॥

---

* ਇਹਦੀਆਂ ਅਤੇ 'ਪਾਈਏ' ਦੀਆਂ ੪ ਹੀ ਮਾਤ੍ਰਾਂ ਹਨ ।

Sri Satguru Jagjit Singh Ji eLibrary NamdhariElibrary@gmail.com

[ਜਹਾਨ ਪਾਲਿਕਾ ਛੰਦ]

ਮਹਾਂ ਮੁਬਾਰਿਕਾ ਕ੍ਰਿਪਾਣ ਧਾਰਿਕਾ । ਅਨੰਦ ਕਾਰਿਕਾ ਸਮੁੰਦ ਤਾਰਿਕਾ ।
ਕਰੋ ਸੁ ਘਾਲਿਕਾ ਬਨਾਇ ਬਾਲਿਕਾ ਸੁਪ੍ਰਾਣ ਮਾਲਿਕਾ ਜਹਾਨ ਪਾਲਿਕਾ ॥ ੫ ॥

ਕਬਿੱਤ

ਨ੍ਹਾਵਣੇ ਨੂੰ ਤੇਰੇ ਸੁਖ ਸਾਗਰ ਸਨਾਨ ਕਰਾਂ ਧੋਵਣਾ ਜੇ ਹੋਇ ਤੇਰੇ ਚਰਣ ਪਖਾਰਣੇ ।
ਦੇਖਣੇ ਨੂੰ ਦਿਸੇ ਵਾਹੁ ਵਾਹੁ ਹੀ ਸ੍ਰਰੂਪ ਤੇਰਾ ਜਾਵਣਾ ਜੇ ਪਵੇ ਤਦੋ ਜਾਊਂ ਬਲਿਹਾਰਣੇ ।
ਕਰਨੇ ਨੂੰ ਕਰਾਂ ਸੁ ਵਿਸਾਹੁ ਦਸਮੇਸ਼ ਤੇਰਾ ਲੱਗਣੇ ਨੂੰ ਲੱਗਾਂ ਯਸ਼ ਤੇਰਾ ਵਿਸਤਾਰਣੇ ।
ਸੁਣਨੇ ਨੂੰ ਤੇਰੇ ਹੀ ਹੁਕਮ ਕਵਿ 'ਕੇਹਰਿ' ਸੁ ਬੋਲਣਾ ਜੇ ਕਦੇ ਉਪਕਾਰ ਹੀ ਉਚਾਰਣੇ ॥ ੬ ॥

ਸ੍ਰੀ ਗੁਰ ਨਾਨਕ ਆਦਿ ਲੈ ਦਸੇ ਗੁਰੂ ਚਿਤ ਧਜਾਇ ॥
'ਗੁਰੂ ਕਾਵਯ ਦਰਸ਼ਨ' ਕਰਾਂ 'ਕੇਹਰਿ' ਕਰਨ ਸਹਾਇ ॥ ੭ ॥

[ਕਾਵ੍ਯ ਕਾਰਣ] ਦੋਹਿਰਾ

ਜਗਤ ਪ੍ਰਗਟ ਬਹੁ ਕਾਵ੍ਯ ਦਾ ਕੇਹਰਿ ਕਰ ਅਭਿਆਸ ।
* ਆਦਿ ਕਾਵ੍ਯ ਗੁਰਿ ਕੋਸ਼ 'ਚੋਂ ਲੱਭਾ ਕਾਵ੍ਯ ਹੁਲਾਸ ॥ ੮ ॥

[ਕਾਵ੍ਯ ਪ੍ਰਯੋਜਨ, ਯਥਾ ਦੁਮਲਾ] ਸਵੈਯਾ

ਲਖ ਲੋਕਨ ਕੀ ਬ੍ਰਿਜ ਬਾਣਿ ਰੁਚੀ ** ਬ੍ਰਿੱਧ ਮਾਤ ਪ੍ਰਤਾਪ ਬਧਾਵਣ ਨੂੰ ।
ਨਹਿ ਕਾਵ੍ਯ ਉਚਾਰਣ ਦੀ ਸ਼ਕਤੀ ਉਸ ਪਾਵਨ ਚਿੰਤ ਮਿਟਾਵਣ ਨੂੰ ।
ਅਰੁ ਸ੍ਰੀ ਗੁਰ ਨਾਨਕ ਆਦਿ ਗੁਬਿੰਦ ਮ੍ਰਿਗਿੰਦ ਗੁਰੂ ਗੁਣ ਗਾਵਣ ਨੂੰ ।
ਇਨ ਕਾਰਣ ਤੇ ਕੁਛ ਕਾਵ੍ਯ ਕਹਾਂ ਕਲਿ ਕਾਲ ਕਿਰਾਲ ਕਟਾਵਣ ਨੂੰ ॥ ੯ ॥

[ਫੇਰ ਏਹੀ ਕ੍ਰੀਟ ਸਵੈਯਾ]

ਏਕਨ ਕੇ ਚਿਤ ਲੋਭ ਜਗੇ ਅਰੁ ਏਕ ਕਵੀ ਯਸ ਤੇਜ ਗ੍ਰਾਹਕ ।
ਏਕ ਕਵੀ ਗੁਰਮੱਤ ਪ੍ਰਚਾਰਕ ਲੇਖ ਲਿਖੇਂ ਜੁ ਸਰਾਹਣ ਲਾਯਕ ।
ਏਕ ਕਵੀ ਸ਼੍ਰਨ ਕਾਵ੍ਯ ਸਿਖਾਵਨ ਭੇਦ ਕਹੈਂ ਇਕ ਨਾਯਕਾ ਨਾਯਕ ।

---

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ** ਪੰਜਾਬੀ ਬੋਲੀ ।

Sri Satguru Jagjit Singh Ji eLibrary NamdhariElibrary@gmail.com

ਗਾਵਹੁੰ ਮੈਂ ਗੁਰ ਕੇ ਗੁਣ ਕੇਹਰਿ ਤਾਰਣ ਨੂੰ ਜੱਗ ਹੋਣ ਸਹਾਯਕ ॥ ੧੦ ॥

[ਵਿਸ਼ਯ ਵਰਨਨ] ਦੋਹਿਰਾ

[1] ਮਾਤ੍ਰਕ ਵਰਣਕ ਛੰਦ ਗੁਰ ਵਯਾਕਰਣ ਦਾ ਸਾਰ ।
ਅਲੰਕਾਰ ਰਸ ਲੱਛਣਾ ਧੁਨੀ [2] ਆਦਿ ਵਿਸਤਾਰ ॥ ੧੧ ॥

[ਅਧਿਕਾਰੀ ਤੇ ਸੰਬੰਧ] ਦੋਹਿਰਾ

ਮਾਤ ਪੰਜਾਬੀ ਯਸ ਗੁਰੂ ਚਾਹੁਣ ਕਰਣ ਬਿਸਥਾਰ ।
ਗਹਿਣਾ ਕੰਠ ਸਜਾਇਕੇ ਸੋਹਣ ਕਵਿ ਪਰਵਾਰ ॥ ੧੨ ॥

[ਭਾਸ਼ਾ ਵਰਨਣ] ਦੋਹਿਰਾ

ਬ੍ਰਿਜ ਭਾਸ਼ਾ ਦੇ ਬਹੁਤ ਹੀ ਹੋਏ ਕਵੀ ਉਦਾਰ ।
ਤਾਂ ਭੀ ਮਿਸ਼੍ਰਤ ਕਾਵਯ ਸੋ ਉਹ ਜੋ ਰਹੇ ਉਚਾਰ ॥ ੧੩ ॥

ਯਥਾ ਦੋਹਿਰਾ

ਸੰਸਕ੍ਰਿਤ [3] ਪ੍ਰਕ੍ਰਤ ਪਾਰਸੀ ਅਮਰ ਮਾਘਦੀ ਚਾਰ ।
ਨਾਗ ਯਮਨ ਅਰੁ ਦੱਖਣੀ ਮ੍ਰਹਟੀ ਬਿਰਜ ਵਿਚਾਰ ॥ ੪ ॥

ਫੇਰ ਦੋਹਿਰਾ

ਮੈਂ ਭੀ ਭਾਵੇਂ ਹੰਢਿਆ ਇਹਦੇ [4] ਵਿਚ ਅਥਾਹੁ ।
ਪਰ ਪੰਜਾਬੀ ਆਖਦਾ ਜਿਤਨੀ ਮੇਰੀ ਵਾਹੁ ॥ ੧ ੫ ॥

---

1 ਇਸ ਦੋਹੇ ਵਿਚ ਗ੍ਰੰਥ ਦੀਆਂ ਸਭ ਝਲਕਾਂ ਦਾ ਵਿਸ਼ਯ ਦੱਸਿਆ ਹੈ, ਮਗਰ ਇਸ ਝਲਕ ਵਿਚ ਮਾਤ੍ਰਕ, ਵਰਣਕ ਪ੍ਰਤਯਯ ਅਤੇ ਛੰਦ ਹੀ ਸਮਝਣੇ ।

2 ਨਯਾਇ ਆਦਿ ਦੇ ਸਹਾਇਕ ਪਦਾਰਥ ।

3 ਸੂਰਸੈਨੀ, ਅਰਧ ਮਾਗਧੀ, ਪ੍ਰਾਚੀ, ਆਵੰਤੀ, ਬਾਲੀਕੀ ਆਦਿਕ ।

4 ਬ੍ਰਿਜ ਭਾਸ਼ਾ ਵਿਚ ।

Sri Satguru Jagjit Singh Ji eLibrary NamdhariElibrary@gmail.com

[ਪੰਜਾਬੀ ਲੱਛਣ] ਦੋਹਿਰਾ

ਨਵੀਂ, ਪੁਰਾਣੀ ਵਿਚ ਰਲੇ, ਯਵਨੀ ਆਦਿ ਸੁਖੈਣ ।
'ਕੇਹਰਿ' ਜੋ ਗੁਰੂ ਗ੍ਰੰਥ ਵਿਚ ਸੋ ਪੰਜਾਬੀ ਬੈਣ ॥ ੧੬ ॥

ਫੇਰ ਦੋਹਿਰਾ

ਗੱਦਜ ਬਿਨਾ ਸਭ ਛੰਦ ਨੂੰ ਸਮਝਣ ਨਾ ਅਣਜਾਣ ।
ਤਾਹੀ ਪਦ ਅਰੁ ਗੱਦਜ ਕਰ ਦੋਵੇਂ ਕਰਾਂ ਬਖਾਣ ॥ ੧੭ ॥

[ਵਿਨਯ] ਦੋਹਿਰਾ

ਕਵਿ ਜਨ ਆਸ਼ਾ ਸਮਝੀਏ, ਦੂਸ਼ਨ ਨਾ ਕਵਿ ਭੂਪ ।
ਗੁਰ ਉਪਮਾ ਮਯ ਜਾਨਯੇ ਦੂਸ਼ਨ ਭੂਸ਼ਣ ਰੂਪ ॥ ੧੮ ॥

ਗੱਦਯ – ਅਸੀਂ ਮਨ ਦੇ ਸੰਕਲਪ (ਆਪੋ ਵਿਚੀ) ਦੋ ਤਰ੍ਹਾਂ ਪ੍ਰਗਟ ਕਰ ਸਕਦੇ ਹਾਂ, ਇਕ ਬੋਲਣ ਕਰਕੇ ਦੂਜੇ ਲਿਖਣ ਕਰਕੇ । ਪਹਿਲੇ ਬੋਲਣ ਦੀ ਬੋਲੀ ਸੀ, ਉਸ ਤੋਂ ਪਿੱਛੋਂ ਲਿਖਣ ਦੀ ਬੋਲੀ ਬਣੀ, ਫੇਰ ਦੋਵੇਂ ਹੀ ਗੱਦਜ ਅਤੇ ਪੱਦਜ ਦੋ ਦੋ ਪ੍ਰਕਾਰ ਦੀਆਂ ਹੋਈਆਂ । ਬੋਲੀ (ਬੋਲਣ ਅਤੇ ਲਿਖਣ) ਦੀ ਜੜ੍ਹ ਅੱਖਰ ਹੈ, ਅੱਖਰਾਂ ਦੇ ਨਾਲ ਮਾਤਰਾਂ ਰਲਕੇ ਸ਼ਬਦ ਬਣੇ, ਸ਼ਬਦਾਂ ਥੀਂ ਪਦ, ਫੇਰ ਵਾਕਜ ਬਣੇ । ਸੋ ਪਹਿਲੇ ਸਾਨੂੰ ਅੱਖਰਾਂ ਅਤੇ ਮਾਤਰਾਂ ਦੀ ਵਿਚਾਰ ਕਰਨੀ ਚਾਹੀਦੀ ਹੈ, ਜਿਨ੍ਹਾਂ ਤੋਂ ਪਦ, ਅਤੇ ਵਾਕਜ ਬਣਕੇ ਬਾਣੀ ਬਣੀ । ਸੋ 'ਅੱਖਰ' ਦਾ ਲੱਛਣ ਇਉਂ ਹੈ :-

ਦੋਹਿਰਾ

ਬੋਲੀ ਦਾ ਉਹ ਟੂਕ ਜੋ ਕੱਲਾ ਹੋਇ ਅਖੰਡ ।
ਬੋਲਣ ਨੂੰ ਭੀ ਤੁੱਛ ਅਤਿ ਅੱਖਰ ਉਸਨੂੰ ਮੰਡ ॥ ੧੯ ॥

ਅਰਥਾਤ ਬੋਲੀ ਦਾ ਓਹ ਟੁਕੜਾ ਜਿਹਦੇ ਨਾਲ ਕੁਝ ਨਾ ਲੱਗਾ ਹੋਵੇ ਤੇ ਘਟਾਇਆਂ ਨਾ ਘਟੇ ਅਤੇ ਜਿਹਦੇ ਉਚਾਰਨ ਨੂੰ ਭੀ ਥੋੜ੍ਹਾ ਹੀ ਚਿਰ ਲੱਗੇ, ਉਸ ਨੂੰ ਅੱਖਰ ਜਾਣੋਂ ।

[ਵਯਾਕਰਣ ਰੀਤੀ ਤੋਂ ਮਾਤ੍ਰਾ ਲੱਛਣ] ਦੋਹਿਰਾ

ਅਤਿ ਸੂਖਮ ਸਾ ਚਿੰਨ੍ਹ ਜੋ ਅੱਖਰ ਦੇ ਸੰਗ ਹੋਇ ।
ਉਹਦਾ ਉਚਾਰਣ ਕਰੇ ਮਾਤ੍ਰਾ ਕਹੀਏ ਸੋਇ ॥ ੨੦ ॥

Sri Satguru Jagjit Singh Ji eLibrary NamdhariElibrary@gmail.com

[ਪਿੰਗਲ ਰੀਤੀ ਤੋਂ] ਦੋਹਿਰਾ

ਅੱਖਰ ਹੇਤ ਉਚਾਰਣੇ ਜਿਤਨਾ ਕਾਲ ਬਿਤਾਇ ।
ਮਾਤ੍ਰਾ ਉਹਨੂੰ ਆਖਦੇ ਪਿੰਗਲ ਵਿਚ ਕਵਿਰਾਇ ॥ ੨੧ ॥

ਅਰਥਾਤ ਅੱਖਰ ਨੂੰ ਕਹਿੰਦਿਆਂ ਜਿਤਨਾ ਚਿਰ ਲੱਗੇ ਉਹਨੂੰ (ਪਿੰਗਲ ਵਿਚ) ਮਾਤ੍ਰਾ ਕਹਿੰਦੇ ਹਨ ।

[ਅੱਖਰ ਨਿਰਣਯ]

ਉਂਵ ਤਾਂ ਪੰਜਾਬੀ ਵਯਾਕਰਣ ਵਿਚ ਅੱਖਰਾਂ ਦੇ (ਅਨੁਨਾਸਕ ਆਦਿਕ) ਬਹੁਤ ਭੇਦ ਹਨ, ਪ੍ਰੰਤੂ ਉਨ੍ਹਾਂ ਦੇ ਨਾਮ ਆਦਿ ਦੱਸਣ ਦੀ ਏਥੇ ਕੋਈ ਲੋੜ ਨਹੀਂ, ਇਸ ਲਈ ਮਾਤ੍ਰਾ ਸਹਿਤ ਜੋ ਅੱਖਰ * 'ਲਘੁ' 'ਦੀਰਘ' ਦੋ ਪ੍ਰਾਕਰ ਦੇ ਬਣ ਜਾਂਦੇ ਹਨ, ਉਹਨਾਂ ਦਾ ਨਿਰੂਪਣ ਕਰਦੇ ਹਾਂ ।

[ਲਘੁ ਲੱਛਣ] ਦੋਹਰਾ

ਮੁਕਤਾ ਔਂਕੁੜ ਜਾਨੀਏ ਹੋਰ ਸਿਹਾਰੀ ਲੇਖ ।
ਜੋ ਅੱਖਰ ਇਨ ਸਹਿਤ ਹੋ ਤਿੰਨੇ ਲਘ ਬਿਸੇਖ ॥ ੨੨ ॥

ਅਰਥਾਤ ਜੇੜ੍ਹਾ ਅੱਖਰ ਮੁਕਤਾ ਹੋਵੇ ਯਾ ਜਿਸ ਨੂੰ ਔਂਕੜ ਜਾਂ ਸਿਹਾਰੀ ਲੱਗੇ ਉਸ ਨੂੰ ਲਘੁ ਜਾਣੋਂ ।

[ਦੀਰਘ ਲੱਛਣ] ਦੋਹਰਾ

ਆ, ਈ, ਊ, ਏ, ਅਧਕ, ਓ, ਐ, ਔ, ਅੰ, ਆਂ, ਜਾਨ ।
ਦਸੇ ਲਗਾਂ ਜਿਨ ਅੱਖਰੀਂ ਉਹਨਾਂ ਦੀਰਘ ਮਾਨ ॥ ੨੩ ॥

[ਨਿਯਮ ਉਲੰਘਣ] ਦੋਹਿਰਾ

ਲਘੁ ਦੀਰਘ ਦੀਰਘ ਲਘੁ, ਕਵਿ ਚਾਹੇ ਹੋ ਜਾਇ ।
ਐਸੀ ਸਾਂਝੀ ਰੀਤ ਮੇਂ ਕੇਹਰਿ' ਨਿਯਮ ਨ ਕਾਇ ॥ ੨੪ ॥

---

* ਕਈ ਗ੍ਰੰਥਕਾਰਾਂ ਨੇ ਮਾਤ੍ਰਾਂ ਨੂੰ ਹੀ ਲਘੁ ਅਤੇ ਦੀਰਘ ਆਖਿਆ ਹੈ, ਪ੍ਰੰਤੂ ਮਾਤ੍ਰਾਂ ਤਾਂ ਵਯਾਕਰਣ ਰੀਤੀ ਨਾਲ ਅੱਖਰ ਦੇ ਨਾਲ ਲੌਣ ਵਾਲਾ ਚਿੰਨ੍ਹ ਹੈ ਅਤੇ ਪਿੰਗਲ ਰੀਤੀ ਅਨੁਸਾਰ ਕਾਲ (ਸਮਯ) ਦਾ ਮਾਪ ਹੈ । ਲਘੁ, ਦੀਰਘ ਤਾਂ ਅਸਲ ਵਿਚ ਅੱਖਰਾਂ ਨੂੰ ਹੀ ਕਹਿਣਾ ਬਣਦਾ ਹੈ, ਤਾਂ ਭੀ ਮਾਤ੍ਰਾਂ ਨੂੰ ਲਘੁ, ਦੀਰਘ ਕਹਿਣ ਦਾ ਵਰਤਾਰਾ ਪੈ ਜਾਣ ਕਰਕੇ ਇਸ ਗ੍ਰੰਥ ਵਿਚ ਭੀ ਕਿਤੇ ਕਿਤੇ ਐਸਾ ਹੋ ਗਿਆ ਹੈ ।

Sri Satguru Jagjit Singh Ji eLibrary NamdhariElibrary@gmail.com

ਅਰਥਾਤ ਇਸ ਰਲੀ ਮਿਲੀ ਗੱਲ ਵਿਚ ਕੋਈ ਅਟੱਲ ਨਿਯਮ ਨਹੀਂ ਕਹਿ ਸਕਦਾ, ਕਵੀ ਇੱਛਾ ਨਾਲ ਯੋਗ ਸਥਾਨਾਂ ਉਤੇ ਲਘੁ ਦਾ ਦੀਰਘ, ਦੀਰਘ ਦਾ ਲਘੁ ਪੜ੍ਹਿਆ ਅਥਵਾ ਕੀਤਾ ਜਾਂਦਾ ਹੈ।

[ਯਥਾ ਬੰਨਗੀ]

(੧) ਇਨਹੀ ਕੇ ਪ੍ਰਸਾਦਿ ਸੁ 'ਵਿਦਜਾ ਲਈ' ਵਿਚ 'ਵਿਦਜਾ' ਦਾ 'ਵਿ' ਲਘੁ ਹੈ, ਪ੍ਰੰਤੂ 'ਦਜ਼ਾ' * ਦੁਤ ਦੇ ਆਦਿ ਹੋਣ ਕਰਕੇ ਦੀਰਘ ਪੜ੍ਹਿਆ ਗਿਆ ਹੈ।

(੨) ਕਿਤੇ ਇਹ ਨਿਯਮ ਫੇਰ ਉਲੰਘਿਆ ਜਾਂਦਾ ਹੈ, ਜੈਸੇ 'ਨਾਮ ਜਪੇ ਤਿਨ ਲੋਕ ਉਜਜਾਰਾ' ਵਿਚ 'ਉ' ਦੁਤ ਦੇ ਆਦਿ ਹੋਣ ਪਰ ਭੀ ਲਘੁ ਹੀ ਰਿਹਾ।

(੩) ਕਿਤੇ ਪਦ ਦੀ ਬਣਤ ਬਣਾਉਣ ਲਈ ਲਘੁ ਦਾ ਦੀਰਘ ਕਰ ਲਿਆ ਜਾਂਦਾ ਹੈ, ਜੈਸੇ ਚੌਪਈ 'ਕੇਤੇ ਬ੍ਰਹਮਾ ਵਿਸ਼ਨ ਮਹੇਸ਼ਾ। ਕੇਤੇ ਹੀ ਰਵਿ ਚੰਦ ਧਨੇਸ਼ਾ' ਵਿਚ ਮਹੇਸ਼ ਦੇ 'ਸ਼' ਦਾ 'ਸ਼ਾ' ਅਤੇ ਧਨੇਸ਼ ਦੇ 'ਸ਼' ਦਾ 'ਸ਼ਾ' ਕੀਤਾ ਗਿਆ।

(੪) ਕਿਤੇ ਛੰਦ ਦੇ ਅੰਤ ਵਿਚ ਲਘੁ ਹੁੰਦੇ-ਸੁੰਦਿਆਂ ਉਸ ਦਾ ਦੀਰਘ ਅਤੇ ਦੀਰਘ ਹੁੰਦੇ ਸੁੰਦਿਆ ਓਹਦਾ ਲਘੁ ਪੜ੍ਹਿਆ ਜਾਂਦਾ ਹੈ। ਜੇਸੇ – ਅਰਧ ਨਿਰਾਜ ਛੰਦ "ਚਲੀ ਸਭੇ ਅਚਿੱਤਹਿ। ਮਿਲੀ ਜੁ ਜਾਇ ਮਿੱਤਹਿ।" (ਛੰਦ ਰਤਨਾਵਲੀ) ਇਹਦੇ ਵਿਚ 'ਅਚਿੱਤਹਿ' ਅਤੇ 'ਅਮਿੱਤਹਿ' ਵਿਚ ਅੰਤ ਦੇ ਦੋਵੇਂ 'ਹਿ' 'ਹੀ' ਕਰਕੇ ਪੜ੍ਹੇ ਗਏ ਹਨ ਅਤੇ "ਭੇਦ ਕਹੋਂ ਇਕ ਨਾਯਕਾ ਨਾਯਕ' (ਦੇਖੋ ਕਾਵਜ਼ ਪ੍ਰਯੋਜਨ) ਵਿਚ ਨਾਯਕਾ ਦੇ 'ਕਾ' ਨੂੰ 'ਕ' ਪੜ੍ਹਿਆ ਗਿਆ ਹੈ।

(੫) ਕਿਤੇ ਟਿੱਪੀ ਵਾਲੇ ਅੱਖਰ ਦੀ ਟਿੱਪੀ ਜਦ * ਇਸ ਰੂਪ ਅਰਥਾਤ ਅੱਧ ਚੰਦ ਰੇਖਾ ਵਿੱਚ ਹੋਵੇ ਤਾਂ ਉਹ ਲਘੁ ਹੀ ਪੜ੍ਹਿਆ ਜਾਂਦਾ ਹੈ। ਜੈਸੇ ਅਧਿਕਾਰੀ ਅਤੇ ਸੰਬੰਧ ਵਰਣਨ ਦੇ ਦੋਹਰੇ ਵਿੱਚ-'ਪੰਜਾਬੀ' ਸ਼ਬਦ ਵਿੱਚ 'ਪ' ਲਘੁ ਹੀ ਰਿਹਾ।

(੬) ਕਿਤੇ ਕਿਤੇ ਗੁਰੂ ਪਰੇ ਹੁੰਦਿਆਂ ਉਰਲਾ ਗੁਰੂ ਅੱਖਰ ਲਘੁ ਹੀ ਪੜ੍ਹਿਆ ਜਾਂਦਾ ਹੈ, ਜੈਸੇ ਮੰਗਲ ਵਿਚ ਕਹੇ ਹੋਏ "ਕਰੀਏ ਲਾਖ ਪ੍ਰਬੰਧ", ਇਸ ਦੇ "ਕਰੀਏ" ਦਾ "ਰੀ" ਨੂੰ ਲਘੁ ਹੀ ਪੜ੍ਹਿਆ ਗਿਆ। ਮੁਕਦੀ ਗੱਲ ਕੀ – ਅੱਖਰਾਂ ਦਾ ਲਘੁ ਦੀਰਘ ਹੋਣਾ ਉਨ੍ਹਾਂ ਦੇ ਉਚਾਰਣ ਉੱਤੇ ਹੀ ਬਸ ਹੈ।

---

* ਸੰਸਕ੍ਰਿਤ ਅਤੇ ਹਿੰਦੀ ਭਾਸ਼ਾ ਵਿਚ ਹੀ ਦ੍ਰਤ ਦੇ ਆਦਿ ਲਾ ਲਘੁ ਅੱਖਰ ਦੀਰਘ ਪੜ੍ਹਿਆ ਜਾਂਦਾ ਹੈ, ਮਗਰ ਪੰਜਾਬੀ ਵਿਚ ਦ੍ਰਤ ਅੱਖਰ ਤੋਂ ਪਹਿਲੇ ਤੇ ਅਕਸਰ ਅੱਧਕ ਹੁੰਦੀ ਹੈ, ਜਿਸ ਕਰਕੇ ਉਹ ਦੀਰਘ ਹੀ ਹੋ ਜਾਂਦਾ ਹੈ ਅਤੇ ਦ੍ਰਤ ਭੀ ਕੋਈ ਨਹੀਂ ਰਹਿੰਦਾ।

Sri Satguru Jagjit Singh Ji eLibrary NamdhariElibrary@gmail.com

[ਯਥਾ ਛੰਦਾ ਪ੍ਰਭਾਕਰੇ] ਦੋਹਰਾ

ਦੀਰਘ ਹੂ ਲਘੁ ਕਰ ਪੜ੍ਹੇ ਲਘੁ ਹੀ ਦੀਰਘ ਜਾਨ ।
ਮੁਖ ਸੋ ਪ੍ਰਗਟੇ ਸੁਖ ਸਹਿਤ ਕੋਵਿਦ ਕਰਤ ਬਖਾਨ ॥

ਲਘੁ ਦੇ ਉਚਾਰਣ ਵਿਚ ਥੋੜ੍ਹਾ ਚਿਰ ਲਗਦਾ ਹੈ ਇਸ ਕਰਕੇ ਇਹਦੀ ੧ ਮਾਤ੍ਰਾ ਅਤੇ ਦੀਰਘ ਨੂੰ ਏਦੂੰ ਦੂਣਾ ਚਿਰ ਲਗਣ ਕਰਕੇ ਉਹਦੀਆਂ ੨ ਮਾਤ੍ਰਾਂ ਹੁੰਦੀਆ ਹਨ । ਲਘੁ ਦੀਰਘ ਦੇ ਰੂਪ ਅਤੇ ਨਾਉਂ ਅਗਲੇ ਚਿਤਰ ਵਿਚ ਦੇਖੋ –

| ਪਦਾਰਥ | ਰੂਪ | ਨਾਮ |
|---|---|---|
| ਲਘੁ | 1 | ਲ, ਲਾ, ਲਹੁ, ਕੋਹਲ, ਸ਼ਬਦ, ਰੂਪ, ਰਸ, ਗੰਧ, ਰੇਖਾ, ਸਰ, ਮੇਰੂ, |
| ਦੀਰਘ | S | ਗਾ, ਗੇ, ਗੋ, ਗੀ, ਨੂਪਰ, ਰਸਨਾ, ਚਾਮਰ,ਕੁੰਡਲ, ਕਨਕ, ਮਾਨਸ, ਵਬਜ, ਹਾਰਾਵਲੀ,ਹਾਰ, ਤਾਟੰਕ, ਕੇਯੁਰ, ਦੀਹ, ਦੂਕਲ |

ਕਵੀਆਂ ਨੇ ਛੰਦਾਂ ਦੇ ਲੱਛਣ ਬਨੌਣ ਵਿਚ ਸੰਖਿਆ ਦੇ ਸੰਕੇਤ ਵਰਤੇ ਹਨ । ਸੋ ਸੰਖਿਆ ਇਸ ਪ੍ਰਕਾਰ ਹੈ –

ਸੰਖਿਆ ਚਿਤ੍ਰ :–

੧ ਚੰਦ੍ਰਮਾ, ਮਹੀ, ਆਤਮਾ, ਗਣਪਤਿ ਰਦਨ,ਨਭ,ਰਵਿਰਥ,ਚਕ੍ਰ, ਸਕਰਦ੍ਰਿਸ਼

੨ ਆਇਣ, ਨੈਣ, ਕਰ, ਪਾਦ, ਪੱਖ, ਨਦੀਤੀਰ, ਗਜਦੰਤ, ਅਹਿ ਰਸਨਾ,ਦ੍ਵਿਜ ਜਨਮ,

੩ ਅਗਨਿ, ਕਾਲ, ਹਰਿਨੈਣ, ਬਲ, ਬਿਕ੍ਰਮ, ਸੰਧਯਾ, ਰਾਮ, ਪੁਸ਼ਕਰ, ਤਾਪ, ਸੂਲ, ਜੁਰ, ਗੁਣ,

੪ ਅਜਮੁਖ, ਵੇਦ, ਸਾਗਨਿਧਿ, ਸੈਨਾ ਅੰਗ, ਚਰਣ, ਦਿਸ਼ਾ, ਵਰਣ, ਆਸ਼੍ਰਮ, ਯੁਗ, ਹਰਿਭੁਜ ।

੫ ਇੰਦ੍ਰਯ, ਪਾਂਡਿਵ, ਹਰਿ ਬਦਨ, ਸਰ, ਯੱਗਯ, ਬਰਗ, ਮਾਤਾ, ਪਿਤਾ, ਕੰਨੰਜਾਂ, ਪਾਤਕ, ਭੂਤ, ਗਤਿ, ਗਵਜ, ਪ੍ਰਾਣ ।

੬ ਦਰਸ਼ਣ, ਰਸ ਰਿਤ, ਅੰਗ, ਸ਼ਿਵਸੁਤਮੁਖ, ਰਾਗ, ਭ੍ਰਮਰਪਦ ।

੭ ਲੋਕ, ਦੀਪ, ਮੁਨਿ, ਵਾਰ, ਹਯ, ਪਰਬਤ, ਸੂਰ, ਤਾਲ ।

Sri Satguru Jagjit Singh Ji eLibrary NamdhariElibrary@gmail.com

੮ ਜੋਗਅੰਗ, ਅਹਿ, ਦਿਗਜ, ਦਿਗਪਾਲ, ਬਸੁ, ਸਿਧਿ, ਪਰਬਤ, ਪਹਿਰ।

੯ ਦ੍ਵਾਰ, ਖੰਡ, ਰਸ, ਨਾੜੀ, ਨਿਧਿ, ਗ੍ਰਹਿ, ਵਜਾਕਰਣ, ਅੰਕ, ਭਗਤੀ।

੧੦ ਦੋਸ਼, ਦਿਸ਼ਾ, ਅਵਤਾਰ ਦਿਸ਼ਾ।

੧੧ ਸ਼ਿਵ, (ਰੁਦ੍ਰ)

੧੨ ਰਵਿ ਰਾਸ।

ਸੂਚਨਾ - ਇਨ੍ਹਾਂ ਸੰਕੇਤਾਂ ਦ੍ਵਾਰਾ ਛੰਦਾਂ ਦੇ ਲੱਛਣ ਇਸ ਪ੍ਰਕਾਰ ਬਣਾਏ ਹਨ :-

"ਬਸੁ ਭਗਣ ਕਰ ਤੁਕ ਵਿਖੇ ਕਰੀਟ ਸ੍ਵੈਯਾ ਜਾਨ"

ਅਰਥਾਤ ੮ ਭਗਣ ਤੁਕ ਵਿੱਚ ਰੱਖ ਕੇ ਕਰੀਟ ਬਣਾਓ। ਮਗਰ ਇਸ ਗ੍ਰੰਥ ਵਿਚ ਇਹ ਰੀਤੀ ਕਲਿਸ਼ਟ ਸਮਝ ਕੇ ਨਹੀਂ ਵਰਤੀ ਅਤੇ ਉਤੇ ਕਹੇ ਹੋਏ ਲਘੁ ਗੁਰੂ ਅੱਖਰਾਂ ਦੇ ਕੋਹਲ, ਨੂਪਰ ਆਦਿ ਨਾਉਂ ਭੀ ਵਰਤੇ, ਕੇਵਲ ਜਣਾਉਣ ਲਈ ਹੀ ਲਿਖੇ ਹਨ।

ਮਾਤਰਾਂ ਦੇ ਹੋਰ ਨਾਉਂ ਇਹ ੪ ਹਨ :-

ਮੱਤ, ਮੱਤਾ, ਕਲ, ਕਲਾ।

[ਦਘਧਾਖਰ ਖੰਡਨ ਵਿਕਟਾਖਰ ਵਰਣਨ] ਦੋਹਿਰਾ

ਲਗਣ ਆਦਿ ਨਾ ਵਿਕਟ ਇਉਂ ਙ ਞ ਣ ੜਾ ਇਹ ਚਾਰ।

ਅੱਖਰ ਦਗਧ ਨ ਜਗਤ ਵਿੱਚ ਰਹੇ ਗੱਪ ਸਭ ਮਾਰ॥ ੨੫॥

ਅਰਥਾਤ ਜੇੜ੍ਹੇ ਕਵੀ ਦਗਧਾਖਰ (ਉਹਨਾਂ ਨੂੰ ਕੁਫੱਲ ਦਾਤੇ ਹੋਣ ਕਰਕੇ) ਮੰਨਦੇ ਹਨ ਉਹ ਸਭ ਗੱਪ ਮਾਰਦੇ ਹਨ। ਙ, ਞ, ਣ, ੜ, ਇਹ ਚਾਰ ਅੱਖਰ ਲੌਕਕ ਬੋਲੀ ਵਿਚ ਕਿਸੇ ਪਦ ਦੇ ਆਦਿ ਵਿੱਚ ਨਾ ਹੋਣ ਕਰਕੇ ਵਿਕਟ ਹਨ, ਸੋ ਅਵੱਸ਼ ਹੀ ਛੱਡਣੇ ਪੈਂਦੇ ਹਨ। ਜਗਤ ਭਰ ਦੀਆਂ ਬੋਲੀਆਂ ਵਿੱਚ ਕੋਈ ਅੱਖਰ ਦਗਧ ਨਹੀਂ ਹੈ, ਅਤੇ ਨਾ ਹੀ ਕਿਸੇ ਤੋਂ ਕੁਫੱਲ ਪ੍ਰਾਪਤ ਹੁੰਦਾ ਹੈ, ਇਹਦੇ ਵਿੱਚ ਹੇਠ ਲਿਖੇ ਕਾਰਣ ਹਨ :-

(੧) ਕੋਈ ਪੁਰਸ਼ ਦਗਧਾਖਰ ਹੋਣ ਵਿੱਚ ਯੁਕਤੀ ਹੀ ਨਹੀਂ ਦੇ ਸਕਿਆ, ਇਸ ਕਰਕੇ ਦਗਧ ਕੋਈ ਅੱਖਰ ਨਹੀਂ, ਜਦ ਅੱਖਰ ਦਗਧ ਨਹੀਂ ਤਾਂ ਕੁਫੱਲ ਕਿੱਥੇ ?

(੨) ਜੇ ਛੰਦ ਬੰਦ ਦੇ ਆਦਿ ਵਿੱਚ ਕਿਸੇ ਅੱਖਰ ਦਾ ਦੋਸ਼ ਹੈ ਤਾਂ ਗੱਦਜ ਬੋਲੀ ਵਿਚ ਕਿਉਂ ਦੋਸ਼ ਨਹੀਂ, ਜੇਹੜੀ ਨਿੱਤ ਬੋਲੀ ਦੀ ਹੈ ?

(੩) ਇਨ੍ਹਾਂ ਅੱਖਰਾਂ ਤੋਂ ਕੋਈ ਅਫੱਲ ਪ੍ਰਤਜੱਛ ਤੋਂ ਸਿੱਧ ਨਾ ਹੋਣ ਕਰਕੇ ਇਹਨਾਂ ਦੇ ਲੈਣ ਵਿਚ ਕੋਈ ਦੋਸ਼ ਨਹੀਂ ਪ੍ਰਤੀਤ ਹੁੰਦਾ, ਜੇ ਕੋਈ ਕਹੇ ਕਿ ਇਹਨਾਂ ਦਾ ਅਦ੍ਰਿਸ਼ ਕੁਫੱਲ ਹੁੰਦਾ ਹੈ ਤਾਂ ਇਹ ਬਿਲਕੁਲ ਝੂਠ ਹੈ, ਕਿਉਂਕਿ ਇਹ ਵਿੱਦਯਾ ਤਾਂ ਅੱਖਰਾਂ ਦੀ ਗਿਣਤੀ ਮਿਣਤੀ ਅਤੇ ਰੂਪ ਆਦਿਕਾ ਦੀ ਹੈ, ਨਾ ਕਿ ਕੋਈ ਧਰਮ ਸ਼ਾਸਤ੍ਰ ? ਇਸ ਲਈ ਇਸ ਵਿਚ ਆਪਣੇ ਖ਼ਿਆਲ ਮੁਜਬ ਅਦ੍ਰਿਸ਼ ਫਲਾਂ ਦੀ ਕਲਪਣਾ ਕਰਨੀ ਸ਼ਾਸਤ੍ਰ ਦੇ ਉਦੇਸ਼ਯ ਤੋਂ ਹੀ ਉਲਟ ਹੈ ।

(੪) ਅਗਲੇ ਗ੍ਰੰਥਕਾਰਾਂ ਦੇ ਨਮੂਨਿਆਂ ਤੋਂ ਭੀ ਪਤਾ ਲਗਦਾ ਹੈ ਕਿ ਦਗਧ ਅੱਖਰ ਵਰਤਣ ਨਾਲ ਉਨ੍ਹਾਂ ਨੂੰ ਕੋਈ ਹਾਨੀ ਨਹੀਂ ਹੋਈ । ਜੈਸੇ :-

(੧) ਪ੍ਰਸਤਾਰ ਸੰਗ੍ਰਹ ਕਰਤਾ ਸੰਗਤ ਸਿੰਘ ਜੀ ਨੇ ੧੫ ਅੱਖਰ (ਦਗਧਾਖਰ) ਹ, ਘ, ਙ, ਝ, ਞ, ਟ, ਠ, ਢ, ਣ, ਤ,ਥ, ਦ, ਧ, ਨ, ਪ, ਫ, ਬ, ਭ, ਮ, ਰ, ਲ, ਵ, ਰਿ, ਰੀ, ਲ੍ਰੀ, ਮੰਨੇ ਹਨ ।

(੨) ਫੇਰ ਕਈਆਂ ਨੇ (ਛੰਦ ਪਯੋਨਿਧੀ ਕਰਤਾ ਆਦਿਕਾਂ ਨੇ) ੧੯ ਅੱਖਰ (ਙ, ਞ, ਝ, ਠ, ਟ, ਢ, ਣ, ਤ, ਥ, ਪ, ਫ, ਬ, ਭ, ਮ, ਰ, ਲ, ਵ, ਸ਼, ਹ,) ਅਸ਼ੁਭ ਮੰਨੇ ਹਨ ।

(੪) ਬਹੁਤੇ ਕਵੀਆਂ (ਰੂਪ ਦੀਪ ਦੇ ਕਰਤਾ ਆਦਿਕਾਂ ) ਨੇ ਹ, ਝ, ਧ, ਰ, ਖ਼, ਭ, ਘ, ਣ, ਅੱਠ ਅਸ਼ੁਭ ਮੰਨੇ ਹਨ ।

(੫) ਛੰਦ ਪ੍ਰਭਾਕਰ ਕਰਤਾ ਨੇ ਝ, ਹ, ਰ, ਭ, ਸ਼, ਪੰਜ ਹੀ ਮੰਨੇ ਹਨ ।

ਹੁਣ ਵਿਚਾਰ ਕੇ ਦੇਖੋ ਤਾ ਸਾਰੇ ਇਕ ਦੂਜੇ ਦੇ ਮੰਨੇ ਹੋਏ ਦੁਗਧਾਂ ਨੂੰ ਆਪਣੀ ਕਵਿਤਾ ਵਿੱਚ ਰਲੌਂਦੇ ਰਹੇ, ਏਨ੍ਹਾਂ ਦੀ ਕਵਿਤਾ ਵਿੱਚ ਕੋਈ ਹਾਨੀ ਨਹੀਂ ਪਈ, ਸਗੋਂ ਇਨ੍ਹਾਂ ਦੇ ਗ੍ਰੰਥ ਸਰਬੋਤਮ ਅਤੇ ਪ੍ਰਸਿੱਧ ਮੰਨੇ ਜਾਂਦੇ ਹਨ, ਇਸ ਕਰਕੇ ਇਨ੍ਹਾਂ ਦਾ ਇਕ ਦੂਜੇ ਦੇ ਮੰਨੇ ਦੁਗਧਾਂ ਨੂੰ ਆਪਣੀ ਕਵਿਤਾ ਵਿੱਚ ਰਲਾਉਣਾ ਹੀ ਏਹਨਾਂ ਦੇ ਦਗਧ ਮੰਨਣ ਨੂੰ ਖੰਡਨ ਕਰਦਾ ਹੈ, ਅਤੇ ਹੁਣ ਭੀ ਜੇ ਕੋਈ (ਦਗਧਾਂ ਦੇ ਹੋਣ ਵਿੱਚ ਯੁਕਤੀ ਨਾ ਹੋਣ ਕਰਕੇ) ਦਗਧ ਨਾ ਮੰਨੇ ਤਾਂ ਕੋਈ ਟੰਗ ਨਹੀਂ ਟੁੱਟਦੀ । ਪਿਛਲੇ ਸਾਰੇ ਮੱਖੀ ਤੇ ਮੱਖੀ ਮਾਰਦੇ ਚਲੇ ਆਏ ਹਨ ।

ਕਈ ਨਵੀਨ ਕਵੀਆਂ ਇਹ ਗੱਲ ਛੱਡਣ ਦਾ ਯਤਨ ਭੀ ਕੀਤਾ ਹੈ, ਪਰੰਤੂ ਓਹ ਸਾਫ ਨਹੀਂ ਮੰਨ ਸਕੇ, ਉਨ੍ਹਾਂ ਨੇ ਇਨ੍ਹਾਂ ਦਾ ਕਈ ਥਾਂਈਂ ਦੋਸ਼ ਮਿਟਣਾ ਤਾਂ ਮੰਨਿਆ ਹੈ, ਇਸ ਕਰਕੇ ਏਹੁ ਹੁਣ ਉਡੇ ਹੀ ਪਏ ਹਨ ।

[ਯਥਾ ਭਾਸ਼ਾ ਛੰਦੋ ਮੰਜਰੀ] ਦੋਹਿਰਾ

" ਮੰਗਲ ਸੁਰ ਵਾਚਕ ਸ਼ਬਦ ਗੁਰ ਹੋਵੇ ਪੁਨ ਆਦਿ ।
ਦਗਧਾਖਰ ਕੋ ਦੋਸ਼ ਨਹਿੰ ਅਰ ਗੁਣ ਦੋਸ਼ਹੁੰ ਵਾਦ । "

ਅਰਥ - ਦਗਧਾਖਰ ਜੇ ਆਦਿ ਵਿੱਚ ਲੈਂਣੇ ਹੋਣ ਤਾਂ ਜਾਂ ਤਾਂ ਉਹਨਾ ਨੂੰ ਦੀਰਘ ਕਰ ਦੇਵੇ ਅਥਵਾ ਦੇਵ ਕਾਵ੍ਯ ਅਤੇ ਮੰਗਲ ਵਾਚੀ ਸ਼ਬਦ ਦੇ ਆਦਿ ਦਗਧ ਦਾ ਕੋਈ ਦੋਸ਼ ਭੀ ਨਹੀਂ ਹੈ, ਸਗੋਂ ਦੇਵ ਕਾਵ੍ਯ ਆਦਿਕਾਂ ਵਿੱਚ ਆਦਿ ਅਸ਼ੁਭ ਗੁਣ (ਜੇਹੜੇ ਅੱਗੇ ਔਣੇ ਹਨ) ਦਾ ਦੋਸ਼ ਭੀ ਮਿਟ ਜਾਂਦਾ ਹੈ ।

ਨਿਯਮ ਓਹ ਚਾਹੀਦਾ ਹੈ ਜੋ ਅਟੱਲ ਅਤੇ ਯੁਕਤੀ ਤੇ ਰਹੇ, ਸੋ ਦਗਧਾਖਰਾਂ ਦੇ ਮੰਨਣ ਵਿੱਚ ਕੋਈ ਯੁਕਤੀ ਨ ਹੋਣ ਕਰਕੇ ਮੰਨਣੇ ਯੋਗ ਨਹੀਂ, ਸਾਡੇ ਮੰਨੇ ਹੋਏ ਅੱਖਰ ਕੁਦਰਤੀ ਢੰਗ ਤੋਂ ਬੋਲੀ ਦੇ ਆਦਿ ਨਾ ਹੋਣ ਕਰਕੇ ਵਿਕਟ ਮੰਨਣੇ ਠੀਕ ਹਨ ।

- 0 -

Sri Satguru Jagjit Singh Ji eLibrary NamdhariElibrary@gmail.com

# ਗਣ ਵਰਨਣ

ਲੱਛਣ

ਗੱਦਜ – ਗਣ ਓਹ ਤੱਕੇ ਹੋਏ ਮਾਤ੍ਰਕ ਯਾ ਵਰਣਕ ਜੋੜ ਹਨ ਜਿਨ੍ਹਾਂ ਨੂੰ ਮਿਲਾ ਕੇ ਛੰਦ ਬਣਾਈਦੇ ਹਨ। ਇਹ ਮਾਤ੍ਰਕ ਅਤੇ ਵਰਣਕ ਦੋ ਤਰ੍ਹਾਂ ਦੇ ਹੁੰਦੇ ਹਨ।

## ਮਾਤ੍ਰਕ ਗਣ ਪ੍ਰਕਾਰ

ਦੋਹਿਰਾ

ਟਗਣ ਠਗਣ ਅਰੁ ਡਗਣ ਜੋ ਢਗਣ ਨਗਣ ਪਹਿਚਾਨ।
ਛੇ ਅਰੁ ਪੰਜ ਸੁ ਚਾਰ ਤ੍ਰੈ ਦੋ ਕਲ ਕ੍ਰਮ ਤੇ ਜਾਨ॥ ੨੬॥

ਇਹਨਾਂ ਦੇ ਰੂਪ ਹੇਠਲੇ ਚਿਤ੍ਰ ਵਿਚ ਦੇਖੋ :-

| | ਟਗਣ | ਠਗਣ | ਡਗਣ | ਢਗਣ | ਨਗਣ |
|---|---|---|---|---|---|
| ੧ | S S S | \| S S | S S | \| S | S |
| ੨ | \| \| S S | S \| S | \| \| S | S \| | \| \| |
| ੩ | \| S \| S | \| \| \| S | \| S \| | \| \| \| | ੨ |
| ੪ | S \| \| S | S S \| | S \| \| | ੩ | |
| ੫ | \| \| \| \| S | \| \| S \| | \| \| \| \| | | |
| ੬ | \| S S \| | \| S \| \| | ੫ | | |
| ੭ | S \| S \| | S \| \| \| | | | |
| ੮ | \| \| \| S \| | \| \| \| \| \| | | | |
| ੯ | S S \| \| | ੮ | | | |
| ੧੦ | \| \| S \| \| | | | | |
| ੧੧ | S \| \| \| | | | | |
| ੧੨ | S \| \| \| \| | | | | |
| ੧੩ | \| \| \| \| \| \| | | | | |
| | ੧੩ | | | | |

ਇਹਨਾਂ ਮਾਤ੍ਰਕ ਗਣਾਂ ਨੂੰ ਕਵੀ ਘੱਟ ਹੀ ਵਰਤਦੇ ਹਨ, ਇਹ ਉਨ੍ਹਾਂ ਦੀ ਭੁੱਲ ਹੈ । ਕਿਉਂਕਿ ਜਿੱਥੇ ਮਾਤ੍ਰਕ ਛੰਦਾਂ ਵਿਚ ਛੇ (੬) ਕਾਲ ਤੱਕ ਦੇ ਬਿਸ੍ਰਾਮ ਪੈਂਦੇ ਹਨ ਉਥੇ ਦੁਕੱਲ ਤਿਕੱਲ ਆਦਿ ਅਵੱਸ਼ ਵਰਤਣੇ ਚਾਹੀਦੇ ਹਨ, ਜਿਨ੍ਹਾਂ ਦੇ ਦੂਜੇ ਨਾਉਂ ਏਹੀ ਟਗਣ ਆਦਿਕ ਹਨ ।

ਇਤਿ ਮਾਤ੍ਰਕ ਗਣ ॥

## ਵਰਣਕ ਗਣ ਵਰਨਣ

ਦੋਹਿਰਾ

ਤੀਨ ਵਰਣ ਦਾ ਗਣ ਲਖੋ ਸਰਬ ਗੁਰੂ ਰੂਪਾਦਿ ।
ਅੱਠ ਭੇਦ ਇਉਂ ਜਾਨੀਏ ਧਰ ਪ੍ਰਸਤਾਰ ਮ੍ਰਯਾਦਿ ॥ ੨੭ ॥

ਪੁਨਾ-ਦੋਹਿਰਾ :-

ਮਗਣ ਯਗਣ ਸੋ ਰਗਣ ਅਰੁ ਸਗਣ ਤਗਣ ਪਹਿਚਾਨ ।
ਜਗਣ ਭਗਣ ਅਰੁ ਨਗਣ ਏ ਹੈਂ ਗਣ ਅੱਠੇ ਭਾਨ ॥ ੨੮ ॥

ਅਰਥਾਤ ਪੰਕਤੀ ਦੇ ਆਦਿ ਤੋਂ ਆਰੰਭ ਕਰਕੇ ਤਿੰਨ ਅੱਖਰ ਦਾ ਗਣ ਹੁੰਦਾ ਹੈ, ਸੋ ਪ੍ਰਸਤਾਰ ਦੀ ਰੀਤੀ ਨਾਲ ਏਹਦੇ (੩ ਵਰਣ ਦੇ ) ੮ ਰੂਪ ਹੁੰਦੇ ਹਨ, ਪਹਿਲਾ ਰੂਪ ਸਰਬ ਗੁਰੂ (SSS) ਦਾ ਰੱਖ ਕੇ ਪ੍ਰਸਤਾਰ ਕਰਦੇ ਹੋਏ ੮ ਗਣ'ਮਗਣਾਦੀ' ਨਿਕਲ ਆਉਂਦੇ ਹਨ । ਜੈਸੇ ਇਸ ਚਿਤ੍ਰ ਵਿੱਚ ਹਨ । ਜਿਨ੍ਹਾਂ ਨੂੰ ਪ੍ਰਸਤਾਰ ਅਜੇ ਨਹੀਂ ਆਇਆ ਉਨ੍ਹਾਂ ਨੂੰ ਹੇਠਲੀ ਕਬਿੱਤ ਚੇਤੇ ਕਰਨੀ ਚਾਹੀਏ । ਕਬਿੱਤ – ਮਗਣ ਸਰਬ ਗੁਰੂ, ਭਗਣ ਦੇ ਆਦਿ ਗੁਰੂ, ਜਗਣ ਕੇ ਮੱਧ, ਅੰਤ ਸਗਣ ਦੇ ਜਾਨੀਏ ।.ਸਰਬ ਲਘੂ, ਯਗਣ ਦੇ ਆਦਿ ਲਘੂ, ਰਗਣ ਦੇ ਮੱਧ,ਅੰਤ ਤਗਣ ਦੇ ਮਾਨੀਏ । ਜਗਣ ਸਗਣ ਮੰਦ, ਰਗਣ ਤਗਣ ਚਾਰੇ, ਛੰਦ ਦੇ ਆਰੰਭ ਚਿ, ਕਹਿਣ ਮੱਤ ਆਨੀਏ । ਦੂਮਲਾ ਦੀ ਬ੍ਰਿਤ ਕੈਸੇ ਬਣੇ ਕਵਿ 'ਕੇਹਰ' ਸੁ ਸੱਭਹੀ ਅਸ਼ੁੱਭ ਗਣ ਜਿੱਥੇ ਛੰਦ ਹਾਨੀਏ ।।੨੯।।

| | |
|---|---|
| SSS | ਮਗਣ |
| \|SS | ਯਗਣ |
| S\|S | ਰਗਣ |
| \|\|S | ਸਗਣ |
| SS\| | ਤਗਣ |
| \|S\| | ਜਗਣ |
| S\|\| | ਭਗਣ |
| \|\|\| | ਨਗਣ |

ਅਰਥਾਤ ਮਗਣ ਦੇ ਸਾਰੇ (ਤਿੰਨੇ ਹੀ), ਭਗਣ ਦੇ ਆਦਿ, ਜਗਣ ਦੇ ਵਿਚਕਾਰ, ਸਗਣ ਦੇ ਅੰਤ ਗੁਰੂ ਹੁੰਦਾ ਹੈ । ਨਗਣ ਦੇ ਸਾਰੇ ਹੀ (ਤਿੰਨੇ), ਯਗਣ ਦੇ

ਆਦਿ, ਰਗਣ ਦੇ ਵਿਚਾਲੇ, ਤਗਣ ਦੇ ਅੰਤ ਲਘੁ ਹੁੰਦੇ ਹਨ ਸਗਣ ਜਗਣ ਰਗਣ ਤਗਣ (ਚਾਰੇ) ਕਵੀਆਂ ਨੇ ਅਸ਼ੁਭ ਅਤੇ ਛੰਦ ਦੇ ਆਦਿ ਨਾ ਲੈਂਣੇ ਮੰਨੇ ਹਨ ਸੋ ਬਿਲਕੁੱਲ ਅਯੋਗ ਹੈ, ਕਿਉਂਕਿ 'ਦ੍ਰਮਲ' ਸਵੈਯਾ ਅੱਠ ਸਗਣਾਂ ਦਾ ਅਤੇ 'ਮੁਕਤ ਹਰਾ' ਅੱਠ ਜੱਗਣਾ ਦਾ ਹੁੰਦਾ ਹੈ, ਇੱਤਆਦਿ ਜੋ ਬ੍ਰਣ ਬ੍ਰਿਤ ਇਹਨਾਂ ਦੇ ਵਿੱਚ ਬਣਦੇ ਹਨ ਉਹ ਬਣ ਹੀ ਨਹੀਂ ਸਕਣਗੇ । ਅਤੇ ਮਾਤ੍ਰਕ ਛੰਦਾਂ ਵਿੱਚ ਭੀ ਜਿਥੇ ਕਿਤੇ ਛੰਦ ਦੀ ਰੌਚਕਤਾ ਬਿਗੜਦੀ ਹੋਵੇ ਓਥੇ ਜੇਹੜੇ ਗਣ ਨ ਲਗਦੇ ਹੋਣ ਉਹ ਨਾ ਲਾਓ ਜੈਸੇ ਦੋਹਰੇ ਦੇ ਆਦਿ ਜਗਣ ਨਹੀਂ ਲਗਦਾ ਅਤੇ ਮੱਧ ਵਿਚ ਭਗਨ ਭੀ ਨਹੀਂ ਲਗਦਾ । ਜੈਸੇ :- 'ਆਪ ਸਦ ਹੀ ਪ੍ਰਤਿ ਪਾਲਕ' ਆਦਿਕ । ਇਸ ਤਰ੍ਹਾਂ ਸਭ ਗਣ ਇੱਕੋ ਜਿਹੇ ਹਨ । ਕੋਈ ਚੰਗਾ ਮਾੜਾ ਨਹੀਂ ਹੈ ।

### ਹੁਣ ਏਹਨਾਂ ਦੇ ਫਲ ਅਫਲ ਦੇਵਤਾ ਆਦਿ ਦਿਖਾਕੇ ਖੰਡਨ ਕਰਦੇ ਹਾਂ

ਦੋਹਿਰਾ

ਪ੍ਰਿਥਵੀ ਜਲ ਅਰ ਅਗਨ ਜੋ ਵਾਯੂ ਅਕਾਸ਼ਰੁ ਭਾਨ ।
ਦਿਵਸ ਸਸੀ ਏ ਗਣਾ ਦੇ ਕ੍ਰਮ ਤੇ ਦੇਵ ਪਛਾਨ ॥ ੩੦ ॥

[ਫਲ] ਦੋਹਿਰਾ

ਲੱਛਮੀ ਸ਼ਾਂਤ ਸੁ ਰੋਗ ਭ੍ਰਮ ਸ੍ਰੂਨ ਸ਼ੋਕ ਯਸ ਸੁਖ ।
ਆਦਿ ਅੰਤ ਚੌਸੁਖਦ ਹੈ ਮੱਧ ਚਾਰ ਦੇਂ ਦੂਖ ॥ ੩੧ ॥

ਇਨ੍ਹਾਂ ਦਾ ਅਰਥ ਹੇਠਲੇ ਕੋਠੇ ਤੋਂ ਆਪ ਹੀ ਪ੍ਰਗਟ ਹੋ ਜਾਊਗਾ, ਇਸ ਕੋਠੇ ਵਿੱਚ ਇਨ੍ਹਾਂ ਦੇ ਫਲ ਅਫਲ ਤੋਂ ਬਿਨਾਂ ਦੇਵਤਾ ਆਦਿ ਭੀ ਦਿਖਾਏ ਜਾਂਦੇ ਹਨ । ਨਾਲੇ ਪ੍ਰਸਤਾਰ ਦ੍ਵਾਰਾ ਇਨ੍ਹਾਂ ਦੇ ਰੂਪ ਭੀ ਦਿੱਸਣਗੇ ।

ਇਸੇ ਤਰ੍ਹਾਂ ਹੀ ਇਹ ਆਪੋ ਵਿੱਚੀਂ ਮਿਤ੍ਰ ਸੱਤ੍ਰ ਉਦਾਸੀਨ ਮੰਨੇ ਗਏ ਹਨ । ਪ੍ਰੰਤੂ ਇਹ ਸਭ ਅਗਯਾਨ ਹੈ, ਕਿਉਂਕਿ ਮਗਣ ਮਿਤ੍ਰ ਹੈ, ਯਗਣ ਦਾਸ ਹੈ, ਪਰੰਤੂ 'ਮਗਣ' 'ਯਗਣ' ਦੋਹਰੇ ਵਿੱਚ ਲਾਯਾਂ ਦੋਹਰੇ ਦੀ ਰੌਚਕਤਾ ਬਿਗੜ ਜਾਂਦੀ ਹੈ । ਯਥਾ:- "ਮੇਰਾ ਕਾਜ ਕੀਤਾ ਤੁਮ" ਇਸ ਵਿਚ ਹੈ । ਅਤੇ ਦਾਸ ਮਿਤ੍ਰ ਜੋੜਨ ਨਾਲ ਭੀ ਹਾਨੀ ਹੁੰਦੀ ਹੈ ਯਥਾ :- "ਕਰੇਂ ਕਾਰਾ ਭਾਰਾ ਸਦ" ਵਿੱਚ ਯਗਣ ਅਤੇ ਮਗਣ ਹਨ ਪ੍ਰੰਤੂ ਚਾਲ ਬਿਗੜਦੀ ਹੈ । ਤਾਂ ਏਹਨਾਂ ਦੇ ਫਲ (ਜੇਹੜਾ ਕਵੀਆਂ ਨੇ 'ਜਯ' ਮੰਨਿਆ ਹੈ) ਨੂੰ ਕੀ ਕਰਾਂਗੇ ?

| | ਗਣ | ਰੂਪ | ਦੇਵ | ਫਲ | ਮਾਤਾ | ਪਿਤਾ | ਲੋਕ | ਕੁਲ | ਨਿਖਤ੍ਰ | ਵਰਨ | ਮਾਸ | ਪੱਖ | ਤਿਥ | ਵਾਰ | ਰੰਗ | ਵਸਤ੍ਰ | ਭੂਸ਼ਨ |
|---|---|---|---|---|---|---|---|---|---|---|---|---|---|---|---|---|---|
| ੧ | ਮਗਣ | SSS | ਪ੍ਰਿਥਵੀ | ਸ੍ਰੀ | ਸਰਸ੍ਵਤੀ | ਪਿੰਗਲ | ਸਤਯ | ਪਾਹਨ | ਮਘਾ | ਖਤ੍ਰੀ | ਵੈਸਾਖ | ਸਿਤ | ੩ | ਰਵਿ | ਸ੍ਵੇਤ | ਸ੍ਵੇਤ | ਸ੍ਵੇਤ |
| ੨ | ਯਗਣ | ISS | ਜਲ | ਧਨ | ਧਰਮੀ | ਸਮੁੰਦ | ਪਾਤਾਲ | ਸਮੁੰਦਰ | ਜੇਸਟਾ | ਵਿਪਰ | ਕਾਤਕ | ਸਿਤ | ੧੧ | ਭੌਮ | ਸਿਆਮ | ਸ੍ਵੇਤ | ਰੂਪਾ |
| ੩ | ਰਗਣ | SIS | ਅਗਨੀ | ਜਲਨ | ਜਰਾ | ਮ੍ਰਿਤੂ | ਸੰਯਮਨੀ | ਕਾਲ | ਚਿਤ੍ਰਾ | ਵੈਸ਼ਯ | ਜੇਠ | ਕ੍ਰਿਸ਼ਨ | ੨ | ਭੌਮ | ਲਾਲ | ਲਾਲ | ਲਾਲ |
| ੪ | ਸਗਣ | IIS | ਵਾਯੂ | ਭ੍ਰਮ | ਬੁਧੀ | ਪਵਨ | ਨਭ | ਵਾਯੂ | ਸਤਭਿਖਾ | ਸੂਦ੍ਰ | ਪੋਹ | ਕ੍ਰਿਸ਼ਨ | ੪ | ਭ੍ਰਿਗੁ | ਧੂਮਰ | ਹਰਾ | ਸ੍ਵਰਣ |
| ੫ | ਤਗਣ | SSI | ਅਕਾਸ਼ | ਸੂਨ | ਦਖੱਣ | ਯਮ | ਸ੍ਵਰਗ | ਪਵਨ | ਸ੍ਵਾਤੀ | ਸੂਦ੍ਰ | ਹਾੜ | ਕ੍ਰਿਸ਼ਨ | ੧ | ਬੁਧ | ਸ੍ਵੇਤ | ਨੀਲ | ਲਾਲ |
| ੬ | ਜਗਣ | ISI | ਭਾਨੁ | ਸ਼ੋਕ | ਭੱਲਾ | ਕਸਮ | ਮ੍ਰਿਤਯੂ | ਦੈਤ | ਉਤ੍ਰਾਂ ਫਾਲਗੁਨੀ | ਵੈਸ਼ਯ | ਚੇਤ | ਕ੍ਰਿਸ਼ਨ | ੧੨ | ਵੀਰ | ਸਿਆਮ | ਸਿਆਮ | ਮਣੀ |
| ੭ | ਭਗਣ | SII | ਸਲੀ | ਯਸ਼ | ਮੰਗਲਾ | ਰਿਖਭ | ਅਮਰਾਪੁਰੀ | ਇੰਦ੍ਰ | ਮੂਲਾ | ਖਤ੍ਰੀ | ਸੌਣ | ਸਿਤ | ੫ | ਭ੍ਰਿਗੁ | ਪ੍ਰੀਤ | ਪ੍ਰੀਤ | ਚੂੰਨੀ |
| ੮ | ਨਗਣ | III | ਦਿਬਯ | ਸੁਖ | ਸਾਵਿਤ੍ਰੀ | ਬ੍ਰਹਮ | ਸ੍ਵਰਗ | ਖਤ੍ਰੀ | ਮ੍ਰਿਗ | ਵਿਪਰ | ਮਘਰ | ਸਿਤ | ੧੨ | ਬੁਧ | ਚਿਤ | ਸ੍ਵਰਣ | ਸ੍ਵਰਦ |

Sri Satguru Jagjit Singh Ji eLibrary NamdhariElibrary@gmail.com

[ਅਗਣ ਵਿਚਾਰ]

ਜਾਨਣਾ ਚਾਹੀਏ ਕਿ ਗੁਣ ਵਰਣ ਦੇ ਜੋੜ ਨੂੰ ਕਹਿੰਦੇ ਹਨ ਜੇਹਾ ਕਿ ਉਪਰ ਕਿਹਾ ਹੈ । ਇਸ ਲਈ ਉਸਦਾ ਅਕਾਰ ਭੀ ਅੱਖਰ ਰੂਪ ਅਤੇ ਚਾਲ ਸ਼ਬਦ ਰੂਪ ਹੈ, ਮਾਤਾ ਪਿਤਾ (ਜੇ ਮੰਨਣਾ ਭੀ ਹੋਵੇ) ਫੁਰਨੇ ਸਣੇ ਜੀਭ ਦਾ (ਮੂੰਹ ਦੇ) ਤਾਲੂ ਆਦਿ ਅੰਗਾਂ ਨਾਲ ਸੰਜੋਗ ਹੋ ਸਕਦਾ ਹੈ, ਕਵੀ ਏਹਦਾ ਸੁਾਮੀ ਯਾ ਦੇਵਤਾ, ਅਤੇ ਓਹਦਾ ਅੰਤਾਕਰਣ ਏਹਦਾ ਲੋਕ ਹੈ ਫੇਰ ਏਹਦੇ ਕੁਲ, ਵਰਣ, ਨਿਖੱਤ੍ਰ, ਭੂਸ਼ਨ, ਆਦਿ ਕਲਪਣੇ ਨਿਰਾ ਅਗਜਾਨ ਹੈ, ਕਿਉਂਕਿ ਏਹ ਕੋਈ ਸਥੂਲ ਪ੍ਰਾਕ੍ਰਿਤਕ ਵਸਤੂ ਯਾ ਸਰੀਰ ਨਹੀਂ ਜੋ ਕਿ ਜਨਮਾਦਿ ਨੂੰ ਧਾਰਨ ਕਰਕੇ ਬ੍ਰਾਹਮਣਾਦਿ ਵਰਣ ਰੱਖਦਾ ਹੋਵੇ ਅਤੇ ਨਾ ਹੀ ਦ੍ਰਵਯ ਹੈ ਜੋ ਕਿ ਰੰਗ, ਭੂਸ਼ਨ, ਗੁਣ ਆਦਿ ਦਾ ਆਸ਼ਯ ਹੋਵੇ । ਸਗੋਂ ਇਹ ਤਾਂ ਸ਼ਬਦ ਰੂਪ ਹੋਣ ਕਰਕੇ ਆਪ ਗੁਣ ਹੈ, ਏਸੇ ਕਰਕੇ ਏਹਦੇ ਹਾਣ ਲਾਭ ਲੱਛਮੀ ਆਦਿ(ਜੇਹਾ ਕਿ ਕਵੀ ਮੰਨਦੇ ਹਨ) ਨਹੀਂ, ਕਿਉਂਕਿ ਏਹ ਕੋਈ ਕਪਾਹ ਦਾ ਖੇਤ ਜਾਂ ਨੋਟਾਂ ਦਾ ਡੱਬਾ ਨਹੀਂ ਹੈ ਜੋ ਲੱਛਮੀ ਦੇਵੇ ਅਤੇ ਨਾ ਹੀ ਕੋਈ ਸੰਖੀਏ ਜਾਂ ਤੇਜ਼ਾਬ ਦਾ ਟੋਆ ਹੈ, ਜੋ ਕਿ ਜਲਨ ਆਦਿ ਕੁਫੱਲ ਦੇਵੇ । ਸੋ ਇਨ੍ਹਾਂ (ਗਣਾਂ) ਦੀ ਜਾਤ ਗਹਿਣੇ, ਗੱਟੇ ਆਦਿ ਪਰਖਣਾਂ ਪੰਡਿਤਾਂ ਦੇ ਨਿਰੇ ਅਗਜਾਨ ਨੂੰ ਦੱਸ ਰਿਹਾ ਹੈ, ਇਹ ਓਹ ਗੱਲ ਹੈ ਕਿ (ਮੁੰਡੇ ਕਹਿੰਦੇ ਹੁੰਦੇ ਹਨ) "ਦੇਖੀਂ ਓਇ! ਤਾਰ ਵਿੱਚ ਸੋਟੀ ਨਾ ਮਾਰੀਂ ਸਾਹਿਬ ਮੁਹਰੇ ਜੀਭ ਕੱਢ ਕੇ ਖੜੀ ਹੋ ਜਾਊ, ਜਿਸ ਤੇ ਓਹ ਆ ਕੇ ਤੈਨੂੰ ਫੜ ਲਊ ।" ਸੋ ਗਣਾਂ ਦਾ ਫਲਾਦੇਸ਼ ਮੰਨਣਾ (ਜਿਸ ਤਰ੍ਹਾਂ ਕਵੀ ਕਲਪਦੇ ਹਨ) ਬੜੀ ਭੁੱਲ ਹੈ । ਜਿੱਥੇ ਕਿਤੇ ਛੰਦ ਦੀ ਰੋਚਕਤਾ ਬਿਗੜੇ ਉਥੇ ਨਾ ਲਾਉ । ਇਹ ਸਾਰੇ ਗਣਾਂ ਲਈ ਇਕੋ ਜਿਹੀ ਗੱਲ ਹੈ, ਪ੍ਰੰਤੂ ਖੁਸ਼ੀ ਦੀ ਗੱਲ ਹੈ ਕਿ ਨਵੀਨ ਵਿਦ੍ਵਾਨਾਂ ਨੇ (ਚਾਹੇ ਉਹ ਸੰਬੰਧੀਆਂ ਦੇ ਕਮਲ ਬਣੇ 'ਚੋਂ ਚੰਗੀ ਤਰ੍ਹਾਂ ਨਹੀਂ ਛੁੱਟ ਸਕੇ) ਗਣਾਂ ਦਾ ਦੋਸ਼ ਭੀ ਕਈ ਥਾਈਂ ਮਿਟਾ ਦਿੱਤਾ ਹੈ ।

[ਯਥਾ ਭਾਸ਼ਾ ਛੰਦੋਂ ਮੰਜਰੀ] ਦੋਹਿਰਾ

ਮੰਗਲ ਸੁਰ ਵਾਚਕ ਸ਼ਬਦ ਗੁਰ ਹੋਵੇ ਪੁਨ ਆਦਿ ।
ਦਗਧਾਖਰ ਕੋ ਦੋਸ਼ ਨਹਿ ਅਰ ਗਣ ਦੋਸ਼ਹੁ ਵਾਦਿ ॥

ਏਹਦਾ ਅਰਥ ਪਹਿਲਾਂ ਖੋਲ੍ਹਿਆ ਹੈ । ਕਿਸੇ ਹੋਰ ਮਹਾਤਮਾ ਨੇ ਭੀ ਕਿਹਾ ਹੈ :-

ਦੋਹਰਾ

" ਕਹਾਂ ਪ੍ਰਯੋਜਨ ਗਣ ਅਗਣ ਔਰ ਦੁਗਣ ਕੋ ਕਾਹਿ ।
ਏਕੈ ਗੁਣ ਰਘਬੀਰ ਗੁਣ ਤ੍ਰਿਗੁਣ ਜਪਤ ਹੈ ਜਾਇ ॥ "

ਏਸੇ ਤਰ੍ਹਾਂ ਜੋ ਏਹਨਾਂ ਗਣਾਂ ਦੇ ਆਪੋ ਵਿੱਚੀਂ ਮਿੱਤ੍ਰ ਸ਼ੱਤ੍ਰ ਮੰਨਕੇ ਓਹਨਾਂ ਤੋਂ ਫਲ ਕੁਫਲ (ਜਯ ਪ੍ਰਾਜਯ ਆਦਿ) ਭੀ ਕਲਪੇ ਗਏ ਹਨ, ਸੋ ਭੀ ਅਗਜਾਨ ਹੈ । ਸੋ

Sri Satguru Jagjit Singh Ji eLibrary NamdhariElibrary@gmail.com

ਆਸ਼ਾ ਹੈ ਕਿ ਏਹੋ ਜੇਹੇ ਭਰਮਾਂ ਨੂੰ ਕਵੀ ਲੋਕ ਉਡਾਕੇ ਮੁਕਤ ਹੋ ਕਰ ਕਾਵ੍ਯ ਰਚਨਾ ਕਰਨਗੇ ।

ਇਤਿ ਵਰਣ ਗਣ ਵਿਚਾਰ ।

ਛੰਦ ਦਾ ਲੱਛਣ

ਦੋਹਿਰਾ

ਮਾਤ੍ਰਾਵਰਣਾ ਸੰਖਿਆ, ਗਤਿ ਵਿਰਾਮ ਦਾ ਨੇਮ ।
ਮਿਲਣ ਅੰਤ ਜਾਂ * ਮੱਧ ਪਦ ਪੜ੍ਹੋ ਛੰਦ ਹੋ ਖੇਮ ॥ ੩੨ ॥

ਅਰਥਾਤ ਮਾਤ੍ਰਾ ਵਰਣਾਂ ਦੀ ਗਿਣਤੀ ਅਤੇ ਉਹਨਾਂ ਦੇ ਅਟਕਾਉ ਆਦਿ ਦਾ ਜਿਸ ਵਿਚ ਨੇਮ ਹੋਵੇ ਅਤੇ ਜਿਸ ਦੇ ਮੱਧ ਯਾ ਅੰਤਲੇ ਪਦ ਮਿਲਣ ਉਹ ਛੰਦ ਹੈ ।

[ਛੰਦ ਪ੍ਰਕਾਰ] ਦੋਹਿਰਾ

** ਸੰਸਕਿਰਤ ਵਿਚ ਛੰਦ ਦੇ ਜਾਣੋਂ ਤਿੰਨ ਪ੍ਰਕਾਰ ।
ਮਾਤ੍ਰਕ ਇਕ ਗਣ ਨੀਕ ਦੋ ਵਰਣਕ ਕਹੇਂ ਵਿਕਾਰ ॥ ੩੩ ॥

ਪੁਨਾ : ਦੋਹਿਰਾ

ਪਰ ਭਾਸ਼ਾ ਵਰਣਨ ਮੈ ਸਦਾ ਦੋਇ ਭੇਦ ਮਾਨੀਕ ।
ਮਾਤ੍ਰਕ, ਵਰਣਕ ਦੂਸਰੇ ਜ੍ਹੀਨਾ ਵਿਚ ਗਣ ਨੀਕ ॥ ੩੪ ॥




---

* ਮਦ ਪਦਾਂ ਕਹਿਣ ਤੋਂ ਸੋਰਠੇ ਆਦਿ ਨੂੰ ਵਿਚ ਲਿਆ ਹੈ ।

** ਅਸਲ ਪਦ 'ਸੰਸਕ੍ਰਿਤ' ਹੈ ਮਗਰ ਪੰਜਾਬੀ ਭਾਸ਼ਾ ਦੇ ਨਿਯਮ ਅਨੁਸਾਰ ਛੰਦ ਦੀ ਚਾਲ ਬਨਾਉਣ ਲਈ 'ਰ' ਅੱਡ ਲਿਖਿਆ ਗਿਆ ਹੈ ।

Sri Satguru Jagjit Singh Ji eLibrary NamdhariElibrary@gmail.com

ਗੱਦਯ – ਅਸੀਂ ਵੀ ਮਾਤ੍ਰਕ ਅਤੇ ਵਰਣਕ (ਜਿਨ੍ਹਾਂ ਵਿਚ ਗਣਕ ਹਨ) ਦੋ ਹੀ ਪ੍ਰਕਾਰ ਦੇ ਦਸਦੇ ਹਾਂ , ਇਹ ਦੋਨੋਂ ਤਰ੍ਹਾਂ ਦੇ ਛੰਦ ਤਿੰਨ ਪ੍ਰਕਰਣਾਂ ਵਿਚ ਹੁੰਦੇ ਹਨ, ਜੋ ਕਿ ਹੇਠਲੇ ਚਿੱਤ੍ਰ ਤੋਂ ਮਾਲੂਮ ਹੁੰਦੇ ਹਨ ।

ਚਿਤ੍ਰ

[ਵਰਨਕ ਅਤੇ ਮਾਤ੍ਰਕ ਛੰਦਾਂ ਦੀ ਪਛਾਣ]

ਗਦਯ – ਜਿਸ ਵਿਚ ਲਘੁ ਗੁਰੂ ਵਰਣਾ ਦੀ ਗਿਣਤੀ* ਅਥਵਾ ** ਕ੍ਰਮ ਮਿਲੇ ਓਹ ਵਰਣ ਬ੍ਰਿਤ ਹੈ, ਅਤੇ ਜਿਸ ਵਿਚ ਲਘੁ ਗੁਰੂ ਦੇ ਕ੍ਰਮ ਆਦਿ ਦੀ ਪ੍ਰਵਾਹ ਨਾ ਰੱਖ ਕੇ ਕੇਵਲ ਮਾਤ੍ਰਾ ਗਿਣਤੀ ਨਾਲ ਹੀ ਨਿਰਵਾਹੁ ਹੋਵੇ ਸੋ ਮਾਤ੍ਰਕ ਛੰਦ ਹੈ ।

[ਮਾਤ੍ਰਕ ਸਮ ਪ੍ਰਕਰਣ ਲੱਛਣ] ਦੋਹਿਰਾ

ਮੱਤ ਸੰਖਿਆ ਨਿਯਮ ਮੈ ਕਾਰੇ ਚਰਨ ਸਮਾਨ ।
ਮਾਤ੍ਰਕ ਸਮ ਪ੍ਰਕਰਣ ਦਾ ਕੋਈ ਛੰਦ ਪਛਾਨ ।। ੩੫ ।।

ਅਰਥਾਤ ਚੌਹਾਂ ਤੁਕਾਂ ਦੀ ਮਾਤ੍ਰਾ ਦੀ ਗਿਣਤੀ ਇਕੋ ਜੇਹੀ ਹੋਵੇ ਓਹ ਮਾਤ੍ਰਕ ਸਮ ਪ੍ਰਕਰਣ ਦਾ ਛੰਦ ਹੈ, ਜੈਸੇ 'ਚੌਪਈ' । ਕਿਉਂਕਿ ਏਹਦੀ ਹਰ ਇਕ ਤੁਕ ਵਿਚ ਪੰਦ੍ਰਾਂ ਪੰਦ੍ਰਾਂ ਮਾਤਰਾਂ ਹਨ ।

[ਮਾਤ੍ਰਕ ਅਰਧ ਸਮ ਪਛਾਣ] ਦੋਹਿਰਾ

ਪਹਿਲੇ ਤੀਜੇ ਰਚਣ ਦੀ ਗਿਣਤੀ ਹੋਇ ਸਮਾਨ ।
ਦੂਜਾ ਹੋਇ ਚਤੁਰਥ ਸਮ ਸੋਇ ਅਰਧ ਸਮ ਜਾਨ ।। ੩੬ ।।

ਅਰਥਾਤ ਜਿਸ ਛੰਦ ਦੇ ਪਹਿਲੇ ਕਰਣ ਦੀ ਮਾਤ੍ਰਕ ਗਿਣਤੀ ਤੀਜੇ ਨਾਲ ਅਤੇ ਦੂਜੇ ਦੀ ਚੌਥੇ ਨਾਲ ਮਿਲੇ ਓਹ ਮਾਤ੍ਰਕ ਅਰਧ ਸਮ ਦਾ ਛੰਦ ਹੁੰਦਾ ਹੈ । ਜੈਸੇ ਦੋਹਰਾ, ਕਿਉਂਕਿ ਦੋਹਰੇ ਦਾ ਪਹਿਲਾ ਅਤੇ ਤੀਜਾ ਚਰਣ ੧੩ ਮਾਤਾਂ ਦਾ ਅਤੇ ਦੂਜਾ ਚੌਥਾ ੧੧ ਦਾ ਹੁੰਦਾ ਹੈ ।

[ਬਿਖਮ ਪ੍ਰਕਰਣ ਲੱਛਣ] ਦੋਹਿਰਾ

ਮਾਤ੍ਰਕ ਗਿਣਤੀ ਸਮ ਨਹੀਂ ਜਾਹਿ ਚਰਣ ਛਿਅ ਚਾਰ ।
ਸਮ ਸਮ ਤੇ ਅਰ ਬਿਖਮ ਤੇ ਬਿਖਮੋ ਬਿਖਮ ਵਿਚਾਰ ।। ੩੭ ।।

---

* ਕਬਿੱਤ ਆਦਿਕਾਂ ਵਿਚ ਕੇਵਲ ਵਰਣਾਂ ਦੀ ਗਿਣਤੀ ਹੁੰਦੀ ਹੈ ।

** ਗਣਕ ਛੰਦਾਂ ਵਿਚ ਲਘੁ ਗੁਰੂ ਕ੍ਰਮ ਦਾ ਨਿਯਮ ਹੁੰਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਅਰਥਾਤ ਜਿਸ ਜਿਸ ਦੇ ਚਰਣ ੬ ਭਾਵੇਂ ੪ ਭੀ ਹੋਣ ਪ੍ਰੰਤੂ ਮਾਤ੍ਰਕ ਗਿਣਤੀ ਸਾਰਿਆਂ ਦੀ ਬਿਖਮ ਹੋਵੇ, ਸਮ ਸਮ ਤੋਂ, ਸਮ ਬਿਖਮ ਤੋਂ, ਬਿਖਮ ਬਿਖਮ ਤੋਂ, ਬਿਖਮ ਹੋਵੇ ਓਹ ਮਾਤ੍ਰਕ ਬਿਖਮ ਪ੍ਰਕਰਣ ਦਾ ਛੰਦ ਹੈ । ਅਥਵਾ ਜੇਹੜਾ ਛੰਦ ਸਮ ਅਤੇ ਅਰਧ ਸਮ ਨਹੀਂ ਓਹ ਬਿਖਮ ਹੀ ਹੈ । ਜੈਸੇ ਛਪਯ ਛੰਦ, ਇਸ ਦੇ ਆਦਿ ੪ ਤੁਕਾਂ ਰੋਲ ਛੰਦ ਦੀਆਂ (੨੪ ਮਾਤਰਾਂ ਦੀਆਂ) ਹੁੰਦੀਆ ਹਨ, ਅੰਤ ਦੀਆਂ ਦੋ ਅਠਾਈ ਜਾਂ ੨੬ ਦੀਆਂ ਹੁੰਦੀਆਂ ਹਨ ।

[ਗੁਰ ਵਰਣਨ ਲੱਛਣ] ਦੋਹਰਾ

ਅਨਿਕ ਭਾਂਤ ਦੇ ਛੰਦ ਅਰੁ ਸੰਖਿਆ ਆਦਿਕ ਰੂਪ ।
ਪ੍ਰਗਟ ਕਰਨ ਮਤ ਵਰਣ ਤੋਂ ਸੋਈ ਗੁਰੂ ਅਨੂਪ ॥ ੧ ॥

ਅਰਥਾਤ ਜੋ ਮਾਤ੍ਰਾ ਜਾਂ ਵਰਣ ਤੋਂ ਅਨੇਕ ਪ੍ਰਕਾਰ ਦੇ ਛੰਦ, ਓਹਨਾਂ ਦੀ ਗਿਣਤੀ ਅਤੇ ਰੂਪ ਆਦਿਕ ਪ੍ਰਕਾਸ਼ ਕਰਣ ਓਹ ਗੁਰ * ਪ੍ਰਤਜਯ ਹਨ ।

[ਗੁਰ ਪ੍ਰਕਰਿ ਵਰਣਨ] ਚੌਪਈ

ਸੂਚੀ ਸੰਖਜਾ ਅਰ ਪ੍ਰਸਤਾਰ । ਨਸ਼ਟੋ ਦ੍ਰਿਸ਼ਟ ਸੁ ਮੇਰੁ ਵਿਚਾਰ ।
ਖੰਡ ਮੇਰੁ ਪਾਤਾਲ ਪਤਾਕਾ । ਹੋਰ ਮਰਕਟੀ ਦਸਵਾਂ ਆਖਾ ॥ ੨ ॥

ਦੋਹਿਰਾ

ਪ੍ਰਗਟ ਕਰੇ ਲਾਵੱਨਜਤਾ ਸਰਬ ਗੁਰੂ ਅਧਿਕਾਰ ।
ਕਾਮ ਧੇਨ ਸੋ ਜਾਨ ਗੁਰ ਜਿਸ ਬਿਨ ਸਭੇ ਅਸਾਰ ॥ ੩ ॥

ਫੇਰ ਦੋਹਿਰਾ

ਕੋਈ ਕਵਿ ਨੌਂ ਛੇ ਕਰੇ ਕੋਈ ਅਠ ਪ੍ਰਕਾਰ ।
ਕਹੇ ਗਿਆਰਾਂ ਭਾਂਤ ਸੋ ਲੱਛਣ ਬੰਨਗਿ ਧਾਰ ॥ ੪ ॥

[ਮਾਤ੍ਰਕ ਸਮ ਪ੍ਰਕਰਣ ਦੇ ਗੁਰ ਵਰਣਨ]

(੧) ਪ੍ਰਸਤਾਰ ਲੱਛਣ । ਦੋਹਿਰਾ

ਜਿਤਨੀ ਕਲਪਤ ਮੱਤ ਦੇ ਜਿਤਨੇ ਹੋਣ ਪ੍ਰਕਾਰ ।
ਸੰਖਜਾ ਰੂਪ ਦਿਖੌਣ ਨੂੰ ਆਖਣ ਕਵਿ ਪ੍ਰਸਤਾਰ ॥ ੫ ॥

* ਜੋ ਬੋਧ ਦਾ ਕਾਰਣ ਹੋਵੇ 'ਪ੍ਰਤਜਯ' ਅਥਵਾ 'ਗੁਰ' ਕਹਾਉਂਦਾ ਹੈ ।

ਅਰਥਾਤ ਜਿਤਨੀਆਂ ਮਾਤਰਾਂ ਦੇ ਜਿਤਨੇ ਭੇਦ ਹੋ ਸਕਦੇ ਹੋਣ ਉਤਨੇ ਰੂਪ ਅਤੇ ਉਹਨਾਂ ਦੀ ਗਿਣਤੀ ਦਿਖੌਣ ਨੂੰ ਪ੍ਰਸਤਾਰ ਕਰਨਾ ਕਹਿੰਦੇ ਹਨ।

[ਸਿੱਧਾ ਉਤੱਰਵਾਂ ਮਾਤ੍ਰਕ ਪ੍ਰਸਤਾਰ ਵਰਣਨ]

ਗੱਦਜ – ਮਾਤ੍ਰਕ ਪ੍ਰਸਤਾਰ ਦੇ 'ਟੌਂਕ ਅਰ ਜਿਸਤ' ਦੇ ਦੋ ਭੇਦ ਹਨ। ਜੈਸੇ ੩-੫-੭ ਆਦਿ ਟੌਂਕ ਅਤੇ ੨-੪-੬ ਆਦਿ ਜਿਸਤ ਮਾਤ੍ਰਾ ਹਨ, ਤਿਵੇਂ ਓਹਨਾਂ ਦਾ ਪ੍ਰਸਤਾਰ ਭੀ ਟੌਂਕ, ਜਿਸਤ ਕਹਾਉਂਦਾ ਹੈ। ਜੇਕਰ ਜਿਸਤ ਮਾਤਰਾਂ ਦਾ ਪ੍ਰਸਤਾਰ ਕਰਨਾ ਹੋਵੇ ਤਾਂ ਪਹਿਲਾ ਭੇਦ ਉਸਦਾ ਨਿਰਾ ਗੁਰੂ ਅੱਖਰਾਂ ਦਾ ਹੁੰਦਾ ਹੈ ਕਿਉਂਕਿ ਗੁਰੂ ਦੀਆਂ ਮਾਤਰਾਂ ਦੋ ਹੋਣ ਕਰਕੇ ਜਿਤਨੀਆਂ ਜਿਸਤ ਮਾਤ੍ਰਾਂ ਹੋਣ ਓਹਨਾਂ ਦੇ ਅੱਧੇ ਗੁਰੂ ਬਣ ਸਕਦੇ ਹਨ। ਜੈਸੇ ਚਾਰ ਮਾਤਰਾਂ ਦੇ ਦੋ ਗੁਰੂ ਬਣਦੇ ਹਨ, ਅਤੇ ਉਨ੍ਹਾਂ ਦਾ '*SS*' ਇਹ ਰੂਪ ਹੈ, ਅਤੇ ਟੌਂਕ ਪ੍ਰਸਤਾਰ ਵਿੱਚ ਪਹਿਲਾਂ ੧ ਲਘੁ (।) ਰੱਖ ਕੇ ਅੱਗੇ ਜਿੰਨੀਆਂ ਜਿਸਤ ਮਾਤਰਾਂ ਰਹੀਆਂ ਓਹਨਾਂ ਦੇ ਗੁਰੂ ਬਣਾਕੇ ਓਹਨਾਂ ਦੇ ਰੂਪ ਰੱਖੇ ਜਾਂਦੇ ਹਨ। ਜੈਸੇ ਪੰਜਾਂ ਮਾਤਰਾਂ ਦੇ ਪ੍ਰਸਤਾਰ ਵਿਚ ਪਹਿਲਾਂ ਲਘੂ ਮਾਤਰਾਂ ਦਾ '।' ਇਹ ਚਿੰਨ੍ਹ ਰੱਖਿਆ ਤਾਂ ਪਿੱਛੇ ੪ ਮਾਤ੍ਰਾਂ ਰਹੀਆਂ, ਜਿਨ੍ਹਾਂ ਦੇ ਦੋ ਗੁਰੂ ਬਣਾ ਕੇ '*SS*' ਇਹ ਰੂਪ ਲਿਖਿਆ, ਤਾਂ ੫ ਮਾਤਰਾਂ ਦਾ ਪਹਿਲਾ ਭੇਦ '| *S S*' ਇਹ ਬਣਿਆਂ। ਇਸੇ ਤਰ੍ਹਾਂ ੮ ਮਾਤਰਾਂ (ਜਿਸਤ ਮਾਤਰਾਂ) ਦਾ ਪਹਿਲਾ '*S SS S*' ਇਹ ਰੂਪ ਹੈ, ਅਤੇ 7 ਮਾਤਰਾਂ ਦਾ ਪਹਿਲਾ ਰੂਪ '| *SS S*' ਇਹ ਹੈ।

[ਸਿੱਧ ਉਤਰਵਾਂ ਪ੍ਰਸਤਾਰ ਬਣੌਣ ਦੀ ਰੀਤੀ] ਸੁੰਦ੍ਰੀ ਸੈ੍ਯਾ।

ਗੁਰ ਆਦਿ ਤਲੇ ਰੱਖ ਇੱਕ ਲਘੁ ਫਿਰ ਉੱਪਰ ਦੇ ਸਮ ਚਿੰਨ੍ਹ ਲਗਾਵੈ।
ਥੁੜਦੀ ਗਿਣ ਮੱਤ ਸਭੇ ਜਿਤਨੀ ਪਹਿਲਾਂ ਕਰ ਦੀਰਘ ਪਾਛਹ ਪਾਵੈ।
ਅਥਵਾ ਲਘੁ ਹੋ ਗੁਰ ਨਾ ਬਣਦਾ, ਬਣਕੇ ਫਿਰ ਇੱਕ ਲਘੁ ਰਹਿ ਜਾਵੈ।
ਤਿਉ ਹੀ ਲਘੁ ਨੂੰ ਲਿਖ ਕੇ ਸਭ ਅੰਤ ਲਘੁ ਤਕ ਏ ਪ੍ਰਸਤਾਰ ਬਣਾਵੈ ॥੬॥

ਅਰਥਾਤ ਉੱਪਰ ਕਹੇ ਹੋਏ ਟੌਂਕ ਅਤੇ ਜਿਸਤ ਮਾਤਰਾਂ ਦੇ ਅਨੁਸਾਰ ਪਹਿਲਾ ਭੇਦ ਲਿਖ ਕੇ ਜੇ ਉਸ ਭੇਦ ਵਿੱਚ ਆਦਿ ਗੁਰੂ ਹੋਵੇ ਉਸ ਦੇ ਹੇਠਾਂ ਲਘੂ (।) ਦਾ ਚਿੰਨ੍ਹ ਲਗਾਵੇ, ਅਤੇ ਅਗਾਹਾਂ ਸੱਜੇ ਪਾਸੇ ਉਪਰਲੇ ਭੇਦ ਦਾ ਉਤਾਰ ਹੀ ਉਤਾਰ ਲਵੇ, ਫੇਰ ਲਘੁ ਦੀ ਇੱਕ, ਗੁਰੂ ਦੀਆਂ ਦੋ ਦੇ ਹਿਸਾਬ ਮਾਤਰਾਂ ਗਿਣੇਂ, ਜਿੰਨੀਆਂ ਥੁੜਨ ਓਹਨਾਂ ਦੇ ਜਿੰਨੇ ਗੁਰੂ ਬਣ ਸਕਣ ਉਹਨਾਂ ਨੂੰ ਪਹਿਲਾਂ ਖੱਬੇ ਪਾਸੇ ਲਿਖੇ, ਜੇਕਰ ਪਹਿਲਾਂ ਹੀ ਲਘੂ ਥੁੜੇ (ਜਿਸ ਤੋਂ ਗੁਰੂ ਨਾ ਬਣੇ) ਤਾਂ ਉਸ ਨੂੰ ਹੀ ਖੱਬੇ ਪਾਸੇ ਲਿਖੇ। ਇਸੇ ਤਰ੍ਹਾਂ ਹਰ ਇਕ ਭੇਦ ਦੇ ਹੇਠਾਂ ਏਹੀ ਕ੍ਰਿਯਾ ਕਰਦਾ ਭੇਦ ਵਧਾਉਂਦਾ ਜਾਵੇ, ਜਿੱਥੇ ਸਾਰੇ ਲਘੂ ਹੀ ਆ ਜਾਣਗੇ ਓਥੇ ਪ੍ਰਸਤਾਰ ਮੁੱਕੇਗਾ, ਅਤੇ ਜਿਤਨੇ ਰੂਪ ਬਣੇ ਹਨ ਉਤਨੇ ਹੀ ਛੰਦ ਦੇ ਭੇਦ, ਸੰਖਜਾ, ਉਦਿਸ੍ਰਾਂਕ, ਸੂਚੀ, ਅੰਕ ਅਤੇ ਪੂਰਨਾਂਕ ਸਦਾਉਂਦੇ ਹਨ।

Sri Satguru Jagjit Singh Ji eLibrary NamdhariElibrary@gmail.com

੪ ਅਤੇ ੫ ਮਾਤਰਾਂ ਦੇ ਪ੍ਰਸਤਾਰ ਦੀ ਵੰਨਗੀ :-

| ਗਿਣਤੀ | ਰੂਪ | ਗਿਣਤੀ | ਰੂਪ |
|---|---|---|---|
| ੧ | S S | ੧ | I S S |
| ੨ | II S | ੨ | S I S |
| ੩ | II | ੩ | III |
| ੪ | S II | ੪ | S S I |
| ੫ | IIII | ੫ | II S I S |
| | | ੬ | I S II |
| | | ੭ | S III |
| | | ੮ | IIIII |

੪ (ਚਾਰ) ਮਾਤਰਾਂ ਦੇ ਪ੍ਰਸਤਾਰ ਵਿਚ ਪਹਿਲਾ ਰੂਪ ੨ ਗੁਰੂ (SS) ਦਾ ਰੱਖਿਆ । ਦੂਜਾ ਭੇਦ ਦਿਖੌਣ ਲਈ ਪਹਿਲੇ ਗੁਰੂ ਹੇਠਾਂ ਲਘੂ (I) ਰੱਖਿਆ, ਫੇਰ ਅਗਾੜੀ ਪਹਿਲੇ ਭੇਦ ਦਾ ਉਤਾਰ (ਇਕੋ ਗੁਰੂ) ਰੱਖਿਆ ਤਾਂ ਇਸ ਭੇਦ ਵਿਚ ਤਿੰਨ ਮਾਤਰਾਂ ਹੀ ਹੋਈਆਂ ਇਕ ਥੁੜੀ, ਇਸ ਕਰਕੇ 'I' ਇਹ ਚਿੰਨ੍ਹ ਖਬੇ ਪਾਸੇ ਲਾਇਆ ਤਾਂ 'IIS' ਇਹ ਰੂਪ ਬਣਿਆਂ । ਤਾਂ ਤੀਜਾ ਭੇਦ ਬਣੌਣ ਲਈ ਗੁਰੂ (ਜੇਹੜਾ ਅੰਤ ਸਥਾਨ ਹੈ) ਦੇ ਹੇਠਾਂ ਲਘੂ ਰੱਖਿਆ, ਅੱਗੇ ਕੁਛ ਹੈ ਹੀ ਨਹੀਂ ਜੋ ਉਤਾਰੀਏ, ਇਸ ਕਰਕੇ ਇਸ ਭੇਦ ਵਿਚ ਇਕੋ ਹੀ ਮਾਤ੍ਰਾ ਹੋਈ, ਤਿੰਨ ਥੁੜੀਆਂ ਓਹਨਾਂ ਦਾ ਇਕ ਗੁਰੂ ਇਕ ਲਘੂ ਬਣਾਕੇ ਪਹਿਲਾਂ ਖੱਬੇ ਪਾਸੇ 'S' ਇਹ (ਗੁਰੂ ਦਾ) ਚਿੰਨ੍ਹ ਲਾ ਕੇ ਫੇਰ 'I' ਇਹ ਚਿੰਨ੍ਹ ਲਘੂ ਦਾ ਧਰਿਆ ਤਾਂ 'ISI' ਇਹ ਤੀਜਾ ਭੇਦ ਬਣਿਆਂ, ਹੁਣ ਚੌਥਾ ਭੇਦ ਬਣੌਣ ਲਈ ਤੀਜੇ ਭੇਦ ਦੇ (ਇਕੋ ਹੀ) ਗੁਰੂ ਹੇਠਾਂ ਲਘੂ (I) ਦਾ ਚਿੰਨ੍ਹ ਲਾਇਆ, ਅੱਗੇ ਉਤਲੇ ਭੇਦ ਦਾ ਉਤਾਰ (I) ਉਤਾਰਿਆ ਤਾਂ 'I I' ਇਹ ਰੂਪ ੨ ਮਾਤਰਾਂ ਵਾਲਾ ਬਣਿਆਂ, ਫੇਰ ੨ ਥੁੜੀਆਂ ਮਾਤਰਾਂ ਦਾ ਇਕ ਗੁਰੂ ਕਰਕੇ, ਖੱਬੇ ਪਾਸੇ 'S' ਇਹ ਚਿੰਨ੍ਹ ਲਾਇਆ ਤਾਂ ੪ ਮਾਤਰਾਂ ਪੂਰੀਆਂ ਕਰਕੇ ਚੌਥਾਂ ਰੂਪ 'SII' ਇਹ ਬਣਾਇਆ । ਫੇਰ ਪੰਜਵਾਂ ਰੂਪ ਬਣੌਣ ਲਈ ਗੁਰੂ ਹੇਠਾਂ (ਜੇਹੜਾਂ ਆਦਿ ਸਥਾਨ ਹੈ) ਲਘੂ 'I' ਲਾਇਆ, ਅਗਾਹਾਂ ਉਤਲੇ ਦੀ ਨਕਲ (I I) ਉਤਾਰੀ ਤਾਂ 'I I I' ਇਹ ਰੂਪ ਬਣਿਆ, ੧ ਮਾਤ੍ਰਾ ਥੁੜੀ, ਓਹਦਾ 'I' ਇਹ ਚਿੰਨ੍ਹ ਲਾਇਆ ਤਾਂ 'I I I I' ਇਹ (ਸਰਬ ਲਘੂ ਦਾ) ਰੂਪ ਬਣਿਆਂ ਇਥੇ ਪ੍ਰਸਤਾਰ ਦੀ ਸਮਾਪਤੀ ਹੋਈ ਅਤੇ ੪ ਮਾਤਰਾਂ ਦੇ ੫ ਰੂਪ ਬਣੇ ।

Sri Satguru Jagjit Singh Ji eLibrary NamdhariElibrary@gmail.com

ਇਸੇ ਤਰ੍ਹਾਂ ੫ ਮਾਤਰਾਂ ਦੇ ਪ੍ਰਸਤਾਰ ਵਿਚ (ਟੌਂਕ ਹੋਣ ਕਰਕੇ) ਆਦਿ ਰੂਪ ਵਿਚ ਲਘੁ (।) ਲਿਖ ਕੇ ੪ ਮਾਤਰਾਂ ਦੇ ਦੋ ਗੁਰੂ (*SS*) ਲਿਖੇ ਤਾਂ '।*SS*' ਇਹ ਰੂਪ ਬਣਿਆਂ। ਫੇਰ ਦੂਜਾ ਰੂਪ ਬਣੌਣ ਲਈ ਪਹਿਲੇ ਗੁਰੂ ਹੇਠ ਲਘੁ (।) ਦਾ ਚਿੰਨ੍ਹ ਲਾ ਕੇ ਉਤਲੇ ਭੇਦ ਦਾ ਉਤਾਰ (ਜੋ ਇਕੋ ਗੁਰੂ ਹੈ) ਉਤਾਰਿਆ ਤਾਂ '।*S*' ਇਹ ਰੂਪ ਬਣਿਆਂ, ਇਹਦੀਆਂ ਮਾਤ੍ਰਾਂ ਤਿੰਨ ਹੋਈਆਂ ੨ ਥੁੜੀਆਂ, ਉਹਨਾਂ ਦਾ ਇਕ ਗੁਰੂ (*S*) ਬਣਾ ਕੇ ਖਬੇ ਪਾਸੇ ਪਾਇਆ, ਦੁਜਾ '*S*।*S*' ਇਹ ਰੂਪ ਬਣਿਆਂ। ਹੁਣ ਤੀਜਾ ਭੇਦ ਬਣੌਣ ਲਈ ਆਦਿ ਗੁਰੂ ਹੇਠ ਲਘੁ (।) ਦਾ ਚਿੰਨ੍ਹ ਲਾ ਕੇ ਅੱਗੇ ਉਤਾਰ ਉਤਾਰ ਕੇ ਇਹ '। ।*S*' ਇਹ ਰੂਪ ਬਣਿਆਂ, ਪ੍ਰੰਤੂ ਏਹਦੇ ਵਿਚ ੪ ਮਾਤਰਾਂ ਹੋਣ ਕਰਕੇ ੧ ਥੁੜੀ ਦਾ ਲਘੁ ਖਬੇ ਪਾਸੇ ਪਾਇਆ ਤਾਂ '। । । *S* ' ਇਹ ਤੀਜਾ ਰੂਪ ਬਣਿਆਂ ਇਸੇ ਤਰ੍ਹਾਂ ਹੋਰ ਭੀ ਜਾਣੋਂ, ਅਤੇ ਇਸੇ ਰੀਤੀ ਨਾਲ ਮਾਤਰਾਂ ਦੇ ਅੱਠ, ੬ ਦੇ ੧੩, ੭ ਦੇ ੨੧ ਰੂਪ ਹੋਣਗੇ।

[ਸਿੱਧਾ ਚੜ੍ਹਾਵਾਂ ਪ੍ਰਸਤਾਰ ਕਰਨ ਦੀ ਰੀਤੀ]

**ਕਬਿੱਤ -** ਲਘੁ ਮੱਤ ਕਰ ਸਭ ਗੁਰੂ ਲਿਖ ਦੂਸਰੀ ਤੇ ਨਕਲ ਅਗਾਤੀ ਥੁੜੇ ਲਘੂ ਪਿੱਛੇ ਧਾਰੀਏ।
ਆਦਿ ਹੋਣ ਕਈ ਲਘੁ ਦੂਜਿਓਂ ਆਰੰਭ ਕਰੋ ਨਾ ਤੇ ਗੁਰੂ ਪਰੇ ਲਘੂ ਸਿਰ ਗੁਰੂ ਡਾਰੀਏ।
ਆਦਿ ਅੰਤ ਗੁਰੂ ਅਤੇ ਗੁਰੂ ਲਘੁ ਕ੍ਰਮ ਹੋਵੇ ਆਦਿ ਗੁਰੂ ਪਰੇ ਲਘੂ ਸਿਰੋਂ ਕੰਮ ਸਾਰੀਏ।
* ਆਦਿ ਅੰਤ ਇਕ ਲਘੁ ਅੰਤ ਤੋਂ ਆਰੰਭ ਕਰੋ ਐਸੇ ਦੂਜੀ ਭਾਂਤ ਪ੍ਰਸਤਾਰ ਨੂੰ ਪਸਾਰੀਏ।੭।

ਅਰਥਾਤ ਪਹਿਲਾ ਰੂਪ ਸਭ ਲਘੂ ਦਾ ਲਿਖ ਕੇ ਦੂਜਾ ਰੂਪ ਬਣੌਣ ਲਈ (ਆਦਿ ਵਲੋਂ) ਦੂਜੇ ਲਘੂ ਦੇ ਸਿਰ ਗੁਰੂ (*S*) ਰੱਖੋ, ਫੇਰ ਅਗਾੜੀ ਹੇਠਲਾ ਉਤਾਰ ਹੀ ਚੜ੍ਹਾਓ, ਜੇਹੜੀ ਮਾਤ੍ਰਾ ਥੁੜੇ ਉਹ ਸਭ ਲਘੂ ਹੀ ਕਰਕੇ ਖੱਬੇ ਪਾਸੇ ਪਾਓ, ਜੇਕਰ ਆਦਿ ਕਈ ( ।।।। ) ਔਣ ਤਾਂ ਭੀ ਦੂਜਿਓਂ ਹੀ ਆਰੰਭ ਕਰਨਾ ਹੋਊਗਾ ਅਤੇ '।।।*S*' ਰੂਪ ਤੋਂ ਉਤਲਾ ਰੂਪ '*S* । *S*' ( ।।।*S* ) ਇਉਂ ਬਣ ਕੇ '*S* । *S*' ਇਹ ਬਣੂੰਗਾ, ਪ੍ਰੰਤੂ ਜੇਕਰ ਆਦਿ ਵਲੋਂ ੧ ਹੀ ਲਘੁ ਹੋਵੇ ਅਗੇ ਗੁਰੂ (ਇਕ ਜਾਂ ਕਈ) ਹੋਣ ਅਤੇ ਫੇਰ ਲਘੁ ਤੁਰ ਪੈਣ ਤਾਂ ਅੰਤ ਗੁਰੂ ਦੇ ਪਰਲੇ ਲਘੂ ਉਤੋਂ ਗੁਰੂ ਲਿਖੋ, ਭਾਵੇਂ ਲਘੂ ਅੰਤ ਵਿਚ ਇਕ ਹੀ ਹੋਵੇ, ਜੇਕਰ ਆਦਿ ਅੰਤ ਗੁਰੂ ਹੋਵੇ ਅਥਵਾ ਗੁਰੂ ਲਘੂ (*S*। *S*। ਆਦਿ। ਕ੍ਰਮ ਹੋਵੇ ਤਾਂ ਪਹਿਲੇ ਗੁਰੂ ਤੋਂ ਅਗਾੜੀ ਜੋ ਲਘੂ ਹੈ ਓਸ ਤੋਂ ਕੰਮ ਸਾਰੇ, ਜੇਕਰ ਆਦਿ

---

* ਜੇ ਆਦ ਵਿਚ ਇਕ ਲਘੂ ਹੋਵੇ ਅਤੇ ਅਗਾਹਾਂ ਸਾਰੇ ਗੁਰੂ ਹੋਣ ਤਾਂ ਅੰਤਲੇ ਗੁਰੂ ਉਤੋਂ ਕ੍ਰਿਆ ਆਰੰਭ ਕਰਨੀ ਨਹੀਂ ਚਾਹੀਦੀ, ਕਿਉਂਕਿ ਜਿਸਤ ਮਾਤ੍ਰਾ ਦਾ ਤਾਂ ਅਜੇਹਾ ਰੂਪ ਕੋਈ ਭੀ ਨਹੀਂ ਹੁੰਦਾ, ਟੌਂਕ ਮਾਤ੍ਰਾ ਦਾ ਕੇਵਲ ਪਹਿਲਾ ਰੂਪ ਹੀ ਹੁੰਦਾ ਹੈ ਜੋ ਕਿ ਏਸ (ਚੜ੍ਹਦੇ) ਭਾਂਤ ਦੇ ਯਸਤਾਰ ਦਾ ਅੰਤਲਾ ਰੂਪ ਹੈ, ਉਸ ਤੋਂ ਪਰੇ ਪ੍ਰਸਤਾਰ ਵਧ ਹੀਂ ਨਹੀਂ ਸਕਦਾ। ਇਸ ਲਈ ਆਦਿ ਅਤੇ ਅੰਤ ਵਿਚ ਕੇਵਲ ਇਕ ੨ ਹੀ ਲਘੂ ਹੋਵੇ ਅਥਵਾ ਅੰਤ ਇਕ ਹੀ ਲਘੂ ਹੋਵੇ ਤਾਂ ਉਕਤ ਕ੍ਰਿਆ ਕਰਨ ਦਾ ਤਾਤਪ੍ਰਯ ਹੈ।

ਅਤੇ ਅੰਤ ਵਿਚ ਇਕੋ ਲਘੂ ਹੋਵੇ ਤਾਂ ਅੰਤ ਲਘੂ ਤੋਂ ਹੀ ਚਲਣਾ ਚਾਹੀਏ। ਐਸੀ ਰੀਤੀ ਨਾਲ ਪ੍ਰਸਤਾਰ ਬਧਾਓ, ਛੇਕੜਲਾ (ਉਤਲਾ) ਰੂਪ ਇਹਦਾ ਜੋ ਹੈ ਪਹਿਲੀ ਪ੍ਰਸਤਾਰ ਦਾ ਓਹੀ ਆਦਿ ਰੂਪ ਹੈ।

ਪ ਅਤੇ ੬ ਮਾਤਰਾਂ ਦੇ ਪ੍ਰਸਤਾਰ ਦੀ ਬੰਨਗੀ ਦੇਖੋ :

| ਪ ਮਾਤ੍ਰਾ | | ੬ ਮਾਤ੍ਰਾ |
|---|---|---|
| ਰੂਪ | ਗਿਣਤੀ | ਰੂਪ |
| | ੧੩ | SSS |
| | ੧੨ | IISS |
| | ੧੧ | ISIS |
| | ੧੦ | SIIS |
| | ੯ | IIIIS |
| ISS | ੮ | ISS |
| SIS | ੭ | SISI |
| IIIS | ੬ | IIISI |
| SSI | ੫ | SSII |
| IISI | ੪ | IISII |
| ISII | ੩ | ISIII |
| SIII | ੨ | SIIII |
| IIIII | ੧ | IIIIII |

ਪ ਮਾਤਰਾਂ ਦੇ ਪ੍ਰਸਤਾਰ ਵਿਚ ਪੰਜੇ ਲਘੂ (IIIII) ਰਖੋ ਤਾਂ ਦੂਜਾ ਭੇਦ ਬਣੌਣ ਲਈ ਦੂਜੇ ਲਘੂ ਸਿਰ ਗੁਰੂ(S) ਰਖਿਆਂ ਅੱਗੇ ਹੇਠਲੇ ਦਾ ਉਤਾਰ (I I I) ਚੜ੍ਹਾਇਆ ਤਾਂ 'SIII ਇਹ ਰੂਪ ਬਣਿਆ, ਮਾਤਰਾਂ ਪੂਰੀਆਂ ਪੰਜ ਹੀ ਹਨ। ਫਿਰ ਤੀਜੇ ਭੇਦ ਲਈ ਇਸ ਭੇਦ ਵਿਚ ਜੋ ਲਘੂ ਗੁਰੂ ਤੋਂ ਪਰੇ ਹੈ, ਓਹਦੇ ਉਤੇ (S) ਲਿਖ ਕੇ ਅੱਗੇ ਉਤਾਰ (II) ਚੜ੍ਹਾਯਾ ਤਾਂ ਇਸ ਵਿਚ ਚਾਰ ਮਾਤਰਾਂ ਹੋਣ ਕਰਕੇ ਇਕ ਥੁੜੀ, ਉਸ ਦਾ 'I' ਇਹ ਚਿੰਨ੍ਹ ਕਰਕੇ ਖੱਬੇ ਲਾਇਆ ਤਾਂ ਤੀਜਾ ਰੂਪ 'ISII' ਇਹ ਬਣਿਆ। ਫੇਰ ਚੌਥਾ ਬਣੌਣ ਲਈ ਗੁਰੂ ਦੇ ਪਰੇ ਜੋ ਲਘੂ ਹੈ ਉਸ ਤੋਂ ਗੁਰੂ (S) ਲਿਖਕੇ ਅੱਗੇ ਹੇਠਲਾ ਰੂਪ (I) ਲਿਖ ਕੇ 'S I' ਇਹ ਰੂਪ ਬਣਿਆਂ, ਇਹਦੇ ਵਿਚ ੨ ਥੁੜੀਆਂ ਮਾਤਰਾਂ ਦੇ ਦੋ ਲਘੂ (I I) ਖਬੇ ਲਿਖੇ ਤਾਂ 'IISI' ਇਹ ਰੂਪ ਬਣਿਆਂ,

ਹੁਣ ਪੰਜਵਾਂ ਬਣੌਣ ਲਈ (ਆਦਿ ਦੇ ਲਘੂ ਹੋਣ ਕਰਕੇ) ਦੂਜੇ ਲਘੂ ਸਿਰ ਗੁਰੂ (S) ਲਾ ਕੇ ਅਗੇ ਹੇਠਲਾ ਰੂਪ (S I) ਲਿਖਿਆ ਤਾਂ 'SS I' ਇਹ ਰੂਪ ਬਣਿਆ, ਫੇਰ ਛੇਵੇਂ ਲਈ ਲਘੂ (ਜੇਹੜਾ ਅੰਤ ਸਥਾਨ ਹੈ) ਦੇ ਸਿਰ ਗੁਰੂ ਰੱਖਿਆ ਇਸ ਦੀਆਂ ੨ ਮਾਤਰਾਂ ਹੋਣ ਕਰਕੇ ਇਸ ਭੇਦ ਵਿੱਚੋਂ ੩ ਮਾਤਰਾਂ ਥੁੜੀਆਂ ਓਹਨਾਂ ਦੇ ੩ ਲਘੂ ( III ) ਖੱਬੇ ਲਿਖੇ ਤਾਂ ਇਹ 'I I I S ' ਰੂਪ ਬਣਿਆਂ। ਫੇਰ ੭ ਵਾਂ ਬਣੌਣ ਲਈ ਦੂਜੇ ਲਘੂ ਸਿਰ ਗੁਰੂ (S) ਰੱਖ ਕੇ ਅੱਗੇ 'IS' ਇਹ (ਉਤਾਰ) ਲਿਖਿਆ ਤਾਂ 'SIS ' ਇਹ ਰੂਪ ਬਣਿਆਂ ਅਤੇ ੮ਵਾਂ ਰੂਪ ਬਣੌਣ ਨੂੰ ਲਘੂ (ਜੋ ਗੱਭੇ ਹੀ ਹੈ) ਸਿਰ ਗੁਰੂ (S) ਰੱਖਕੇ ਅਗਾੜੀ 'S' ਇਹ ਚੜ੍ਹਾਇਆ ਤਾਂ ੧ ਮਾਤ੍ਰਾ ਥੁੜਦੀ ਦਾ ੧ ਲਘੂ ਕਰਕੇ ਖੱਬੇ

ਲਿਖਿਆ, ਸੋ '।SS' ਇਹ ਰੂਪ ਬਣਿਆਂ, ਏਥੇ ਪ੍ਰਸਤਾਰ ਦੀ ਸਮਾਪਤੀ ਹੋਈ, ੫ ਮਾਤਰਾਂ ਦੇ (੮) ਰੂਪ ਬਣੇਂ । ਇਹਦੇ ਟੌਂਕ ਪ੍ਰਸਤਾਰ ਦਾ ਛੇਕੜਲਾ ਰੂਪ ਆਦਿ ਲਘੁ ਅਤੇ ਫੇਰ ਗੁਰੂਆਂ ਵਾਲਾ ਅਤੇ ਜਿਸਤ ਦਾ ਸਰਬ ਗੁਰੂਆਂ ਵਾਲਾ ਹੁੰਦਾ ਹੈ । ਦੇਖੋ ਉਤੇ ਪ੍ਰਸਤਾਰ ੫-੬ ਮਾਤ੍ਰਾ ਦਾ ਏਵੇਂ ਹੀ ਹੋਰ ਜਾਣੋਂ ।

ਇਤਿ ਸਿੱਧਾ ਪ੍ਰਸਤਾਰ ।

ਉਤਰਵਾਂ (ਪੁਠਮਥਾਨ) ਪ੍ਰਸਤਾਰ ਵਰਣਨ ।

ਕਬਿੱਤ

**ਟੌਂਕ ਮੱਤ ਅੰਤ ਲਘੁ ਜਿਸਤ ਬਨਾਇ ਗੁਰੂ ਮੱਤ ਆਦਿ ਰੂਪ ਪੁੱਟ ਥਾਨ ਦਾ ਬਣਾਈਏ ।**
**ਅੰਤ ਗੁਰੂ ਹੇਠ ਲਘੁ ਉਪਰੋਂ ਉਤਾਰ ਖੱਬੇ ਥੁੜੀ ਮੱਤ ਕਰ ਗੁਰੂ ਲਘੁ ਸੱਜੇ ਪਾਈਏ ।**
**ਆਦਿ ਵਿਚ ਮੱਧ ਵਿਚ ਇਕ ਹੀ ਜਾਂ ਹੋਇ ਗੁਰੂ ਓਸਤੋਂ ਆਰੰਭ ਅੰਤ ਲਘੁ ਹੀ ਲਿਆਈਏ ।**
**ਗੁਰੂ ਲਘੁ ਥਾਨ ਕਰ ਉਲਟਾ ਹਰੇਕ ਭੇਦ ਐਸੇ ਪੁਠਥਾਨ ਪ੍ਰਸਤਾਰ ਨੂੰ ਸਜਾਈਏ ॥ ੮ ॥**

ਹੇਠਲੇ ਕੋਠੇ ਵਿਚ ੫-੬ ਮਾਤਰਾਂ ਦੇ ਪ੍ਰਸਤਾਰ ਦੀ ਬੰਨਗੀ ਦੇਖੋ :

ਇਹਦੇ ਵਿੱਚ ੫ ਮਾਤਰਾਂ ਦੇ ਪ੍ਰਸਤਾਰ ਕਰਨ ਲਈ ਪਹਿਲੇ ਭੇਦ ਵਿੱਚ ਦੋ ਗੁਰੂ (SS) ਰੱਖ ਕੇ ਇਕ ਲਘੁ ਅੱਗੇ ਪਾਇਆ । ਫੇਰ ਦੂਜਾ ਭੇਦ ਬਣੌਣ ਲਈ ਛੇਕੜਲੇ ਗੁਰੂ (ਜੇਹੜਾ ਦੂਏ ਥਾਉਂ ਹੈ) ਹੇਠਾਂ ਲਘੁ ਦਾ ਚਿੰਨ੍ਹ (।) ਲਿਖਯਾ, ਖੱਬੇ ਪਾਸੇ ਉਤਲਾ ਹੀ ਉਤਾਰ (ਇੱਕੋ ਗੁਰੂ) ਉਤਾਰਿਆ ਤਾਂ 'S ।' ਇਹ ਰੂਪ ਬਣਿਆਂ, ਫੇਰ ਦੋ ਮਾਤਰਾਂ ਥੁੜੀਆਂ ਉਨ੍ਹਾਂ ਦਾ ੧ ਗੁਰੂ (S) ਅੱਗੇ ਲਿਖਿਆ ਤਾਂ 'S ।S ' ਇਹ ਰੂਪ ਬਣਿਆ । ਫੇਰ ਤੀਜੇ ਲਈ ਅੰਤ ਗੁਰੂ ਹੇਠਾਂ (ਜੋ ਤੀਜੇ ਥਾਂ ਹੈ) ਲਘੁ ਰੱਖਕੇ ਖੱਬੇ ਪਾਸੇ ਉਤਲਾ ਉਤਾਰ (S।) ਉਤਾਰਿਆ ਤਾਂ 'S।।' ਇਹ ਰੂਪ ਬਣਿਆਂ, ਇਹਦੀਆਂ ੪ ਮਾਤਰਾਂ ਹੋਣ ਕਰਕੇ ਇੱਕ ਲਘੁ ਸੱਜੇ ਪਾਸੇ ਲਿਖਿਆ ਤਾਂ 'S।।।' ਇਹ ਰੂਪ ਬਣਿਆਂ । ਫੇਰ ਚੌਥੇ ਲਈ ਗੁਰੂ ਹੇਠਾਂ (ਜੇਹੜਾਂ ਆਦਿ ਹੀ ਹੈ) ਲਘੁ (।) ਰੱਖਿਆ, ਖੱਬੇ ਪਾਸੇ ਕੁਝ ਨਹੀਂ, ਇਸ ਕਰਕੇ ੪ ਮਾਤਰਾਂ ਥੁੜੀਆਂ, ਉਨ੍ਹਾਂ ਦੇ ੨ ਗੁਰੂ (SS) ਕਰਕੇ ਸੱਜੇ ਪਾਸੇ ਲਿਖੇ ਤਾਂ '।SS ' ਇਹ ਰੂਪ ਬਣਿਆਂ । ਫੇਰ ਪਵਾਂ ਬਣੌਣ ਲਈ ਛੇਕੜਲੇ ਗੁਰੂ ਹੇਠਾਂ ਲਘੁ (।) ਰੱਖ ਕੇ ਖੱਬੇ ਪਾਸੇ ਉਤਲੇ ਦਾ ਉਤਾਰ (।S) ਉਤਾਰਿਆ ਤਾਂ '।S।' ਇਹ ਰੂਪ ਬਣਿਆਂ, ਇਕ ਥੁੜੀ ਮਾਤ੍ਰਾ ਦਾ (।) ਲਘੁ ਸੱਜੇ ਪਾਸੇ ਲਾ ਕੇ ਪੰਜਵਾਂ ਭੇਦ '।S।।' ਐਉਂ ਬਣਾਇਆ । ਛੇਵੇਂ ਲਈ ਆਦਿ ਗੁਰੂ ( ਜੋ ਦੂਜੇ ਥਾਂ ਹੈ) ਹੇਠਾਂ ਲਘੁ (।) ਰੱਖਿਆ ਖੱਬੇ ਉਤਲਾ ਲਘੁ (।) ਉਤਾਰਿਆ ਤਾਂ '। ।'

| ੫ | | ੬ |
|---|---|---|
| ਰੂਪ | ਗਿਣਤੀ | ਰੂਪ |
| SS। | ੧ | SSS |
| S।S | ੨ | SS।। |
| S।।। | ੩ | S।S। |
| ।SS | ੪ | S।।S |
| ।S।। | ੫ | S।।।। |
| ।।S। | ੬ | ।SS। |
| ।।।S | ੭ | ।S।S |
| ।।।।। | ੮ | ।S।।। |
| | ੯ | ।।SS |
| | ੧੦ | ।।S।। |
| | ੧੧ | ।।।S। |
| | ੧੨ | ।।।।S |
| | ੧੩ | ।।।।।। |

ਇਹ ਰੂਪ ਬਣਿਆਂ ਤਾਂ ੩ ਖੁੜੀਆਂ ਦਾ ੧ ਗੁਰੂ (S) ਫੇਰ ੧ ਲਘੂ (।) ਕਰਕੇ ਸੱਜੇ ਪਾਇਆ ਤਾਂ '।।S।' ਇਹ ਰੂਪ ਬਣਿਆ ੭ ਵੇਂ ਲਈ ਗੁਰੂ (ਤੀਜੇ ਥਾਂਉਂ ਵਾਲੇ) ਹੇਠਾਂ ਲਘੂ ਰੱਖਕੇ ਖੱਬੇ ਪਾਸੇ ਉਤਲੇ (। ।) ਉਤਾਰ ਕੇ '।।।' ਇਹ ਰੂਪ ਬਣਾਕੇ ੨ ਮਾਤ੍ਰਾਂ ਖੁੜੀਆਂ ਦਾ ਇਕ ਗੁਰੂ (S) ਸੱਜੇ ਪਾਸੇ ਪਾਕੇ '।।।S' ਇਹ ਰੂਪ ਬਣਾਇਆ ! ਫੇਰ ਛੇਕੜਲੇ ਗੁਰੂ ਹੇਠਾਂ ਲਘੂ (।) ਰੱਖਕੇ ਉਤਲੇ ੩ ਲਘੂ (।।।) ਉਤਾਰ ਕੇ '।। ।।' ਇਹ ਰੂਪ ਬਣਾ ਕੇ ਖੁੜੀ ਇੱਕ ਮਾਤਰਾਂ ਦਾ ਸੱਜੇ ਪਾਸੇ ਲਘੂ (।) ਲਾ ਕੇ ।।।।।' ਇਹ ਅੱਠਵਾਂ ਰੂਪ ਬਣਾਇਆ ਤਾਂ ਪ੍ਰਸਤਾਰ ਮੁੱਕਾ । ਇਸੇ ਤਰ੍ਹਾਂ ਹੀ ਹੋਰ ਭੀ ਕਰਨੇ ।

(ਉਤਰਵਾਂ ਪੁਠੇਗਣ ਪ੍ਰਸਤਾਰ ਕਰਨ ਦੀ ਰੀਤੀ)

### ਕਬਿੱਤ

ਪੁਠਗੇਣ ਪ੍ਰਸਤਾਰ ਧਾਰ ਸੱਭ ਆਦਿ ਲਘੁ ਰੂਪ ਦੂਜੇ ਲਘੂ ਪੈਰ ਵਿੱਚ ਗੁਰੂ ਡਾਰੀਏ ।
ਉਤਲਾ ਉਤਾਰ ਸੱਜੇ ਖੁੜੀ ਮੱਤ ਲਘੂ ਕਰ ਪਾਇ ਪਾਇ ਖੱਬੇ ਐਸੇ ਸੱਭ ਰੂਪ ਧਾਰੀਏ ।
ਆਦਿ ਅੰਤ ਕਈ ਲਘੁ ਪਹਿਲਿਆਂ ਤੋਂ ਮੁਢ ਧਰੋ ਅੰਤ ਹੋਵੇ ਇਕ ਲਘੁ ਓਸੇ ਤੋਂ ਖਿਲਾਰੀਏ ।
ਆਦਿ ਗੁਰੂ ਅੱਗੇ ਲਘੁ ਹੇਠ ਤੋਂ ਆਰੰਭ ਕਰੋ ਆਦਿ * ਅੰਤ ਮੱਧ ਲਘੁ ਇੱਕ ਜਾਂ ਵਿਚਾਰੀਏ ।। ੯ ।।

Sri Satguru Jagjit Singh Ji eLibrary NamdhariElibrary@gmail.com

ਹੁਣ ਇਹਦੇ ਵਿਚ ੫ ਮਾਤਰਾਂ ਦਾ ਪ੍ਰਸਤਾਰ ਕਰਨ ਲਈ ਪਹਿਲਾਂ ਸਭ ਲਘੂ ਹੇਠ ਗੁਰੂ (*S*) ਰੱਖ ਕੇ ਅੱਗੇ ਉਤਲਾ ਰੂਪ ਉਤਾਰਿਆ ਤਾਂ '*S*।।।' ਇਹ ਰੂਪ

ਹੇਠਲੇ ਕੋਠੇ ਵਿਚ ੫-੬ ਮਾਤ੍ਰਾਂ ਦੇ ਪੁਠਗੇਣ ਦੀ ਬੰਨਗੀ ਦੇਖੋ :-

| ਸਿੱਧੀ ਗਿਣਤੀ | ਰੂਪ | ਪੁੱਠੀ ਗਿਣਤੀ | ਰੂਪ | ਸਿੱਧੀ ਗਿਣਤੀ |
|---|---|---|---|---|
| ੮ | ।।।।। | ੧ | ।।।।।। | ੧੩ |
| ੭ | *S*।।। | ੨ | *S*।।।। | ੧੨ |
| ੬ | ।*S*।।। | ੩ | ।*S*।। | ੧੧ |
| ੫ | ।।*S*। | ੪ | ।।*S*।। | ੧੦ |
| ੪ | *SS*। | ੫ | *SS*।। | ੯ |
| ੩ | ।।।*S* | ੬ | ।।।*S*। | ੮ |
| ੨ | *S*।*S* | ੭ | *S*।*S*। | ੭ |
| ੧ | ।*SS* | ੮ | ।*SS*। | ੬ |
| | | ੯ | ।।।।*S* | ੫ |
| | | ੧੦ | *S*।।*S* | ੪ |
| | | ੧੧ | ।*S*।*S* | ੩ |
| | | ੧੨ | ।।*SS* | ੨ |
| | | ੧੩ | *SSS* | ੧ |

---

* ਜੇ ਅੰਤ ਵਿਚ ਇੱਕ ਲਘੂ ਹੋਵੇ ਅਤੇ ਆਦ ਸਰਬ ਗੁਰੂ ਹੋਣ ਤਾ ਅੰਤਲੇ ਲਘੂ ਹੇਠ ਗੁਰੂ ਰੱਖਕੇ ਜੋ ਕਾਰਜ ਆਰੰਭ ਕੀਤਾ ਜਾਂਦਾ ਹੈ ਓਹ ਭਾਵੇਂ ਅੰਤ ਗੁਰੂ ਪਰਲੇ ਲਘੂ ਹੇਠ ਤੋਂ ਹੁੰਦਾ ਪ੍ਰਤੀਤ ਹੁੰਦਾ ਹੈ, ਪ੍ਰੰਤੂ ਆਦ ਗੁਰੂ ਦੇ ਪਰੇ ਕੋਈ ਲਘੂ ਨਾ ਹੋਣ ਕਰਕੇ ਅੰਤਲੇ ਗੁਰੂ ਨੂੰ ਆਦ ਗੁਰੂ ਮੰਨ ਕੇ ਹੀ ਕੀਤਾ ਜਾਂਦਾ ਹੈ, ਕਿਉਂਕਿ ਓਹਤੋਂ ਪਹਿਲਾਂ ਕੋਈ ਗੁਰੂ ਨਹੀਂ ਜੋ ਅੰਤ ਲਘੂ ਰੱਖਦਾ ਹੋਵੇ। ਦੇਖੋ ੫ ਮਾਤ੍ਰਾਂ ਦੇ ਪਵੇਂ ਰੂਪ ਤੋਂ ਛੇਵੇਂ ਬਣੇਂਣ ਦੀ ਕ੍ਰਿਆ।

Sri Satguru Jagjit Singh Ji eLibrary NamdhariElibrary@gmail.com

ਬਣਿਆਂ, ਤੀਜਾ ਭੇਦ ਬਣੌਣ ਲਈ ਦੂਏ ਥਾਂ ਵਾਲੇ ਚਿੰਨ੍ਹ ਹੇਠ ਗੁਰੂ (*S*) ਰੱਖ ਕੇ ਅਗਾੜੀ ਉਤਲਾ (।।) ਹੀ ਰੱਖਿਆ ਤਾਂ '*S*।।' ਇਹ ਰੂਪ ਬਣਿਆਂ, ੪ ਮਾਤਰਾਂ ਹੋਈਆਂ ਤਾਂ ੧ ਮਾਤ੍ਰਾ ਥੁੜੀ ਦਾ ਲਘੂ (।) ਚਿੰਨ੍ਹ ਖੱਬੇ ਰੱਖ ਕੇ '।*S*।।' ਇਹ ਰੂਪ ਬਣਾਇਆ, ਫੇਰ ਚੌਥਾ ਭੇਦ ਬਣੌਣ ਲਈ ਪਿਛਲੇ ਲਘੂਆਂ ਦੇ ਜੋੜੇ ਵਿਚੋਂ ਆਦਿਲੇ ਹੇਠ (ਗੁਰੂ ਦੇ ਪਰਲੇ ਲਘੂ ਹੇਠਾਂ) ਗੁਰੂ ਰੱਖ ਕੇ ਅਗਾੜੀ ਓਤਲਾ ਲਘੂ (।) ਹੀ ਉਤਾਰਿਆ ਤਾਂ '*S*।' ਇਹ ਰੂਪ ਬਣਿਆਂ, ੨ ਮਾਤਰਾਂ ਘੱਟ ਹੋਣ ਕਰਕੇ ਖੱਬੇ ਪਾਸੇ ੨ ਲਘੂ (।।) ਲਿਖਕੇ ।।*S*।' ਇਹ ਚੌਥਾ ਰੂਪ ਬਣਾਇਆ। ਫੇਰ ਪੰਜਵੇਂ ਲਈ ਦੂਜੇ ਲਘੂ ਦੇ ਹੇਠ ਗੁਰੂ (*S*) ਰੱਖ ਕੇ ਅੱਗੇ ਉਤਲਾ ਰੂਪ '*S*।' ਉਤਾਰਿਆ ਅਤੇ '*SS*।' ਇਹ ਰੂਪ ਬਣਿਆ ਸੋ ਪੰਜੇ ਮਾਤ੍ਰਾਂ ਪੂਰੀਆਂ ਹਨ। ਫੇਰ ਛੇਵੇਂ ਲਈ ਅੰਤ ਗੁਰੂ ਪਰਲੇ ਲਘੂ ਦੇ ਹੇਠ ਗੁਰੂ (*S*) ਲਿਖ ਕੇ ਖੱਬੇ ਪਾਸੇ ਤਿੰਨ ਲਘੂ (।।।) ਪਾ ਕੇ '।।।*S*)' ਇਹ ਰੂਪ ਬਣਾਇਆ। ਫੇਰ ਸਤਵਾਂ ਇਉਂ ਬਣਾਇਆ ਕਿ ਦੂਜੇ ਲਘੂ ਹੇਠ ਗੁਰੂ ਲਿਖ ਕੇ ਅੱਗੇ ਲਘੂ ਗੁਰੂ(।*S*) ਉਤਲੇ ਹੀ ਲਿਖੇ, (*S*।*S*) ਇਹ ਰੂਪ ਬਣਿਆਂ, ਸੋ ਪੂਰੀਆਂ ਮਾਤਰਾਂ ਹਨ। ਫੇਰ ਅੱਠਵਾਂ ਭੇਦ ਇਉਂ ਬਣਾਇਆ ਕਿ ਮੱਧ ਲਘੂ ਹੇਠ ਗੁਰੂ (*S*) ਲਿਖ ਕੇ ਅੱਗੇ ਉਤਲਾ ਗੁਰੂ (*S*) ਉਤਾਰ ਕੇ '*SS*' ਇਹ ਰੂਪ ਬਣਾ ਕੇ ਖੱਬੇ ਥੁੜਦੀ ੧ ਮਾਤ੍ਰਾ ਦਾ ਲਘੂ ਲਿਖ ਕੇ '।*SS*' ਇਹ ਰੂਪ ਕਰਕੇ ਪ੍ਰਸਤਾਰ ਕੀਤਾ। ਇਸੇ ਤਰ੍ਹਾਂ ਹੀ ਹੋਰ ਜਾਣੋਂ। ਇਹਦੇ ਵਿਚ ਭੇਦਾਂ ਦੀ ਗਿਣਤੀ ਪੁੱਠੀ ਹੈ ਅਰਥਾਤ ੫ ਮਾਤਰਾਂ ਦਾ ਜੋ ਪਹਿਲਾ ਰੂਪ ਸਿੱਧੇ ਪ੍ਰਸਤਾਰ ਦਾ ਹੈ, ਇਹਦਾ ਅੱਠਵਾਂ ਹੈ, ਜੋ ਉਸ ਦਾ ਦੂਜਾ ਹੈ ਇਹਦਾ ਸੱਤਵਾਂ ਹੈ, ਆਦਿ।

[ਉਤੱਰਵਾਂ ਦੁਹਰਾ ਪੁੱਠਾ ਪ੍ਰਸਤਾਰ ਕਰਨ ਦੀ ਰੀਤੀ]

### ਕਬਿੱਤ

ਸਭ ਮੱਤ ਲਘੂ ਆਦਿ, ਅੰਤ ਆਦਿ ਹੇਠ ਗੁਰੂ, ਖੱਬੇ ਪਾਸੇ ਰੂਪ ਸਭ ਉਤਲਾ ਉਤਾਰ ਲਵੇ।
ਲਘੂ ਕਰ ਸੱਜੇ ਸਭ ਰਾਖੀਏ ਥੁੜੀਂਦੀ ਮੱਤ ਅੰਤ ਹੋਣ ਲਘੁ ਅੰਤ ਆਦਿ ਹੇਠ ਡਾਰ ਲਵੇ।
ਆਦਿ ਅੰਤ ਹੋਇ ਲਘੁ ਆਦਿ ਆਰੰਭ * ਕਰੋ ਆਦਿ ਮੱਧ ਅੰਤ ਹੋਣ ਗੱਭਿਓਂ ਖਿਲਾਰ ਲਵੇ।
ਲਘੂ ਗੁਰੂ ਥਾਨ ਭੇਦ ਗਿਣਤੀ ਉਲਟ ਦੋਵੇਂ ਅੰਤ ਸਭ ਗੁਰੂ ਔਣ ਤਾਈਂ ਵਿਸਤਾਰ ਲਵੇ ।। ੧੦ ।।

ਹੁਣ ਪੰਜ ਮਾਤਰਾਂ ਦੇ ਪ੍ਰਸਤਾਰ ਵਿਚ ਆਦਿ ਲਘੂਆਂ ਦਾ ਰੂਪ ਰੱਖਿਆ, ਅੱਗੇ ਬਧੌਣ ਲਈ ਅੰਤ ਲਘੂ ਤੋਂ ਆਦਿ ਲਘੂ ਹੇਠ ਗੁਰੂ (*S*) ਰੱਖਕੇ ਖੱਬੇ ਉਤਲੇ (।।।) ਲਘੂ ਉਤਾਰੇ, ਮਾਤਰਾਂ ਪੂਰੀਆ ਹੀ ੫ ਹਨ, ਇਸ ਕਰਕੇ ਹੁਣ ਤੀਜਾ ਭੇਦ ਬਣੌਣ ਲਈ ਗੁਰੂ ਦੇ ਉਰੇ ਜੇਹੜਾ ਲਘੂ ਹੈ, ਉਹਦੇ ਹੇਠ ਗੁਰੂ (*S*) ਰੱਖ ਕੇ ਖੱਬੇ ਉਤਾਰ (।।)

---

* ਜਿਵੇਂ ੭ ਮਾਤ੍ਰਾਂ ਦੇ ੧੧ਵੇਂ ਭੇਦ ਵਿਚ ਹਨ।

Sri Satguru Jagjit Singh Ji eLibrary NamdhariElibrary@gmail.com

ਲਿਖ ਕੇ ਇਕ ਥੁੜਦੀ ਮਾਤਰਾਂ ਦਾ ਲਘੂ ਸੱਜੇ ਪਾਕੇ '।।S।' ਇਹ ਰੂਪ ਬਣਾਇਆ, ਫੇਰ ਆਦਿ ਲਘੂ ਜੋੜੇ ਵਿਚੋਂ ਦੂਜੇ ਲਘੂ ਹੇਠ ਗੁਰੂ (S) ਰੱਖ ਕੇ ਖੱਬੇ ਇਕ ਲਘੂ ਉਤਲਾ ਉਤਾਰ ਕੇ '।S' ਇਹ ਰੂਪ ਬਣਾਕੇ ਦੋ ਮਾਤਰਾਂ ਥੁੜੀਆਂ ਦੇ ਦੋ ਲਘੂ (।।) ਰੱਖ ਕੇ '।S।।' ਇਹ ਰੂਪ ਬਣਾਇਆ, ਫੇਰ ਛੇਕੜਲੇ ਤੋਂ ਆਦਿ ਲਘੂ ਹੇਠ ਗੁਰੂ ਰੱਖ ਕੇ ਖੱਬੇ ਉਤਲਾ ਉਤਾਰ (।S) ਉਤਾਰ ਕੇ '।SS' ਇਹ ਪਵਾਂ ਰੂਪ ਬਣਾਇਆ। ਫੇਰ ੬ਵੇਂ ਲਈ ਆਦਿ ਲਘੂ ਹੇਠ ਗੁਰੂ (S) ਰੱਖ ਕੇ ਤਿੰਨ ਮਾਤਰਾਂ ਥੁੜਦੀਆਂ ਦੇ ਲਘੂ (।।।) ਸੱਜੇ ਪਾਕੇ 'S।।।' ਇਹ ਰੂਪ ਬਣਾਇਆ। ਫੇਰ ੭ਵੇਂ ਲਈ ਛੇਕੜੋਂ ਦੂਜੇ ਲਘੂ ਹੇਠ ਗੁਰੂ ਰੱਖ ਕੇ ਖੱਬੇ ਉਤਲਾ ਉਤਾਰ (S।) ਉਤਾਰ ਕੇ 'S।S' ਇਹ ਰੂਪ ਬਣਾਇਆ। ਫੇਰ ਅੱਠਵਾਂ ਇਉਂ ਬਣਾਇਆ ਕਿ ਮੱਧ ਜੋ ਲਘੂ ਹੈ ਇਹਦੇ ਹੇਠ ਗੁਰੂ ਪਾ ਕੇ ਖੱਬੇ ਪਾਸੇ ਉਤਲਾ ਉਤਾਰ (S) ਉਤਾਰ ਕੇ 'SS' ਇਹ ਰੂਪ ਬਣਾ ਕੇ ਥੁੜਦੀ ਮਾਤ੍ਰਾ ਦਾ ਇਕ ਲਘੂ (।) ਸੱਜੇ ਰੱਖ ਕੇ 'SS।' ਇਹ ਰੂਪ ਬਣਾਇਆ, ਇੱਥੇ ਪ੍ਰਸਤਾਰ ਮੁੱਕੀ। ਇਸੇ ਤਰ੍ਹਾਂ ਹੋਰ ਭੀ ਜਾਣ ਲਵੋ।

ਪ-੬ ਮਾਤ੍ਰਾਂ ਦਾ ਦੂਹਰਾ ਪੁੱਠਾ ਪ੍ਰਸਤਾਰ

| | ਪ ਮਾਤ੍ਰਾ | | | ੬ ਮਾਤ੍ਰਾਂ |
|---|---|---|---|---|
| ੮ | ।।।।। | ੧ | ।।।।।। | ੧੩ |
| ੭ | ।।।S | ੨ | ।।।।S | ੧੨ |
| ੬ | ।।S। | ੩ | ।।।S। | ੧੧ |
| ਪ | ।S।। | ੪ | ।।S।। | ੧੦ |
| ੪ | ।SS | ਪ | ।।SS | ੯ |
| ੩ | S।।। | ੬ | ।S।।। | ੮ |
| ੨ | S।S | ੭ | ।S।S | ੭ |
| ੧ | SS। | ੮ | ।SS। | ੬ |
| | | ੯ | S।।।। | ਪ |
| | | ੧੦ | S।।S | ੪ |
| | | ੧੧ | S।S। | ੩ |
| | | ੧੨ | SS।। | ੨ |
| | | ੧੩ | SSS | ੧ |
| ਪਹਿਲੀ ਗਿਣਤੀ | ਪੁੱਠੇ ਰੂਪ | ਹੁਣ ਦੀ ਗਿਣਤੀ | ਪੁੱਠੇ ਰੂਪ | ਪਹਿਲੀ ਗਿਣਤੀ |

ਸੂਚਨਾ – ਇਹਦੇ ਵਿਚ ਨਾਲੇ ਤਾਂ ਥਾਉਂ ਪੁੱਠੇ ਹੁੰਦੇ ਹਨ ਤੇ ਨਾਲੇ ਗਿਣਤੀ, ਜੈਸੇ ਪੰਜਾ ਮਾਤਰਾਂ ਦਾ ਆਦਿ ਰੂਪ ਸਿੱਧੇ ਪ੍ਰਸਤਾਰ ਦਾ ਜੋ ਹੈ ਇਹਦਾ ਅੱਠਵਾਂ ਹੈ ।

[ਚੜ੍ਹਵਾਂ ਪੁਠਥਾਨ ਪ੍ਰਸਤਾਰ] ਰੀਤੀ ਦੋਹਿਰਾ

ਲਘੁ ਲਿਖ ਅੰਕੋਂ ਦੂਜਿਓਂ ਸਿਖਰੋਂ ਕਰੋ ਅਰੰਭ ।
ਦੂਈ ਰੀਤ ਦੇ ਭੇਦ ਸਭ ਉਲਟ ਥਾਨ ਇਉਂ * ਲੰਭ ॥ ੧੧ ॥

ਅਰਥਾਤ ਸਭ ਮਾਤਰਾਂ ਲਘੁ ਲਿਖ ਕੇ ਛੇਕੜੋਂ ਦੂਜੇ ਲਘੁ ਉਤੇ ਗੁਰੂ ਲਿਖ ਕੇ ਆਰੰਭ ਕਰੋ, (ਖੱਬੇ ਉਤਾਰ ਸੱਜੇ ਥੁੜਦੇ ਸਭ ਲਘੁ ਕਰਕੇ ਲਿਖੋ) ਇਸ ਦੀ ਜੇਹੜੀ ਪਹਿਲੀ ਰੀਤ ਹੈ ਉਹਦੇ ਵਾਂਗ ਹੀ ਸਭ ਕ੍ਰਿਆ ਇਸ ਦੀ ਕਰਨੀ ਚਾਹੀਏ, ਕੇਵਲ ਭੇਦਾਂ ਦੇ ਲਘੁ ਗੁਰੂਆਂ ਦੇ ਥਾਨ ਹੀ ਉਲਟ ਹਨ । ਬੰਨਗੀ ਲਈ ਦੇਖੋ ਹੇਠਲਾ ਕੋਠਾ –

੫ ਅਤੇ ੬ ਮਾਤਰਾਂ ਦੇ ਚੜ੍ਹਵੇਂ ਪੁਠਥਾਨ ਪ੍ਰਸਤਾਰ ਦੀ ਬੰਨਗੀ –

| | | |
|---|---|---|
| | ੧੩ | SSS |
| | ੧੨ | SSII |
| | ੧੧ | SISI |
| | ੧੦ | SIIS |
| | ੯ | SIIII |
| SSI | ੮ | ISSI |
| SIS | ੭ | ISIS |
| SIII | ੬ | ISIII |
| ISS | ੫ | IISS |
| ISII | ੪ | IISII |
| IISI | ੩ | IIISI |
| IIIS | ੨ | IIIIS |
| IIIII | ੧ | IIIIII |
| ਪੰਜ ਮਾਤ੍ਰਾਂ ਦੇ ਰੂਪ | ਗਿਣਤੀ | ਛੇ ਮਾਤਰਾਂ ਦੇ ਰੂਪ |

* ਲੰਭ ਦੇ ਅਰਥ ਹਨ, ਲੱਭ ਲੈ ।

Sri Satguru Jagjit Singh Ji eLibrary NamdhariElibrary@gmail.com

ਇਹਦੀ ਪ੍ਰਸਤਾਰ ਇਉਂ ਕੀਤੀ ਕਿ ੫ ਮਾਤਰਾਂ ਦੇ ੫ ਲਘੂ (।।।।।) ਲਾਏ। ਦੂਜਾ ਭੇਦ ਬਣੌਣ ਲਈ ਅੰਤ ਵਲੋਂ ਦੂਜੇ ਲਘੂ ਤੇ ਗੁਰੂ (*S*) ਲਿਖ ਕੇ ਖੱਬੇ ਪਾਸੇ ਹੇਠਲੀ ਨਕਲ ਚੜ੍ਹਾਈ ਤਾਂ ੫ ਹੀ ਮਾਤਰਾਂ ਪੂਰੀਆਂ ਇਹਦੇ ਵਿਚ ਹੋ ਗਈਆਂ । ਫੇਰ ਤੀਜਾ ਭੇਦ ਬਣੌਣ ਲਈ ਗੁਰੂ ਦੇ ਖੱਬੇ ਪਾਸੇ ਜੋ ਲਘੂ ਹੈ ਉਹਦੇ ਉਤੇ ਗੁਰੂ ਰੱਖ ਕੇ ਖੱਬੇ ਪਾਸੇ ਹੇਠਲਾ ਹੀ ਰੂਪ (।।) ਚੜ੍ਹਾ ਕੇ '।।*S*' ਇਹ ਰੂਪ ਬਣਾ ਕੇ ਇਕ ਥੁੜੀ ਮਾਤ੍ਰਾ ਦਾ ਲਘੂ (।) ਸੱਜੇ ਪਾਸੇ ਪਾ ਕੇ '।।*S*।' ਇਹ ਰੂਪ ਬਣਾਇਆ । ਫੇਰ ਚੌਥੇ ਲਈ ਗੁਰੂ ਉਰਲੇ ਲਘੂ ਉਤੇ ਗੁਰੂ (*S*) ਰੱਖ ਕੇ ਖੱਬੇ ਹੇਠਲਾ ਲਘੂ (।) ਹੀ ਲਾ ਕੇ ਸੱਜੇ ਪਾਸੇ ਦੋ ਥੁੜੀਆਂ ਮ੍ਰਾਤਾਂ ਦੇ ੨ ਲਘੂ ਸੱਜੇ ਪਾਸੇ ਰੱਖੇ ਤਾਂ '।*S*।।' ਇਹ ਰੂਪ ਬਣਿਆਂ । ਫੇਰ ਪੰਜਵੇਂ ਲਈ ਛੇਕੜਲੇ ਲਘੂ ਦੇ ਉਰਲੇ ਉਤੇ ਗੁਰੂ (*S*) ਰੱਖ ਕੇ ਖੱਬੇ ਪਾਸੇ '।*S*' ਇਹ ਲਿਖਿਆ ਤਾਂ '।*SS*' ਇਹ ਰੂਪ ਬਣਿਆਂ । ਛੇਵੇਂ ਲਈ ਗੁਰੂ ਉਰਲੇ ਲਘੂ (ਜੇਹੜਾ ਪਹਿਲੇ ਥਾਂ ਹੈ) ਉਤੇ ਗੁਰੂ (*S*) ਲਿਖ ਕੇ ਅੱਗੇ ਤਿੰਨ ਲਘੂ (।।।) ਲਿਖ ਕੇ '*S*।।।' ਇਹ ਰੂਪ ਬਣਾਇਆ । ਫੇਰ ਸੱਤਵਾਂ ਇਉਂ ਬਣਾਇਆ ਕਿ ਅੰਤ ਵਲੋਂ ਦੂਜੇ ਲਘੂ ਉਤੇ ਗੁਰੂ (*S*) ਲਿਖ ਕੇ ਖੱਬੇ ਪਾਸੇ ਉਤਰ (*S*।) ਲਿਖ ਕੇ '*S*।*S*' ਇਹ ਰੂਪ ਬਣਿਆਂ । ਫੇਰ ਮੱਧ ਜੋ ਲਘੂ ਹੈ ਉਹਦੇ ਉਤੇ ਗੁਰੂ (*S*) ਲਾ ਕੇ ਖੱਬੇ ਉਤਾਰ (*S*) ਲਾ ਕੇ ਸੱਜੇ ਥੁੜਦੀ ਮਾਤ੍ਰਾ ਦਾ ੧ ਲਘੂ ਲਾ ਕੇ '*SS*।' ਇਹ ਰੂਪ ਅੱਠਵਾਂ ਬਣਾਇਆ । ਫੇਰ ਪ੍ਰਸ਼ਤਾਰ ਦੀ ਸਮਾਪਤੀ ਹੋਈ, ਇਸੇ ਤਰ੍ਹਾਂ ਹੋਰ ਭੀ ਜਾਣੋਂ ।

[ਇਹਦੀ ਪੁਠਗੇਣ ਕਰਨ, ਰੀਤੀ]

### ਕਬਿੱਤ

ਟੌਂਕ ਮੱਤ ਆਦਿ ਲਘੂ ਜਿਸਤ ਬਣਾਓ ਗੁਰੂ ਆਦਿ ਗੁਰੂ ਸਿਰ ਲਘੂ ਅੱਗੇ ਹੇਠਲਾ ਹੀ ਰੂਪ ।
ਖੱਬੇ ਲਿਖ ਥੁੜੀ ਮੱਤ ਗੁਰੂ ਕਰ ਫੇਰ ਲਘੂ ਸਭ ਲਘੂ ਤਕ ਕਰੋ ਪ੍ਰਸਤਾਰ ਸੋ ਅਨੂਪ ।
ਇਕ ਹੀ ਗੁਰੂ ਜਾਂ ਕਿਸੇ ਆਦਿ ਮੱਧ ਅੰਤ ਹੋਵੇ ਉਸ ਤੋਂ ਆਰੰਭ ਕਰੋ ਪੁਠ ਸੰਖਿਆ ਸਰੂਪ ।
ਸਿਧੀ ਪ੍ਰਸਤਾਰ ਦਾ ਜੋ ਆਦਿ ਏਦੂੰ ਅੰਤ ਰੂਪ ਹੇਠ ਵੱਲੇ ਪੁਠ ਗਿਣਤੀ ਕਰਨ ਕਵਿ ਭੂਪ ।। ੧੨ ।।

ਹੁਣ ਇਹਦੇ ਵਿਚ ਆਦਿ ਰੂਪ ਪਹਿਲੇ ਲਘੂ (।) ਫੇਰ ੨ ਗੁਰੂ (*SS*) ਦਾ ਰੱਖ ਕੇ ਦੂਜਾ ਬਣੌਣ ਲਈ ਆਦਿ ਗੁਰੂ (ਜੋ ਦੂਜੇ ਥਾਂ ਹੈ) ਉਤੇ ਲਘੂ (।) ਰੱਖਕੇ ਸੱਜੇ ਪਾਸੇ ਹੇਠਲਾ ਉਤਾਰ (*S*) ਰੱਖਿਆ, ੨ ਮਾਤਰਾਂ ਥੁੜੀਆਂ ਦਾ ਗੁਰੂ ਬਣਾ ਕੇ ਖੱਬੇ ਪਾਸੇ ਪਾਇਆ ਤਾਂ '*S*।*S*' ਇਹ ਰੂਪ ਬਣਿਆਂ ਫੇਰ ਤੀਜੇ ਲਈ ਆਦਿ ਗੁਰੂ ਦੇ ਸਿਰ ਲਘੂ (।) ਲਿਖ ਕੇ ਅੱਗੇ ਹੇਠਲਾ ਹੀ ਰੂਪ (।*S*) ਰੱਖ ਕੇ ਖੱਬੇ ਥੁੜਦੀ ਮਾਤ੍ਰਾ ਦਾ ੧ ਲਘੂ (।) ਲਾ ਕੇ '।।।*S*' ਇਹ ਰੂਪ ਬਣਾਇਆ । ਫੇਰ ਚੌਥੇ ਲਈ ਗੁਰੂ ਸਿਰ (ਜੋ ਅੰਤ ਹੈ) ਲਘੂ ਰੱਖ ਕੇ ਖੱਬੇ ਪਾਸੇ ਦੋ ਗੁਰੂ ਬਣਾ ਕੇ ਮਾਤਰਾਂ ਪੂਰੀਆਂ ਕੀਤੀਆਂ, ਤਾਂ '*SS*।' ਇਹ ਰੂਪ ਬਣਿਆ । ਫੇਰ ਪੰਜਵੇਂ ਲਈ ਆਦਿ ਗੁਰੂ ਉਤੇ ਲਘੂ ਰੱਖ ਕੇ ਅੱਗੇ ਹੇਠਲਾ ਹੀ ਰੂਪ (*S*।) ਰੱਖ ਕੇ

'ISI' ਇਹ ਰੂਪ ਬਣਾਇਆ ਤਾਂ ੧ ਮਾਤ੍ਰਾ ਥੁੜੀ, ਉਹ ਲਘੁ (I) ਕਰਕੇ ਖੱਬੇ ਪਾਕੇ 'IISI' ਇਹ ਰੂਪ ਬਣਾਇਆ । ਫੇਰ ਛੇਵੇਂ ਲਈ ਇਸ ਦੇ ਗੁਰੂ ਉਤੇ ਲਘੁ (I) ਰੱਖ ਕੇ, ਸੱਜੇ ਪਾਸੇ ਹੇਠਲਾ ਹੀ ਲਘੁ (I) ਚੜ੍ਹਾ ਕੇ ਖੱਬੇ ਪਾਸੇ ਤਿੰਨ ਥੁੜਦੀਆਂ ਮਾਤਰਾਂ ਦਾ ਲਘੁ ਗੁਰੂ (IS) ਬਣਾ ਕੇ 'ISII' ਇਹ ਰੂਪ ਬਣਾਇਆ । ਫੇਰ ਗੁਰੂ ਲਘੁ ਆਦਿ ਗੁਰੂ ਉਤੇ ਲਘੁ (I) ਅੱਗੇ ਹੇਠ ਦੀ ਨਕਲ (II) ਰੱਖ ਕੇ ਫੇਰ ਥੁੜਦੀਆਂ ੨ ਮਾਤਰਾਂ ਦਾ ਗੁਰੂ (S) ਬਣਾ ਕੇ ਖੱਬੇ ਪਾਸੇ ਰੱਖ ਕੇ ੭ਵਾਂ 'SIII' ਇਹ ਭੇਦ ਬਣਾਇਆ । ਫੇਰ ਆਦਿ ਗੁਰੂ ਸਿਰ ਲਘੁ ਰੱਖ ਕੇ ਅੱਗੇ ਹੇਠਲੀ ਨਕਲ (III) ਰੱਖ ਕੇ ਇਕ ਥੁੜਦੀ ਮਾਤ੍ਰਾ ਦਾ ਲਘੁ (I) ਖੱਬੇ ਪਾਸੇ ਰੱਖ ਕੇ 'IIIII' ਇਹ ੮ ਵਾਂ ਰੂਪ ਬਣਿਆਂ । ਏਥੇ ਪ੍ਰਸਤਾਰ ਮੁੱਕੀ । ਜੋ ਇਹਦੀ ਸਿੱਧੀ ਪ੍ਰਸਤਾਰ ਦਾ ਆਦਿ ਰੂਪ ਹੈ, ਓਹੀ ਇਸ ਦਾ ਪਿਛਲਾ ਹੈ ।

ਹੇਠਲੇ ਕੋਠੇ ਵਿਚੋਂ ਬੰਨਗੀ ਦੇਖੋ –

| ਪਿਛਲੇ | ਰੂਪ | ਪਹਿਲੇ |
|---|---|---|
| ੮ | IIIII | ੧ |
| ੭ | SIII | ੨ |
| ੬ | ISII | ੩ |
| ੫ | IISI | ੪ |
| ੪ | SSI | ੫ |
| ੩ | IIIS | ੬ |
| ੨ | SIS | ੭ |
| ੧ | ISS | ੮ |
| | ੫ ਮਾਤਰਾਂ | |

[ਚੜ੍ਹਵਾਂ, ਦੂਹਰਾ ਪੁੱਠਾ ਕਰਨ, ਰੀਤੀ] ਦੋਹਿਰਾ

ਜਿਸਤ ਗੁਰੂ ਟੌਂਕੰਤ * ਲਘੁ ਅੰਤ ਗੁਰ ਸਿਰ ਗੇਰ ।
ਖੱਬੇ ਨਕਲ ਸੁ ਗੁਰ ਲਘੁ ਥੁੜਦੀ ਸੱਜੇ ਕੇਰ ॥ ੧੩ ॥

---

* ਦੇਹਲੀ ਦੀਪਕ ਨਿਆਇ ਕਰਕੇ 'ਲਘੁ' ਦਾ ਅਨੂਜ 'ਟੌਂਕੰਤ' ਅਤੇ 'ਅੰਤ' ਦੋਹਾਂ ਨਾਲ ਹੈ ।

ਅਰਥ – ਜਿਸਤ ਮਾਤ੍ਰਾ ਦੇ ਪ੍ਰਸਤਾਰ ਵਿਚ ਪਹਿਲਾ ਭੇਦ ਸਰਬ ਗੁਰੂਆਂ ਦਾ ਟੌਂਕ ਵਿਚ ਪਹਿਲੇ ਸਭ ਗੁਰੂ ਬਣਾ ਕੇ ਅੰਤ ਲਘੂ ਰੱਖ ਕੇ ਹੁੰਦਾ ਹੈ, ਅੱਗੇ ਬਧੌਣ ਲਈ ਅੰਤ ਗੁਰੁ ਦੇ ਸਿਰ ਲਘੁ (।) ਲਾ ਕੇ ਖੱਬੇ ਪਾਸੇ ਹੇਠਲੇ ਦੀ ਨਕਲ ਚੜ੍ਹਾ ਕੇ ਜੇਹੜੀਆਂ ਮਾਤਰਾਂ ਥੁੜਨ ਓਹਨਾਂ ਦਾ ਪਹਿਲਾਂ ਗੁਰੂ ਫੇਰ ਲਘੂ ਕਰਕੇ ਸੱਜੇ ਪਾਓ, ਇਸੇ ਤਰ੍ਹਾਂ ਹੀ ਸਭ ਰੂਪ ਪੂਰੇ ਕਰੋ ।

ਹੇਠ ੫ ਮਾਤਰਾਂ ਦੀ ਬੰਨਗੀ ਦੇਖੋ –

| | | |
|---|---|---|
| ੧ | ।।।।। | ੮ |
| ੨ | ।।।S | ੭ |
| ੩ | ।।S। | ੬ |
| ੪ | ।S।। | ੫ |
| ੫ | ।SS | ੪ |
| ੬ | S।।। | ੩ |
| ੭ | S।S | ੨ |
| ੮ | SS। | ੧ |
| ਪਹਿਲੀ ਗਿਣਤੀ | ੫ ਮਾਤਰਾਂ ਦੇ ਰੂਪ | ਪਿਛਲੀ ਗਿਣਤੀ |

੫ ਮਾਤਰਾਂ ਦਾ ਦੂਹਰਾ ਪੁੱਠਾ ਪ੍ਰਸਤਾਰ ਇਉਂ ਕੀਤਾ ਕਿ ਪਹਿਲਾਂ ਦੋ ਗੁਰੂ (SS) ਬਣਾ ਕੇ ਫੇਰ ਇਕ ਲਘੂ ਬਣਾਕੇ ਪਹਿਲਾ ਭੇਦ ਰਖਿਆ, ਫੇਰ ਅੰਤ ਗੁਰੂ ਸਿਰ ਲਘੂ ਲਾ ਕੇ ਖੱਬੇ ਪਾਸੇ ਉਤਾਰ (S) ਚੜ੍ਹਾਇਆ ਤਾਂ 'S।' ਇਹ ਰੂਪ ਬਣਿਆਂ, ਦੋ ਥੁੜੀਆਂ ਮਾਤਰਾਂ ਦਾ ਗੁਰੂ (S) ਬਣਾ ਕੇ ਸੱਜੇ ਪਾਸੇ ਲਾਇਆ ਤਾਂ 'S।S' ਇਹ ਰੂਪ ਬਣਿਆਂ, ਫੇਰ ਅੰਤ ਗੁਰੁ ਦੇ ਸਿਰ ਲਘੁ (।) ਲਾ ਕੇ ਖੱਬੇ ਪਾਸੇ ਹੇਠਲਾ ਰੂਪ (S।) ਲਾ ਕੇ 'S।।' ਇਹ ਰੂਪ ਬਣਾ ਕੇ ੧ ਮਾਤ੍ਰਾ ਥੁੜਦੀ ਦਾ ੧ ਲਘੂ (।) ਸੱਜੇ ਪਾ ਕੇ ਚੌਥਾ ਰੂਪ 'S।।।' ਇਉਂ ਬਣਾਯਾ, ਇਸੇ ਹੀ ਢੰਗ ਨਾਲ ਸਭ ਭੇਦ ਬਣਾਏ ।

ਇਹਦੇ ਵਿਚ ਨਾਲੇ ਭੇਦਾਂ ਦੇ ਗੁਰੂ ਲਘੂਆਂ ਦੇ ਥਾਂ ਆਪੋ ਵਿਚੀ ਪੁੱਠੇ ਹਨ, ਨਾਲੇ ਓਹਨਾਂ ਦੀ ਸੰਖਿਆ ਪੁੱਠੀ ਹੈ । ਜੈਸੇ – ਜੋ ੫ ਮਾਤਰਾਂ ਦਾ ਸਿੱਧੇ ਵਿਚ ੮ਵਾਂ ਭੇਦ ਹੈ, ਇਸ ਵਿਚ ਪਹਿਲਾ ਹੈ । ਸਿੱਧੇ ਦਾ ਜੋ ਸਤਵਾਂ ਇਹਦਾ ਦੂਜਾ ਹੈ, ਸਿੱਧੇ ਦਾ ੬ਵਾਂ ਇਹਦਾ ੩ ਤੀਜਾ ਹੈ, ਏਵੇਂ ਹੀ ਹੋਰ ਜਾਣੋਂ ।

ਇਤਿ ਸਭ ਪ੍ਰਸਤਾਰ ।

***********

# (ਦੂਜਾ ਗੁਰ) ਸੰਖਿਆ

## ਪ੍ਰਸਤਾਰ ਬਿਨਾਂ ਛੰਦ ਦੀ ਸੰਖਿਆ
## ਯਾ ਭੇਦ ਮਲੂਮ ਕਰਨ ਦੀ ਰੀਤੀ

### ਦੋਹਿਰਾ

ਕਿਸੇ ਛੰਦ ਦੀ ਸੰਖਿਆ ਜਾਨਣ ਦੀ ਜੇ ਲੋੜ ।
ਉਹ ਤੇ ਪਹਿਲੇ ਦੋਹਿ ਦੀ ਛੰਦ ਸੰਖਿਆ ਜੋੜ ॥ ੧੪ ॥

ਅਰਥਾਤ ਜਿਸ ਛੰਦ ਦੀ ਸੰਖਿਆ ਲੱਭਣੀ ਹੋਵੇ ਤਾਂ ਉਸਤੋਂ ਪਹਿਲਿਆਂ ੨ ਛੰਦਾਂ ਦੀ ਸੰਖਿਆ ਜੋੜ ਕੇ ਕੱਢ ਲਵੋ । ਜੈਸੇ – ਚਾਰ ਮਾਤਰਾਂ ਦੇ ੫ ਰੂਪ ਹਨ ਅਤੇ ੬ ਮਾਤ੍ਰਾਂ ਦੇ ੧੩ ਰੂਪ ਹਨ, ਤਾਂ ੭ ਮਾਤਰਾਂ ਦੇ (੮+੧੩) ੨੧ ਰੂਪ ਹੋਣਗੇ ਅਤੇ ੮ ਮਾਤਰਾਂ ਦੇ (੧੩+੨੧) ੩੪ ਰੂਪ ਹਨ । ਹੇਠਲੇ ਕੋਠੇ ਵਿਚ ਬੰਨਗੀ ਦੇਖੋ –

| | | | | | | | | | | | | | | |
|---|---|---|---|---|---|---|---|---|---|---|---|---|---|---|
| ਮਾਤ੍ਰਾ ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ |
| ਰੂਪ ੧ | ੨ | ੩ | ੫ | ੮ | ੧੩ | ੨੧ | ੩੪ | ੫੫ | ੮੯ | ੧੪੪ | ੨੩੩ | ੩੭੭ | ੬੧੦ | ੯੮੭ |

[ਛੰਦ ਸੰਖਿਆ ਜਾਨਣ ਦੀ ਦੂਜੀ ਰੀਤੀ]

### ਕਬਿੱਤ

ਸੰਗਲੀ ਵਿਚਾਰ ਵੰਡ ਚਾਰ ਉਤੇ ਪ੍ਰਸ਼ਨ ਨੂੰ ਪੂਰੀ ਵੰਡ * ਮੀਰੀ ਨਹੀਂ ਇਕ ਘਟ ਵਧ ਜਾਨੀਯੇ ।
ਸੰਗਲੀ ਦੇ ਸੂਚੀ ਅੰਕ ਨਾਲ ਗੁਣ ਸੱਤ ਫੇਰ ਮੀਰੀ ਦੂਜੀ ਏਕਾ ਨਹੀਂ ** ਘੱਟ ਇਕ ਹਾਨੀਯੇ ।
ਗੁਣ ਫੇਰ ਸੱਤ ਕੱਟ ਮੂਲ ਸੂਚੀ ਸੰਗਲੀ ਦਾ ਸੱਤ ਗੁਣ *** ਚੌਥਾ ਉਤੋਂ ਸੂਚੀ ਅੰਕ ਡਾਨੀਯੇ ।
"ਪ੍ਰਸ਼ਨ ਤੇ ਵੰਡ ਚਾਰ ਇਕ ਘੱਟ ਲਬਧ ਤੋਂ" ਐਨੀ ਵਾਰ ਸੱਤ ਦੀ ਗੁਣਨ ਕ੍ਰਿਯਾ ਆਨੀਯੇ ॥੧੫॥

---

* ਪਹਿਲੀ

** ਜੇ ਪਹਿਲੀ, ਦੂਜੀ ਸੰਗਲੀ ਨਾ ਹੋਵੇ ਵਧ ਹੋਵੇ ਤਾਂ ਉਸ ਤੋਂ ਇਕ ਘੱਟ ਅੰਕ ਨੂੰ ਘਟੌਣਾ ।

*** ਚੌਥਾ ਸੂਚੀ ਅੰਕ ਜੋ ਉਪਰ ਹੈ ਉਹਨੂੰ ਘਟਾਓ ।

Sri Satguru Jagjit Singh Ji eLibrary NamdhariElibrary@gmail.com

[ਅਰਥ ਕਬਿੱਤ ਦੇ ਅਤੇ ਚਿੱਤ੍ਰ ਦੀ ਸੂਚਨਾ]

ਜਾਨਣਾ ਚਾਹੀਏ ਕਿ ੧-੨-੩ ਮਾਤ੍ਰਾ ਦੇ ਤਾਂ ਬਹੁਤ ਭੇਦ ਹੁੰਦੇ ਹੀ ਨਹੀਂ, ਇਸ ਕਰਕੇ ਚਾਰ ਤੋਂ ਏਸ ਚਿਤ੍ਰ ਦੀ ਕ੍ਰਿਯਾ ਅਰੰਭ ਕੀਤੀ, ਤਾਂ ਮਲੂਮ ਹੋਇਆ ਕਿ ੪-੮-੧੨-੧੬-੨੦ ਪਹਿਲੀ ਸੰਗਲੀ ਦੀ ਗਿਣਤੀਆਂ ਅਤੇ ੫-੯, ੧੩, ੧੧, ੨੧ ਏਹ ਦੂਜੀ ਦੀਆਂ ਹਨ, ਅਤੇ ਏਵੇਂ ਤੀਜੀ, ਚੌਥੀ, ਜਾਣੋਂ, ਫੇਰ ੪-੫-੬-੭ ਪਹਿਲੀ ਚੌਕੀ, ੮-੯-੧੦-੧੧ ਦੂਜੀ ਚੌਕੀ ਹੈ । ਏਵੇਂ ਹੀ ਅੱਗੇ ਜਾਣੋਂ ॥

ਅਗੇ ਕ੍ਰਿਆ (ਕਬਿੱਤ ਦੇ ਅਰਥ) ਇਉਂ ਕਰੋ -

ਪੁਛੇ ਹੋਏ ਅੰਗ ਦੀ ਸੰਗਲੀ ਵਿਚਾਰਨ ਲਈ ੪ ਉਤਰ ਪ੍ਰਸ਼ਨ ਅੰਗ ਨੂੰ ਵੰਡੋ ਜੇ ਤਾਂ ਪੂਰਾ ਹੀ ਲਭਧ ਆਏ ਤਾਂ ਪਹਿਲੀ ਸੰਗਲੀ ਦਾ ਉਹਨੂੰ ਅੰਗ ਜਾਣੋਂ, ਜੇ ਕੁਝ ਪਿਛੇ ਰਹੇ

ਚਿਤ੍ਰ

| | ੧ | ੧ | ੨ | ੩ |
|---|---|---|---|---|
| ਪਹਿਲੀ ਚੌਕੀ | ੪ | ੫ | ੬ | ੭ |
| ਸੂਚੀ } ਅੰਗ | * | * | * | * |
| ਮੂਲ } ਅੰਗ | ੫ | ੮ | ੧੩ | ੨੧ |
| ਦੂਜੀ ਚੌਕੀ | ੮ | ੯ | ੧੦ | ੧੧ |
| ਸੂਚੀ ਅੰਗ | ੩੪ | ੫੫ | ੮੯ | ੧੪੪ |
| ਤੀਜੀ ਚੌਕੀ | ੧੨ | ੧੩ | ੧੪ | ੧੫ |
| ਸੂਚੀ ਅੰਗ | ੨੩੩ | ੩੭੭ | ੩੧੦ | ੯੮੭ |
| ਚੌਥੀ ਚੌਕੀ | ੧੬ | ੧੭ | ੧੮ | ੧੯ |
| ਸੂਚੀ ਅੰਗ | ੧੫੯੭ | ੨੫੮੪ | ੪੧੮੧ | ੬੭੬੫ |
| ਪਵੀਂ ਚੌਕੀ | ੨੦ | ੨੧ | ੨੨ | ੨੩ |
| ਸੂਚੀ ਅੰਗ | ੧੦੯੪੬ | ੧੭੭੧੧ | ੧੮੬੫੭ | ੪੬੩੬੮ |
| ਸ਼੍ਰੇਣੀ | ੧ | ੨ | ੩ | ੪ |

ਤਾਂ ਓਸ ਪਿਛੇ ਰਹੇ ਵਿਚ ੧ ਜੋੜ ਕੇ ਜੋ ਆਵੇ ਉਤਨੀ ਹੀ ਸੰਗਲੀ ਜਾਣੋ, ਅਰਥਾਤ ਜੇ ੧ ਬਚੇ ਤਾਂ (੧+੧) ਦੂਜੀ ਸੰਗਲੀ ਹੈ, ਜੇ ੨ ਬਚਣ ਤਾ (੨+੧) ਤੀਜੀ ਜਾਣੋਂ, ਫੇਰ ਉਸ ਸੰਗਲੀ ਦਾ ਜੇਹੜਾ ਮੁਢਲਾ ਸੂਚੀ ਅੰਗ ਹੈ ਉਸ ਨੂੰ ੭ ਨਾਲ ਗੁਣੋਂ, ਫੇਰ ਉਹਦੇ ਵਿਚੋਂ ਜੇਕਰ ਪਹਿਲੀ ਅਤੇ ਦੂਜੀ ਸੰਗਲੀ ਹੈ ਤਾਂ ਏਕਾ ਘਟਾਓ, ਜੇ ਉਨ੍ਹਾਂ ਤੋਂ ਉਪਰਲੀ ਸੰਗਲੀ ਹੈ ਤਾਂ ਸੰਗਲੀ ਦੀ ਸੰਖਯਾ ਤੋਂ ਇਕ ਘੱਟ ਅੰਗ ਘਟਾਓ, ਅਰਥਾਤ ਜੇ ਤੀਜੀ ਸੰਗਲੀ ਹੈ ਤਾਂ ੨, ਜੇ ਚੌਥੀ ਹੈ ਤਾਂ ੩ ਘਟਾਓ । ਫੇਰ ਓਸ ਘਟੇ ਹੋਏ ਅੰਗ ਨਾਲ ੭ ਗੁਣੋਂ, ਫੇਰ ਉਸ ਦੇ ਵਿਚੋਂ ਮੁਢਲਾ ਸੂਚੀ ਅੰਗ ਕੱਢੋ, ਫੇਰ ਓਸ ਬਚੇ ਹੋਏ ਨਾਲ ੭ ਗੁਣੋਂ, ਫੇਰ ਜਿਸ ਅੰਗ ਨਾਲ ੭ ਗੁਣੇ ਹਨ ਓਦੂੰ ਪਿਛਲਾ ਚੌਥਾ ਅੰਗ ਜੋ ਹੈ ਓਸਨੂੰ ਏਸ ਗੁਣਨ ਫਲ ਵਿਚੋਂ ਘਟਾਓ ਅਤੇ ਅੱਗੇ ਲਈ ਫੇਰ ਏਹ ਨੂੰ ੭ ਨਾਲ ਗੁਣ ਕੇ ਓਦੂੰ (ਜੀਦ੍ਹੇ ਨਾਲ ੭ ਗੁਣਿਆਂ ਹੈ ) ਪਿਛਲਾ ਚੌਥਾ ਅੰਗ ਘਟੌਂਦੇ ਜਾਓ ਅਤੇ ੭ ਨਾਲ ਗੁਣਨ ਦੀ ਕ੍ਰਿਯਾ ਓਨੀਂ ਵਾਰ ਕਰਨੀ ਚਾਹੀਦੀ ਜਿੰਨਾ ਕਿ ਪ੍ਰਸ਼ਨ ਉਤੇ ੪ ਵੰਡਣ ਨਾਲ ਲਭਧ ਵਿਚੋਂ ੧ ਘਟ ਅੰਗ ਹੈ । ਦੇਖੋ ਬੰਨਗੀ ੧੦-੧੫-੧੬-੨੦ ਮਾਤਰਾਂ ਦੀ

| | |
|---|---|
| ੧੬/੪ = ੪=ਪਹਿਲੀ ਸੱਗਲੀ ।<br>੫×੭=੩੫-੧=੩੪×੭-੫=੨੩੩×੭<br>੧੬੩੧-੩੪=੧੫੯੭ ਉਤ੍ਰ । | ੧੦/੪ ੨(੨ ਬਚੇ + ੧)=੩ ਜੀ ਸੱਗਲੀ ।<br>੩ ਦਾ ਮੁਢਲਾ ਅੰਗ ੧੩×੭=੯੧-੨=੮੯, ਉਤ੍ਰ |
| ੨੦/੪ =੫, ਪਹਿਲੀ ਸੰਗਲੀ = ੫ ਮੁਢ ਅੰਗ<br>੫੭=੧=੩੪×੭=੨੩੮-੫=੨੩੩੭=<br>੧੬੩੧-੩੪=੧੫੯੭×੭=੧੧੧੭੯-੨੩੩=<br>੧੦੯੪੬ ਉਤਰ । | ੧੫/੪ =(੩ ਬਚੇ+੧) ੪ ਚੌਥੀ ਸੰਗਲੀ<br>੪ ਦਾ ਮੁਢਲਾ ਅੰਗ ੨੧×੭ = ੧੪੭-੩=੧੪੪×੭<br>= ੧੦੦ - ੨੧ (ਮੁੱਢਲਾ ਅੰਗ)<br>= ੯੮੭ ਉੱਤਰ |

ਹੁਣ ੧੦ ਮਾਤਰਾਂ ਦੀ ਸੰਖਿਆ ਕੱਢਣ ਲਈ ਇਉਂ ਕੀਤਾ ਕਿ ੧੦\੪= ੨ ਲਭਧ ਅਤੇ ੨ ਪਿਛੇ ਰਹੇ, ੨ ਪਿਛੇ ਵਿਚ ੧ ਜੋੜਕੇ ਜਾਣਿਆਂ ਕਿ ੧੦ ਸੰਖਿਆ ਤੀਜੀ ਸੰਗਲੀ ਦੀ ਹੈ, ਹੁਣ ੩ ਸੰਗਲੀ ਦੇ ਮੁਢਲੇ ਅੰਗ ੧੩ ਨੂੰ ੭ ਨਾਲ ਗੁਣਿਆਂ ਤਾਂ (੧੩×੭) = ੯੧ ਆਏ, ਇਨ੍ਹਾਂ ਵਿਚੋਂ ੨ ਘਟਾਏ (ਕਿਉਂਕਿ ਤੀਜੀ ਸੰਗਲੀ ਲਈ ੧ ਘੱਟ ਅੰਗ ਘਟਦਾ ਹੈ) ਤਾਂ '੮੯' ਰਹੇ, ਇਹੀ ਉਤ੍ਰ ਹੈ ।

ਸੱਤ ਦੀ ਗੁਣਨ ਕ੍ਰਿਯਾ ਇਕ ਬਾਰ ਹੀ ਕੀਤੀ ਹੈ ਕਿਉਂਕਿ ੧੦ ਉਤੇ ੪ ਵੰਡ ਕੇ ੨ ਲਭਧ ਆਏ, ਸੋ ਲਭਧ ਅੰਗ ਨਾਲੋਂ ੧ ਅੰਗ ਘੱਟ ਜਿੰਨੀ (ਅਰਥਾਤ ੧) ਬਾਰ ਇਹ ਕ੍ਰਿਯਾ ਕਰਨੀ ਚਾਹੀਦੀ ਸੀ ।

ਫੇਰ ੨੦ ਨੂੰ ੪ ਉਤੇ ਵੰਡਿਆ ਤਾਂ ੫ ਆਏ, ਸੋ ਪੂਰਾ ਭਾਗ ਔਣ ਕਰਕੇ ਇਹਨੂੰ (੨੦ ਨੂੰ) ਪਹਿਲੀ ਸੰਗਲੀ ਦੀ ਸੰਖਿਆ ਜਾਣਿਆ, ਸੋ ਉਹਦਾ ਮੁਢਲਾ ਸੂਚੀ ਅੰਗ ੫ ਹੈ, ਇਹਨੂੰ ੭ ਨਾਲ ਗੁਣ ਕੇ ੧ ਘਟਾਯਾਂ ੩੪ ਪਿਛੇ ਰਹੇ, ਫੇਰ ੩੪ ਨੂੰ ੭ ਨਾਲ ਗੁਣ ਕੇ ੩੪ ਦਾ ਪਿਛਲਾ ਚੌਥਾ ਸੂਚੀ ਅੰਗ ੫ ਘਟਾਇਆ ਤਾਂ (੩੪ × ੭-੫ ਹੋ ਕੇ) ੨੩੩ ਰਿਹਾ, ਫੇਰ ੨੩੩ ਨੂੰ ੭ ਨਾਲ ਗੁਣਿਆਂ, ੧੬੩੧ ਆਏ, ਇਨ੍ਹਾਂ ਵਿਚੋਂ ੩੪ (ਜੋ ਕਿ ੨੩੩ ਦੇ ਪਿਛਲੇ ਚੌਥੇ ਥਾਂ ਹੈ) ਘਟਾਇਆ ਤਾਂ ੧੫੯੭ ਆਏ ਫੇਰ ੧੫੯੭ ਨੂੰ ੭ ਨਾਲ ਗੁਣਿਆਂ ਤਾਂ ੧੧੧੭੯ ਆਏ, ਏਹਦੇ ਵਿਚੋਂ ੨੩੩ ( ਜੋ ਕਿ ੧੫੫੭ ਦੇ ਚੌਥੇ ਥਾਂ ਪਿਛੇ ਹਨ) ਘਟਾਏ ਤਾਂ ੧੦੯੪੬ ਆਏ, ਇਹੀ ਉੱਤ੍ਰ ਜਾਣੋਂ । ਇਹਦੇ ਵਿਚ ੭ ਚਾਰ ਵਾਰ ਗੁਣਿਆਂ ਹੈ, ਕਿਉਂਕਿ ੨੦ ਨੂੰ ੪ ਉੱਤੇ ਵੰਡ ਕੇ ੫ ਆਏ । ਓਦੂੰ ੧ ਘੱਟ (੪) ਵਾਰ ਗੁਣਨਾ ਲੋੜੀਦਾ ਸੀ, ਏਵੇ ਹੀ ਹੋਰ ਜਾਣੋਂ । ਇਸ ਤੋਂ ਉਲਟ ਜੇ ਕੋਈ ਪੁੱਛੇ ਕਿ ਐਨੀ ਸੰਖਿਆ ਕਿੰਨੀ ਕਿੰਨੀ ਮਾਤਰਾਂ ਦੀ ਹੈ ? ਤਾਂ ਉਹਦੇ ਦੱਸਣ ਦੀ ਰੀਤੀ –

ਕਬਿੱਤ

ਦਿਤੀ ਹੋਈ ਗਿਣਤੀ ਨੂੰ ਸੱਤ ਉੱਤੇ ਵੰਡਕੇ ਤੇ ਕੋਲ ਰੱਖੋ ਲਭਧ ਰਹੇ ਨੂੰ ਐਵੇਂ ਛੰਡੀਏ ।
ਇਕੀ ਤੇਰਾਂ ਅੱਠ ਪੰਜ ਵਿਚੋਂ ਕੋਈ ਔਣ ਤੱਕ ਏਕਾ ਜੋੜ ਲਭਧ ਚਿ ਬਾਰ ਬਾਰ ਵੰਡੀਏ ।
* ਉਤਲੀ ਵਿਚਾਰ ਕੋਈ ਏਨ੍ਹਾਂ ਵਿਚਕਾਰ ਹੋਵੇ ਛੇ ਨੂੰ ਅੱਠ ਇਕੀ ਜਿਂਵ੍ਹੂੰ ਪੰਦਰਾਂ ਨੂੰ ਵੰਡੀਏ ।
ਫੇਰ ਉਹਦੀ ਮਾਤਰਾਂ ਬਣਾਕੇ ਕਵਿ 'ਕੇਹਰ' ਜੋ ਵੰਡਾਂ ਦੇ ਸਮਾਨ ** ਗੰਡੇ ਜੋੜ ਉੱਤ੍ਰ ਗੰਢੀਏ ॥ ੧੬ ॥

ਅਰਥ–ਦਿੱਤੀ ਹੋਈ ਸੰਖਿਆ ਨੂੰ ੭ ਉੱਤੇ ਵੰਡੋ, ਜੇਹੜਾ ਬਚੇ ਉਹਨੂੰ ਛੱਡ ਦੇਵੋ, ਜੋ ਲਭਧ (ਹਾਸਲ) ਆਵੇ ਉਹਦੇ ਵਿਚ ਇਕ ਜੋੜਕੇ ਫੇਰ ੭ ਉੱਤੇ ਵੰਡੋ ਜਦ ਤਕ ੨੧-੧੩-੮ ਯਾ ੫ ਵਿਚੋਂ ਕੋਈ ਅੰਗ ਨਾ ਆ ਜਾਏ ਇਸੇ ਤਰ੍ਹਾਂ ਹੀ ਕਰਦੇ ਜਾਓ, ਪ੍ਰੰਤੂ ਛੇਕੜਲੇ ਲਭਧ ਨਾਲ ਭੀ ੧ ਜ਼ਰੂਰ ਜੋੜਨਾ ਹੈ ।

ਔਰ ਜੇ ਲਭਧ ਵਿਚ ੧ ਰਲਾਇਆਂ ਉਹ ਸੰਖਿਆ ਇਨ੍ਹਾਂ ਸੰਖਿਆਵਾਂ ਦੇ ਵਿਚਕਾਰਲੀ ਕੋਈ ਹੋਵੇ ਤਾਂ ਉਸ ਨੂੰ ਉਪਰਲੀ ਸੰਖਿਆ ਤੇ ਤੁੱਲ ਹੀ ਮੰਨ ਲਓ ਜੈਸੇ

---

* ਜੇ ਕੋਈ ਗਿਣਤੀ ੮ ਅਤੇ ੧੩ ਦੇ ਵਿਚਕਾਰ ਆਵੇ (ਜੈਸੇ ੧੦) ਤਾਂ ਉਹਨੂੰ ੧੩ (ਉਤਲੀ) ਹੀ ਮੰਨਣਾ, ਏਵੇਂ ਹੀ ਜੇ ੧੫ ਆਵੇ ਤਾਂ ਉਹਨੂੰ ੨੧ ਹੀ ਮੰਨਣਾ ।

** ਪੰਜਾਬੀ ਭਾਸ਼ਾ ਵਿਚ ੪ ਨੂੰ ਗੰਡਾ ਆਖਦੇ ਹਨ ।

Sri Satguru Jagjit Singh Ji eLibrary 	NamdhariElibrary@gmail.com

| ਪ੍ਰਸ਼ਨ | | ਉੱਤ੍ਰ | ਪ੍ਰਸ਼ਨ | | ਉੱਤ੍ਰ |
|---|---|---|---|---|---|
| ੮੯ ਸੰਖਿਆ | = ੮੯ ÷ ੭ = ੧੨ (੫ ਬਚੇ)<br>= ੧੨ + ੧ = ੧੩ ਸੰਖਿਆ<br>ਇਹਦੀਆਂ ਮਾਤ੍ਰਾਂ - ੬ + ੪ - | ੧੦ | ੬੭੬੫ ਸੰਖਿਆ | = ੬੭੬੫ / ੭ = ੯੬੬ (੩ ਬਚੇ)<br>= ੯੬੬ + ੧ = ੯੬੭ / ੪ = ੧੩੮ (੧ ਬਚੇ)<br>= ੧੩੮ + ੧ = ੧੩੯ / ੭ = ੧੯ (੫ ਬਚੇ) | |
| ਸੂਚਨਾ | (ਇਹਦੇ ਵਿਚ ੧ ਵਾਰ ਹੀ ਵੰਡ ਪਈ ਹੈ, ਇਸ ਕਰਕੇ ਇਕੋ ਗੰਡਾ ਜੋੜਿਆ) | | ਸੂਚਨਾ | ੭ ਵਿਚ ੧੨ ਇਸ ਕਰਕੇ ਜੋੜੇ ਗਏ ੩ ਵਾਰ ਵੰਡ ਪਈ ਹੈ, ਸੋ ੩ ਗੰਡੇ ਹੀ ਜੋੜਨੇ ਚਾਹੀਦੇ ਸੀ | |

ਹੇਠਲੇ ਕੋਠੇ ਵਿਚ ਬੱਨਗੀਆਂ ਦੇਖੋ ।

ਲਬਧ ਰਲਾ ਕੇ ੬ ਆਵੇ ਤਾਂ ਉਹਨੂੰ ੮ ਅਤੇ ੧੫ ਆਵੇ ਤਾਂ ੨੧ ਹੀ ਮੰਨ ਲਉ, ਫੇਰ ਉਹਦੀਆਂ ਮਾਤਰਾਂ ਕੱਢਕੇ ਉਹਨਾਂ ਵਿਚ ਓਨੇ ਹੀ ਗੰਡੇ ਜੋੜੇ ਜਿੰਨੀ ਵਾਰ ਉੱਪਰ ਵੰਡਾਂ ਪਾਈਆਂ ਹਨ।

ਨੋਟ – ਇਹ ਕ੍ਰਿਯਾ ਕੇਵਲ ੭ ਮਾਤਰਾਂ ਦੇ ਉਤਲੇ ਛੰਦਾਂ ਲਈ ਹੀ (ਪ੍ਰੰਤੂ ਸੰਖਿਆ ਸ਼ੁਧ ਦੱਸਣ ਨਾਲ) ਹੋ ਸਕਦੀ ਹੈ।

੬੭੬੫ ਸੰਖਿਆ ਦੀਆਂ ਮਾਤਰਾਂ ਇਉਂ ਕੱਢੀਆਂ :

੬੭੬੫ ਨੂੰ ੭ ਉਤੇ ਵੰਡਿਆ ਤਾਂ ੯੬੬ ਲਬਧ ਆਏ, ੩ ਬਚੇ ਸੋ ਛੱਡ ਦਿਤੇ, ਫੇਰ ੯੬੬(ਲਬਧ) ਵਿਚ ੧ ਰਲਾਇਆ ਤਾਂ ੯੬੭ ਹੋਏ, ਇਹਨਾ ਨੂੰ ਸਤ ਉਤੇ ਵੰਡਿਆ ਤਾਂ ੧੩੮ ਲਬਧ, (੧ ਬਚਿਆ ਹੋਇਆ ਛੱਡ ਕੇ) ੧੩੮ ਵਿਚ ੧ ਜੋੜਿਆ ਤਾਂ ੧੩੯ ਹੋਏ, ਇਨ੍ਹਾਂ ਨੂੰ ੭ ਉਤੇ ਵੰਡਿਆ ਤਾਂ ੧੯ ਲਬਧ ਆਏ, ਇਕ ਬਚਿਆ, ਸੋ ਛੱਡ ਕੇ ੧੯ ਵਿਚ ਰਲਾਇਆ ਤਾਂ ੨੦ ਹੋਏ, ਇਹ ੨੧ ਸੰਖਿਆ ਦੇ ਤੁਲ ਹਨ, ਉਹਦੀਆਂ ਮਾਤ੍ਰਾਂ ੭ ਹਨ, ਸੋ ਇਸ ਵਿਚ ੩ ਚੌਕੇ ਜੋੜੋ ਤਾ ੧੯ ਉਤਰ ਹੋਇਆ।

ਜੇ ਕੋਈ ਪੁੱਛੇ ਕਿ ਇਕ ਤੋਂ ਲੈ ਕੇ ਐਨੇ ਮਾਤ੍ਰਕ ਛੰਦ ਤੱਕ (ਸਭ ਦੀ) ਦੀ ਕਿਤਨੀ ਸੰਖਿਆ ਹੈ ? ਤਾਂ ਉਸ ਦੀ ਪਹਿਲੀ ਰੀਤੀ –

(੧) ਰੀਤੀ। ਦੋਹਿਰਾ

ਸੂਚੀ ਅੰਗਾ ਦੂਣ ਵਿਚ ਪਹਿਲੀ ਮਤ ਦੇ ਰੂਪ।
ਜੋੜ ਕੱਟੀਐ ਦੋਇ ਅਰੁ ਏ ਸਰਬੰਗ ਅਨੂਪ ॥ ੧੭ ॥

ਅਰਥਾਤ ਪ੍ਰਸ਼ਨ ਅੰਗ ਦੀ ਜੋ ਛੰਦ ਸੰਖਿਆ ਹੈ, ਉਹਨੂੰ ਦੂਣਾ ਕਰਕੇ ਉਹਦੇ ਵਿਚ ਪਿਛਲੀ ਮਾਤ੍ਰਾ ਦੀ ਛੰਦ ਸੰਖਿਆ ਰਲਾ ਕੇ ਉਸ ਵਿਚੋਂ ੨ ਘਟਾਉ, ਉਹੀ ਉਤ੍ਰ ਹੋਊਗਾ। ਜੈਸੇ ਕਿਸੇ ਨੇ ਕਿਹਾ ਕਿ ੧੦ ਮਾਤਰਾਂ ਤੱਕ ਦੇ ਛੰਦ ਦੀ ਸਰਬ ਸੰਖਿਆ ਕਿੰਨੀ ਹੈ ? ਤਾਂ ਜਾਨਣਾ ਚਾਹੀਏ ਕਿ ੧੦ ਮਤਰ੍ਹਾਂ ਤੱਕ ਦੇ ਛੰਦ ਸੰਖਿਆ ੮੯ ਹੈ, ਇਹਨੂੰ ਦੂਣਾ ਕੀਤਾ ਤਾਂ ੧੭੮ ਹੋਏ, ਇਹਨਾਂ ਵਿਚ ੯ ਮਾਤਰਾਂ ਦੀ ਛੰਦ ਸੰਖਿਆ (੫੫) ਜੋੜੀ ਤਾਂ ੨੩੩ ਹੋਏ। ਇਸ ਜੋੜ ਵਿਚੋਂ ੨ ਘਟਾਉ ਤਾਂ ੨੩੧ ਰਹੇ, ਇਹੀ ਉਤ੍ਰ ਜਾਣੋਂ।

(੨) ਰੀਤੀ। ਦੋਹਿਰਾ

ਪ੍ਰਸ਼ਨ ਅੰਗ ਤੋਂ ਦੋਇ ਵੱਧ ਅੰਗ ਸੰਖਿਆ ਜੋਇ।
ਦੋਇ ਘੱਟ ਕਰ ਓਸ ਚੋਂ ਸਰਬ ਸੰਖਿਆ ਸੋਇ ॥ ੧੮ ॥

ਅਰਥਾਤ ਪ੍ਰਸ਼ਨ ਅੰਗ ਤੋਂ ਦੋਇ ਵੱਧ ਅੰਗਾਂ ਦਾ ਜੋ ਸੂਚੀ ਅੰਗ ਹੋਵੇ ਉਹਦੇ ਵਿਚੋਂ ੨ ਘਟਾਓ ਓਹੀ ਉਤ੍ਰ ਹੋਊਗਾ। ਜੈਸੇ ੮ ਮਾਤਰਾਂ ਤੱਕ ਦੇ ਸੰਪੂਰਨ ਛੰਦਾਂ ਦੀ ਸੰਖਿਆ

ਕੱਢਣੀ ਹੋਵੇ ਤਾਂ ੧੦ ਮਾਤਰਾਂ (ਜੇਹੜੀਆਂ ੮ ਤੋਂ ਵਧ ਹਨ) ਦੀ ਛੰਦ ਸੰਖਿਆ ੮੯ ਵਿਚੋਂ ਦੋ ਘਟਾਏ, ੮੭ ਪਿੱਛੇ ਰਹੇ, ਇਹੀ ਉਤ੍ਰ ਜਾਣੋਂ।

ਇਤਿ ਸੰਖਿਆ ॥

## (੩) ਸੂਚੀ ਵਰਣਨ, ਲੱਛਣ

ਗੱਦਜ – ਜੀਹਦੇ ਦੁਆਰਾ ਮਾਤ੍ਰਕ ਛੰਦਾਂ ਦੀ ਸ਼ੁਧਤਾ ਅਤੇ ਓਹਨਾਂ ਦੇ ਭੇਦ ਵਿਚ ਆਦੰਤ ਲਘੁ ਅਤੇ ਆਦੰਤ ਗੁਰੂ ਦੀ ਸੰਖਿਆ ਨਿਕਲੇ, ਉਸ ਨੂੰ ਸੂਚੀ ਕਹਿੰਦੇ ਹਨ।

[ਸੂਚੀ ਕਰਨ ਰੀਤੀ]

ਜਿਤਨੀ ਮਾਤ੍ਰਾ ਦੇ ਛੰਦ ਦੀ ਸੂਚੀ ਦੇਖਣੀ ਹੋਵੇ ਉਤਨੇ ਹੀ ਕੋਠੇ ਖਿੱਚ ਕੇ ਓਹਨਾਂ ਵਿਚ ੧ ਤੋਂ ਲੈ ਕੇ ਉਸ ਮਾਤ੍ਰਾ ਤੱਕ ਦੇ ਅੰਗ ਲਿਖੋ, ਤਾਂ ਛੇਕੜਲੀ ਸੰਖਿਆ ਦੇ ਖੱਬੇ ਕੋਠੇ ਦਾ ਜਿਤਨਾ ਅੰਗ ਹੋਵੇ ਉਂਨੇ ਛੰਦਾਂ ਦੇ ਆਦਿ ਅਰ ਅੰਤ ਲਘੁ ਹੈ, ਉਹਦੇ ਖੱਬੇ(ਤੀਜੇ) ਕੋਠੇ ਦਾ ਜੋ ਅੰਗ ਹੋਵੇ ਓਂਨੇ ਛੰਦਾਂ ਦੇ ਆਦਿ ਅਤੇ ਅੰਤ ਗੁਰੂ ਮਾਤ੍ਰਾ ਹੋਊਗੀ, ਅਤੇ ਏਸੇ (ਤੀਜੇ) ਅੰਗ ਜਿੰਨੇ ਛੰਦਾਂ ਦੇ ਆਦੰਤ ਲਘੁ ਹੋਣਗੇ।

ਹੇਠ ੪ ਮਾਤਰਾਂ ਦੇ ਅੰਗ ਦੀ ਸੂਚੀ ਦੇਖੋ –

| | ਆਦਿ ਗੁਰੂ ਅੰਤ ਗੁਰੂ | ਆਦਿ ਲਘੂ ਅੰਤ ਲਘੂ | ਛੰਦ ਸੰਖਿਆ | *SS* | ੧ |
|---|---|---|---|---|---|
| ੪ ਮਾਤ੍ਰਾ ਦੀ ਸੂਚੀ ੧ | ੨ | ੩ | ੫ | II*S* | ੨ |
| | | | | I*S*I | ੩ |
| | ਆਦੰਤ ਲਘੂ | | | *S*II | ੪ |
| | | | | IIII | ੫ |

ਇਸ ਸੂਚੀ ਤੋਂ ਇਹ ਪਤਾ ਲਗਿਆ ਕਿ ੪ ਮਾਤ੍ਰਾ ਦੇ ਛੰਦਾਂ ਵਿਚ (ਪਹਿਲੇ ਕੋਠੇ ਵਾਲੇ) ਦੋ ਛੰਦਾਂ ਦੇ ਆਦਿ ਗੁਰੁ ਔਰ ਦੋ ਦੇ ਅੰਤ ਗੁਰੁ ਹਨ। ਜੈਸੇ ਕਿ ਪਹਿਲੇ ਦੂਜੇ ਭੇਦ ਵਿਚ ਹਨ, ਅਤੇ ੩ ਛੰਦ ਐਸੇ ਹਨ ਜਿਨ੍ਹਾਂ ਦੇ ਆਦਿ ਲਘੁ ਅਤੇ ਅੰਤ ਲਘੁ ਹਨ, ਜੈਸੇ ਕਿ ੨ ਜਾਂ ੩ ਜਾਂ ੫ਵਾਂ ਭੇਦ ਅਤੇ ਦੋ ਐਸੇ ਹਨ ਕਿ ਜਿਨ੍ਹਾਂ ਦੇ ਆਦੰਤ ਲਘੁ, ਜੈਸਾ ਕਿ ੩ ਅਤੇ ੫ਵਾਂ ਭੇਦ। ਇਸੇ ਤਰ੍ਹਾਂ ਹੋਰ ਭੀ ਜਾਣ ਲਵੇ, ਇਸ ਦਾ ਪ੍ਰਸਤਾਰ ਭੀ ਨਾਲ ਹੀ ਦੇਖਣ ਲਈ ਦੇ ਦਿਤਾ ਹੈ।

॥ਇਤਿ ਸੂਚੀ ॥

(੪) ਪਾਤਾਲ ਵਰਣਨ ਲੱਛਣ ।

ਦੋਹਿਰਾ

ਸੰਖਿਆ ਆਦਿਕ ਛੰਦ ਦੀ ਲਘੁ ਗੁਰੂ ਦੀ ਮਾਲ ।
ਅਰੁ ਜਿਤਨੇ ਕਲ ਵਰਣ ਹੋਂ ਦੱਸੇ ਸੋ ਪਾਤਾਲ ॥ ੧੯ ॥

ਅਰਥ - ਜੋ ਛੰਦ ਦੀ ਸੰਖਿਆ ਲਘੁ, ਗੁਰੂ, ਵਰਣ, ਮਾਤ੍ਰਾ (ਜਿੰਨੇ ਹੋਣ) ਦੱਸੇ ਓਹ "ਪਾਤਾਲ" ਹੈ ।

ਰੀਤੀ ਦੋਹਿਰਾ

ਮਾਤ੍ਰਾ ਸੂਚੀ ਅੰਗ ਲਿਖ ਪਹਿਲੀ ਦੂਜੀ ਪਾਲ ।
ਤੀਜੀ ਇਕ ਦੋ ਆਦਿ ਲਿਖ ਸਿਖਰ ਜੋੜ ਇਸ ਚਾਲ ॥ ੨੦ ॥

ਦੇਖੋ ਹੇਠਲਾ ਕੋਠਾ, ੮ ਮਾਤਰਾਂ ਦਾ ਪਾਤਾਲ ਯੰਤ੍ਰ -

| ਮਾਤ੍ਰਾ | ੧ | ੨ | ੩ | ੪ | ੫ | ੬ | ੭ | ੮ |
|---|---|---|---|---|---|---|---|---|
| ਛੰਦ ਸੰਖਿਆ | ੧ | ੨ | ੩ | ੫ | ੮ | ੧੩ | ੨੧ | ੩੪ |
| ਲਘੁ, ਗੁਰੂ ਸੰਖਿਆ | ੧ | ੨ | ੫ | ੧੦ | ੨੦ | ੩੮ | ੭੧ | ੧੩੦ |

ਪਹਿਲੀ ਦੂਜੀ ਪਾਲ ਵਿਚ ਮਾਤਰਾਂ ਤੇ ਸੂਚੀ ਲਿਖ ਕੇ ਤੀਜੀ ਪਾਲ ਇਉਂ ਭਰੀ ਕਿ ਪਹਿਲੇ ਕੋਠੇ ੧, ਦੂਜੇ ੨ ਇਹ ਦੋਵੇਂ (੧+੨) ਜੋੜ ਕੇ ਇਹਨਾਂ ਵਿਚ ਦੋ ਦੇ ਸਿਖਰਲਾ ਜੋੜ ਕੇ ਅਗਲਾ ਕੋਠਾ ਭਰਿਆ, ਇਸੇ ਤਰ੍ਹਾਂ ਹੀ ਜਾਣੋਂ । ਇਹਦੀ ਦੂਜੀ ਪਾਲ ਦੇ ਛੇਕੜਲੇ ਕੋਠੇ ਤੋਂ ੮ ਮਾਤਰਾਂ ਦੀ ਛੰਦ ਸੰਖਿਆ ਅਤੇ ਤੀਜੀ ਦੇ ਪਿਛਲਿਓਂ ਲਘੁ ਮਾਤ੍ਰਾ, ਅਤੇ ਇਸ ਦੇ ਖਬੇ ਕੋਠੇ ਵਿਚੋਂ ਗੁਰੁ ਮਾਤ੍ਰਾ ਮਲੂਲ ਹੋਈਆਂ, ਅਤੇ ਸਰਬ ਕਲਾ (੧੩੦ ਲਘੁ +੭੧×੨=) ੨੭੨ ਹਨ, ਇਸੇ ਤਰ੍ਹਾਂ ਹੋਰ ਮਾਤਰਾਂ ਦੇ ਜਾਣ ਲਵੋ ।

(੫) [ਉਦਿਸ਼ਟ ਵਰਣਨ ਲੱਛਣ] ਦੋਹਿਰਾ

ਪੁੱਛੇ ਮਤ ਪ੍ਰਸਤਾਰ 'ਚੋਂ ਏਹ ਕੌਨ ਸਾ ਰੂਪ ।
ਜਿਸ ਤੇ ਓਹਨੂੰ ਬੁੱਝੀਏ ਸੋ ਉਦਿਸ਼ਟ ਅਨੂਪ ॥ ੨੧ ॥

Sri Satguru Jagjit Singh Ji eLibrary NamdhariElibrary@gmail.com

ਹੇਠਲੇ ਚਿੱਤ੍ਰ ਵਿਚ ਬੱਨਗੀ ਦੇਖੋ -

| ੫ ਮੱਤ | ਪ੍ਰਸ਼ਨ | ਉਤ੍ਰ | ਪ੍ਰਸਤਾਰ | ੬ ਮੱਤ | ਪ੍ਰਸ਼ਨ | ਉਤ੍ਰ | ਪ੍ਰਸਤਾਰ |
|---|---|---|---|---|---|---|---|
| ਸਾਂਗ<br>ਰੂਪ | ੧ ੩ ੫<br>S I S<br>੨ ੮ | | I S S ੧<br>S I S ੨<br>I I I S ੩<br>S S I ੪ | ਸਾਂਗ<br>ਰੂਪ | ੧ ੩ ੫ ੮<br>S I I S<br>੨ ੧੩ | | S S S ੧<br>I I S S ੨<br>I S I S ੩<br>S I I S ੪ |
| ਕ੍ਰਿਯਾ | ੮-(੫+੧)= | ੨ | I I S I ੫<br>I S I I ੬<br>S I I I ੭<br>I I I I I ੮ | ਕ੍ਰਿਯਾ | ੮+੧=੯<br>=੧੩-੯= | ੪ | I I I S ੫<br>I S S I ੬<br>S I S I ੭ |
| ਸਾਂਗ<br>ਰੂਪ | ੧ ੩ ੮<br>S S S<br>੨ ੫ | | ੮ | ਸਾਂਗ<br>ਰੂਪ | ੧ ੨ ੩ ੮<br>I I S S<br>੫੧੩ | | I I I S I ੮<br>S S I I ੯<br>I I S I I ੧੦<br>I S I I I ੧੧ |
| ਕ੍ਰਿਯਾ | ੮-(੩+੧)= | ੪ | | ਕ੍ਰਿਯਾ | ੧੩-(੮+੩)= | ੨ | S I I I I ੧੨<br>I I I I I I ੧੩ |

ਅਰਥ – ਜੇ ਕੋਈ ਮਾਤ੍ਰਕ ਪ੍ਰਸਤਾਰ ਵਿਚੋਂ ਕੋਈ ਰੂਪ ਕੱਢ ਕੇ ਪੁਛੇ ਕਿ ਇਹ ਕੇਹੜਾ ਰੂਪ ਹੈ ? ਤਾਂ ਜਿਸ ਗੁਰ ਨਾਲ ਓਹਦਾ ਉਤਰ ਦੇਈਏ ਉਹ ਉਦਿਸ਼ਟ ਹੈ ।

[ਸਿੱਧੇ ਉਦਿਸ਼ਟ ਦੀ ਰੀਤੀ] ਦੋਹਿਰਾ

ਦਿੱਤੇ ਹੋਏ ਭੇਦ ਤੇ ਸੂਚੀ ਅੰਕ ਬਣਾਇ ।

ਲਘੂ ਸਿਰ ਇਕ ਸੁ ਦੀਹਦੇ ਸਿਰ ਤਲ ਦੋਇ ਲਗਾਇ ॥ ੨੨ ॥

ਪੁਨਾ ਦੋਹਰਾ

ਗੁਰੂਆਂ ਦੇ ਸਿਰ ਅੰਗ ਜੋ ਕਰੋ ਸਰਬ ਦਾ ਜੋੜ ।

* ਫਾਡੀ ਅੰਗੋਂ ਕੱਟ ਕਰ ਲਵੋ ਉਦਿਸ਼ਟ ਨਿਚੋੜ ॥ ੨੩ ॥

ਅਰਥ – ਦਿਤੇ ਹੋਏ ਭੇਦ ਤੇ ਸੂਚੀ ਅੰਗ ਐਸੇ ਲਾਓ ਕਿ ਲਘੂ ਦੇ ਸਿਰ, ਪੈਰੀਂ, (ਦੋਹੀਂ) ਹੋਣ, ਫੇਰ ਗੁਰੂਆਂ ਦੇ ਉਤਲੇ ਅੰਗ ਵਿਚੋਂ ਘਟਾਓ, ਓਹੀ ਉੱਤਰ ਹੋਵੇਗਾ ।

ਇਹਦੇ ਵਿਚ ੫ ਮਾਤ੍ਰਾ ਦੇ '$S$ । $S$' ਇਸ ਰੂਪ ਨੂੰ ਲਿਖਕੇ ਇਹਦੇ ਉਤੇ ਅੰਗ ੧੩੫ ਲਾ ਕੇ $S$ । $S$ ਆਹ ਰੂਪ ਬਣਾਇਆ, ਫੇਰ ੮ ਵਿਚੋਂ ੫+੧ = ੬ ਕਰਕੇ (ਗੁਰੂ ੨੮ ਸਿਰ ਅੰਗ ਜੋ ਹਨ) ਘਟਾਏ ਤਾਂ ੨ ਉਤ੍ਰ ਹੋਯਾ, ਅਰਥਾਤ $S$ । $S$' ਇਕ ਦੂਜਾ ਰੂਪ ਹੈ । ਸੋ ਪ੍ਰਸਤਾਰ ਵਿਚ ਦੇਖ ਲਵੋ । ਸੋ ਇਸੇ ਤਰ੍ਹਾਂ ਹੋਰ ਭੀ ਜਾਣੋਂ ।

[ਹੁਣ ਪੁੱਠ ਥਾਨ ਉਦਿਸ਼ਟ ਕੀਤਾ ਜਾਂਦਾ ਹੈ] ਰੀਤੀ

ਦੋਹਿਰਾ

ਪ੍ਰਸ਼ਨ ਧਾਰ ਭੇਦਾਂਕ ਪੁਠ ਗੁਰ ਦੇ ਸਿਰ ਤੁਲ ਹੋਇ ।

ਗੁਰ ਸਿਰ ਰਿਣ ਅੰਤੰਗ ਚੋਂ, ਪ੍ਰਗਟੇ ਉੱਤਰ ਸੋਇ ॥ ੨੪ ॥

ਅਰਥ – ਪ੍ਰਸ਼ਨ ਕੀਤਾ ਹੋਯਾ ਰੂਪ ਲਿਖਕੇ ਛੇਕੜੋਂ ਸੂਚੀ ਦੇ ਅੰਗ (ਗੁਰੂ ਸਿਰ ਤਲ, ਲਘੂ ਦੇ ਸਿਰ) ਲਾ ਕੇ ਪੂਰਣ ਅੰਗ ਵਿਚੋਂ ਗੁਰੂਆਂ ਦੇ ਸਿਖਰਲੇ ਅੰਗ ਜੋੜਕੇ ਘਟਾਓ, ਉਹੀ ਉਤ੍ਰ ਹੋਊਗਾ ॥

ਸੂਚਨਾ – ਇਸ ਵਿਚ ਹੋਰ ਸਾਰੀ ਕ੍ਰਿਯਾ ਸਿੱਧੇ ਵਾਂਝ ਹੀ ਹੈ, ਕੇਵਲ ਸੂਚੀ ਅੰਗ ਹੀ ਪੁਠੇ ਪਾਸਿਓਂ ਲਾਏ ਹਨ ॥

---

* ਛੇਕੜਲਾ ।

॥ਇਤਿ ॥

[ਪੁਠ ਗੇਣ ਉਦਿਸ਼ਟ ਰੀਤੀ] ਦੋਹਿਰਾ ॥

ਪੁਠ ਰੂਪ ਤੇ ਅੰਗ ਲਿਖ ਸਿਰ ਤਲ ਗੁਰੂ ਵਸ਼ਿਸ਼ਟ ।
ਗੁਰ ਸਿਰ ਅੰਗੀ ਜੋੜ ਇਕ ਕਰ ਪੁੱਠ ਗੇਣ ਉਦਿਸ਼ਟ ॥੨੫॥

| ੫ ਮੱਤ | ਪ੍ਰਸ਼ਨ | ਉੱਤ੍ਰ | ਪ੍ਰਸਤਾਰ | ੬ ਮੱਤ | ਪ੍ਰਸ਼ਨ | ਉੱਤ੍ਰ | ਪ੍ਰਸਤਾਰ |
|---|---|---|---|---|---|---|---|
| ਸਾਂਗ | ੮੫੩੧ | | ISS ੧ | ਸਾਂਗ | ੧੩੮੩੨੧ | | SSS ੧ |
| ਰੂਪ | IIIS | | SIS ੨ | ਰੂਪ | IISII | | IISS ੨ |
| | ੨ | | IIIS ੩ | | ੫ | | ISIS ੩ |
| | | | SSI ੪ | | | | SIIS ੪ |
| | | | IISI ੫ | | | | IIIIS ੫ |
| | | | ISII ੬ | | | | ISSI ੬ |
| | | | SIII ੭ | | | | SISI ੭ |
| | | | IIIII ੮ | | | | IIISI ੮ |
| | | | | | | | SSII ੯ |
| | | | | | | | IISII ੧੦ |
| | | | | | | | ISIII ੧੧ |
| ਕ੍ਰਿਯਾ | =੮ - ੧ = | ੭ | | ਕ੍ਰਿਯਾ | ੧੩-੩ (ਗੁਰੂ ਸਿਰ) | ੧੦ | SIIII ੧੨ |
| | | | | | | | IIIIII ੧੩ |

ਅਰਥ – ਦਿਤੇ ਹੋਏ ਪ੍ਰਸ਼ਨ ਉਤੇ ਸੂਚੀ ਅੰਗ (ਗੁਰੂ ਦੇ ਸਿਰ ਪੈਰੀਂ ਲਘੂ ਦੇ ਕੇਵਲ ਸਿਰ) ਲਿਖ ਕੇ ਗੁਰੂ ਸਿਖਰ ਅੰਗਾਂ ਨੂੰ ਜੋੜ ਕੇ ਇਕ ਆਪਣੇ ਕੋਲ ਤੋਂ ਰਲਾਓ, ਸੋਈ ਉਤ੍ਰ ਹੋਊਗਾ ॥

ਜੈਸੇ – ਕੋਈ ਪੁਛੇ ਕਿ ੬ ਮਾਤਰਾਂ ਦਾ 'SS।।' ਇਹ ਰੂਪ (ਪੁੱਠੇ ਗੇਣ ੧੩੮੧੩ ਦਾ) ਕੇਹੜਾ ਹੈ ? ਤਾਂ ਇਉਂ ਕੀਤਾ 'SS।।' ਇਹ ਰੂਪ ਲਿਖ ਕੇ ੨੫ (ਸੂਚੀ ਅੰਗ ਲਿਖ ਕੇ) ਗੁਰੂ ਦੇ ਸਿਰ ਦੇ ਅੰਗ (੩+੧) ਜੋੜ ਕੇ ੧ ਆਪਣੇ ਕੋਲੋਂ ਰਲਾ ਕੇ ਪੰਜਵਾਂ ਉੱਤਰ ਕਢਿਆ। ਦੇਖੋ ਪ੍ਰਸਤਾਰ ਪੁੱਠ ਗੇਣ।

ਸੂਚਨਾ – ਇਹਦੇ ਵਿਚ ਲੜੀ ਦੇ ਭੇਦ ਹੀ ਕੱਢੇ ਹਨ, ਜੇ ਕੋਈ ਹੋਰ ਚਾਹੇ ਉਹ ਪ੍ਰਸਤਾਰ ਦੇ ਪ੍ਰਕਰਣ ਵਿਚ ਦੇਖੇ, ਇਸੇ ਤਰ੍ਹਾਂ ਹੋਰ ਭੀ ਜਾਣੋਂ ॥

| | | | | | | |
|---|---|---|---|---|---|---|
| । | । | । | । | । | । | ੧ |
| S | । | । | । | | । | ੨ |
| । | S | । | । | | । | ੩ |
| । | । | S | । | | । | ੪ |
| S | | S | । | | । | ੫ |

[ਦੂਹਰਾ ਪੁੱਠਾ ਉਦਿਸ਼ਟ ਰੀਤੀ] ਦੋਹਿਰਾ

ਪ੍ਰਸ਼ਨ ਰੂਪ ਤੇ ਅੰਗ ਪੁਠ, ਸਿਰ ਤਲ ਗੁਰੂ ਵਸ਼ਿਸ਼ਟ ।<br>
ਗੁਰ ਸਿਰ ਅੰਗੀ ਜੋੜ ਇਕ, ਥਲ ਪੁਠ ਗੇਣ ਉਦਿਸ਼ਟ ॥੨੬॥

ਅਰਥ – ਪ੍ਰਸ਼ਨ ਰੂਪ ਲਿਖਕੇ ਉੱਤੇ ਸੂਚੀ ਅੰਗ (ਗੁਰੂ ਦੇ ਸਿਰ ਪੈਰੀਂ ਲਘੂ ਦੇ ਸਿਰ) ਪੁੱਠੇ ਪਾਸਿਓਂ ਲਿਖੋ, ਗੁਰੂਆਂ ਦੇ ਸਿਰ ਅੰਗਾਂ ਨੂੰ ਜੋੜ ਕੇ ਉਹਦੇ ਵਿਚ ਆਪਣੇ ਕੋਲੋਂ ਇਕ ਰਲਾ ਕੇ ਉਤ੍ਰ ਕੱਢੋ।

ਜੈਸੇ ਕੋਈ ਪੁੱਛੇ ਕਿ ੫ ਮਾਤਰਾਂ ਦਾ '।।S।' ਇਹ ਰੂਪ ਦੂਹਰੇ ਪੁੱਠੇ ੮੫੨੧ ਪ੍ਰਸਤਾਰ ਦਾ ਕੌਂਥਾ ਹੈ ? ਤਾਂ ਇਸ ਦੇ ਉੱਤੇ ਸੂਚੀ ਅੰਗ ਲਿਖ ਕੇ ।।S। ਇਹ ੩ ਰੂਪ ਬਣਾ ਕੇ ਗੁਰੂ ਦਾ ਸਿਖਰ ਅੰਗ ਜੋ ਦੂਆ (੨) ਹੈ ਉਹਦੇ ਵਿਚ ੧ ਰਲਾ ਕੇ ੩ ਜਾਂ ਉਤਰ ਲਿਆਵੋ। ਦੇਖੋ ਪ੍ਰਸਤਾਰ।

ਸੂਚਨਾ – ਪੁੱਠ ਗੇਣ ਨਾਲੋਂ ਇਹਦੇ ਵਿਚ ਇਹ ਭੇਦ ਹੈ ਕਿ ਇਸ ਦੇ ਸੂਚੀ ਅੰਗ ਪੁੱਠੇ ਪਾਸਿਓਂ ਲੈਣੇ ਹਨ, ਉਹਦੇ ਸਿੱਧੇ ਹੀ ॥ ਇਤਿ ॥

| | | | | | |
|---|---|---|---|---|---|
| ੧ | । | । | । | । | । |
| ੨ | । | । | । | S | |
| ੩ | । | । | S | । | |

(੬) [ਨਸ਼ਟ ਵਰਣਨ ਲੱਛਣ] ਦੋਹਿਰਾ

ਐਨਾ ਰੂਪ ਬਤਾ ਦਿਓ ਕੇੜ੍ਹਾ ਵਿਚ ਪ੍ਰਸਤਾਰ ।<br>
ਉਤਰ ਦੇਵੇ ਰੀਤ ਜੋ ਉਸ ਨੂੰ ਨਸ਼ਟ ਵਿਚਾਰ ॥ ੨੭ ॥

ਅਰਥ – ਜੇ ਕੋਈ ਪੁੱਛੇ ਕਿ ਐਨਾ (ਪਵਾਂ ਯਾ ੬ਵਾਂ) ਰੂਪ ਪ੍ਰਸਤਾਰ ਵਿਚ (ਐਨੀ ਮਾਤਰਾਂ ਦਾ) ਕੇਹੜਾ ਹੈ ? ਤਾਂ ਜੇੜ੍ਹੀ ਰੀਤੀ ਇਹਦਾ ਉੱਤ੍ਰ ਦੇਵੇ ਉਹ ਨਸ਼ਟ ਹੈ ।

[ਸਿੱਧੀ ਮਾਤ੍ਰਾ ਨਸ਼ਟ ਕਰਨ ਰੀਤੀ, ਦਵੈਯਾ]

ਜਿਤਨੀ ਮਾਤ੍ਰਾ ਦਾ ਜੋ ਰੂਪ ਚਹੇ ਲਘੁ ਉਤਨੇ ਲਾਵੈ ।
ਉਤੇ ਸੂਚੀ ਅੰਗ ਲਗਾ ਕੇ ਪਿਛਲਿਓਂ ਪ੍ਰਸ਼ਨ ਘਟਾਵੈ ।
ਬਚਦੇ ਤੋਂ ਖੱਬੇ ਘਟਦੇ ਕ੍ਰਮ ਤੇ ਸਭੇ ਘਟਾਲੇ ।
ਘਟਦੇ ਅੰਗ ਤਲੇ ਗੁਰ ਕਰਕੇ ਸੱਜੀ ਮੱਤ ਮਿਟਾਲੇ ॥ ੨੮ ॥

ਹੇਠ ਕੋਠੇ ਵਿਚ ਬੰਨਗੀ ਦੇਖੋ :-

ਪ੍ਰਸ਼ਨ ਪੰਜਵੇਂ ਭੇਦ ਦਾ ਦੋਹਾਂ ਲਈ

| | |
|---|---|
| ੫<br>ਮਾਤਰਾਂ | ੧ ੨ ੩ ੫ ੮<br>। । । । । =੮-੫=੩ } ੩-੩=੦<br>$S$ ੦<br>- । । $S$ । ਉੱਤ੍ਰ |
| ੭<br>ਮਾਤਰਾਂ | ੧ ੨ ੩ ਪ੍ਰ ੮ ੧੩ ੨੧<br>। । । । । । । ।=੨੧-੫=੧੬ ਹਨ, ੧੬-੧੩<br>$S$ ੦ $S$ ੦ = ੩-੩=੦<br>= । । $S$ । $S$ ਉਤਰ |

ਹੁਣ ਇਸ ਵਿਚ ਮਾਤਰਾਂ ਦੇ ਪਵੇਂ ਰੂਪ ਦੇ ਕੱਢਣ ਲਈ ੫ ਲਘੁ (। । । । ।) ਮਾਤਰਾਂ ਲਿਖ ਕੇ ਉਹਨਾਂ ਉਤੇ ਸੂਚੀ ਅੰਗ ਲਾਏ, ਫੇਰ ਫਾਡੀ ਅੰਗ ਚੋਂ ਪੁਛਦਾ ਅੰਗ ਘਟਾਇਆ ਤਾਂ (੮-੫=) ੩ ਰਹੇ, ਫੇਰ ੩ ਵਿਚੋਂ (ਖੱਬੇ ਪਾਸੇ ਦੇ ਅੰਗ ਵਿਚੋਂ) ਤੀਆ ਹੀ ਘਟ ਸਕਦਾ ਹੈ ਉਹ ਘਟਾ ਕੇ ਉਹਦੀ ਮਾਤ੍ਰਾ ਨੂੰ ਗੁਰੂ ($S$) ਬਣਾ ਕੇ ਸੱਜੀ ਮਾਤ੍ਰਾ ਨੂੰ ਮਿਟਾ ਦਿਤਾ (ਉਹਨੂੰ ਗੁਰੂ ਮਾਤ੍ਰਾ ਖਾ ਗਈ) ਤਾਂ '। । $S$ ।' ਇਹ ਰੂਪ ਬਣਿਆਂ, ਏਸੇ ਤਰ੍ਹਾਂ ਹੋਰ ਭੀ ਜਾਣੋਂ ॥

ਸੂਚਨਾ – ਆਦਿਲੇ ਅਤੇ ਅੰਤਲੇ ਰੂਪ ਕੱਢਣ ਦੀ ਲੋੜ ਹੀ ਨਹੀਂ, ਕਿਉਂਕਿ ਇਹ ਗਲ ਪ੍ਰਸਿੱਧ ਹੈ ਕਿ ਵਰਣਕ ਪ੍ਰਸਤਾਰ ਦਾ ਆਦਿਲਾ ਰੂਪ ਸਰਬ ਗੁਰੂ ਦਾ ਅਤੇ

Sri Satguru Jagjit Singh Ji eLibrary NamdhariElibrary@gmail.com

ਅੰਤਲਾ ਸਰਬ ਲਘੁ ਦਾ ਹੁੰਦਾ ਹੈ ਅਤੇ ਮਾਤ੍ਰਕ ਪ੍ਰਸਤਾਰ ਵਿਚ ਟੌਂਕ ਮਾਤ੍ਰਾ ਦੇ ਆਦਿ ਰੂਪ ਵਿਚ ਪਹਿਲਾ ੧ ਲਘੁ ਤੇ ਹੋਰ ਗੁਰੂ ਹੁੰਦੇ ਹਨ ਅਤੇ ਜਿਸਤ ਰੂਪ ਸਰਬ ਗੁਰੂਆਂ ਦਾ ਹੁੰਦਾ ਹੈ ਅਰ ਅੰਤਲਾ ਰੂਪ ਸਰਬ ਲਘੁ ਦਾ ਹੈ ।

[ਪੁੱਠ ਥਾਨਿ ਨਸ਼ਟ ਰੀਤੀ] ਦੋਹਿਰਾ

ਲਘੁ ਧਰ ਸੂਚੀ ਅੰਗ ਪੁਠ ਅੰਤੋਂ ਪ੍ਰਸਨ ਘਟਾਇ ।
ਲਘੁ ਕਰ ਗੁਰ ਭੇਦਾਂਕ ਰਿਣ, ਖੱਬੀ ਮੱਤ ਮਿਟਾਇ ॥ ੨੯ ॥

ਹੇਠ ਬੰਨਗੀ ੬ ਅਤੇ ੭ ਮਾਤ੍ਰਾ ਦੇ ਅੱਠਵੇਂ ਰੂਪ ਦੀ : –

| ੬ | ੧੩ ੮ ੫ ੩ ੨ ੧ | ਉੱਤ੍ਰ | ੭ | ੨੧ ੧੩ ੮ ੫ ੩ ੨ ੧ | ਉੱਤ੍ਰ |
|---|---|---|---|---|---|
| ਮਾਤਰਾਂ | ।  । । । । । | | ਮਾਤਰਾਂ | ।  । । । । । । | |
| | 0 S | = ।S ।।। | | 0 S | = S ।।।।। |
| | = ੧੩ – ੮ = ੫ | | | = ੨੧ - ੮ = ੧੩ | |
| | = ੫ – ੫ = 0 | | | = ੧੩ - ੧੩ = 0 | |

ਇਹਦੇ ਵਿਚ ੬ ਮਾਤਰਾਂ ਦੇ ੧੩ ਰੂਪਾਂ ਵਿਚੋਂ ੮ (ਪ੍ਰਸ਼ਨਾਂਗ) ਘਟਾਇਆ ਤਾਂ ੫ ਰਹੇ, ਫੇਰ ੫ ਵਿਚੋਂ (ਸੂਚੀ ਅੰਗਾਂ ਵਿਚੋ) ੫ ਹੀ ਘਟਦੇ ਹਨ, ਉਹ ਘਟਾਏ ਤਾਂ ਰਿਹਾ ਕੁਛ ਨਾ, ਅਤੇ ਪਾਂਜੇ ਦੇ ਹੇਠਲੀ ਮਾਤ੍ਰਾ ਦੀਰਘ(S) ਕਰਕੇ ਓਹਦੇ ਖਬੇ ਪਾਸੇ ਦੀ ਮਾਤ੍ਰਾ (੮ ਦੇ ਹੇਠਲੀ) ਮਿਟਾ ਦਿਤੀ ਤਾਂ '।S।।।' ਇਹ ਰੂਪ ਬਣਿਆ ਏਸੇ ਤਰ੍ਹਾਂ ੭ ਮਾਤ੍ਰਾ ਅਤੇ ਹੋਰ ਭੀ ਜਾਣੋਂ ॥

ਪੁੱਠ ਗੇਣ ਨਸ਼ਟ ਰੀਤੀ] ਦੋਹਰਾ

ਲਘੁ ਧਰਿ ਮਤ ਭੇਦਾਂਕ ਲਿਖ ਪ੍ਰਸ਼ਨੋ ਇੱਕ ਘਟਾਇ ।
ਤਿਸੋਂ ਘਟੇ ਅੰਗ ਹੇਠ ਕਲ ਗੁਰ ਹੋ ਸੱਜੀ ਖਾਇ ॥ ੩੦ ॥

੫ ਅਤੇ ੬ ਮਾਤ੍ਰਾ ਦੇ ੭ਵੇਂ ਭੇਦ ਦੀ ਬੰਨਗੀ (ਪੁੱਠ ਗਿਣਤੀ ਦੇ ਸ੍ਰੂਪ ਦੀ ) ਹੇਠਲੇ ਕੋਠੇ ਵਿਚ ਦੇਖੋ :–

ਇਹਦੇ ਵਿਚ ੫ ਮਾਤ੍ਰਾ ਦੇ ੭ਵੇਂ ਰੂਪ ਦਾ ਉਤ੍ਰ ਇਉਂ ਕੱਢਿਆ ਕਿ ੭ (ਪ੍ਰਸ਼ਨ) ਵਿਚੋਨ ੧ ਘਟਾਯਾਂ ੬ ਰਹੇ, ਫੇਰ ੬ ਵਿਚੋਂ (ਸੂਚੀ ਅੰਗਾਂ ਵਿਚੋਂ) ਪਹਿਲਾਂ ੫ ਘਟਾ ਕੇ ਉਹਦੇ ਹੇਠਲੀ ਮਾਤ੍ਰਾ ਨੂੰ ਗੁਰੂ (S) ਕਰਕੇ ਸੱਜੀ ਮਾਤ੍ਰਾ (ਲਘੁ) ਮਿਟਾ ਦਿੱਤੀ, ਅਤੇ

ਜੇਹੜਾ ੧ ਪਿਛੇ ਰਿਹਾ ਸੀ ਉਹਦੇ ਵਿਚੋਂ ੧ (ਸੂਚੀ ਅੰਗ) ਘਟਾਇਆ ਤਾਂ ੧ ਘਟ ਕੇ ਪਿਛੇ ਕੁਝ ਨਾ ਰਿਹਾ, ਅਤੇ ਇੱਕ ਦੇ ਹੇਠਲੀ ਮਾਤ੍ਰਾ ਨੂੰ ਗੁਰੁ(S) ਕਰਕੇ ਅਗਲੀ (ਸੱਜੀ) ਮਾਤ੍ਰਾ ਮਿਟਾ ਦਿੱਤੀ ਤਾਂ'SIS' ਇਹ ਰੂਪ ਬਣਿਆ, ਇਹਦੇ ਵਿੱਚ ਇਹ (੨ਵਾਂ) ਰੂਪ ਸਿੱਧੀ ਪ੍ਰਸਤਾਰ ਦਾ ਦੂਜਾ ਹੈ, ਕਿਉਂਕਿ ੫ ਮਾਤਰਾਂ ਦੇ ੮ ਰੂਪ ਹੁੰਦੇ ਹਨ, ਪੁੱਠ ਗਿਣਤੀ ਨਾਲ ਇਹ ਦੂਜਾ ਰੂਪ ਸਿੱਧ ਹੁੰਦਾ ਹੈ ।

### ਦੂਹਰਾ ਪੁੱਠ ਨਸ਼ਟ(ਨਾਲੇ ਥਾਉਂ ਨਾਲੇ ਗਿਣਤੀ ਪੁਠੀ) ਦਾ ਢੰਗ

#### ਚੌਪਈ

ਲਘੁਕਰ ਮਤ ਅੰਗ ਅੰਤੋਂ ਧਰੀਏ ।
ਇਕ ਘਟ ਪ੍ਰਸ਼ਨੋ ਅੰਗ ਰਿਣ ਕਰੀਏ ।
ਜਿਸ ਜਿਸ ਦੇ ਸਿਰ ਅੰਗ ਘਟਾਈਏ * ।
ਖੱਬੀ ਖਾ ਉਸ ਗੁਰੂ ਬਣਾਈਏ ।।੩੧।।

੫ ਅਤੇ ੬ ਮਾਤਰਾਂ ਦੇ ੬ਵੇਂ ਰੂਪ ਦੀ (ਦੂਹਰੇ ਪੁੱਠੇ ਦੀ) ਬੰਨਗੀ ਇਸ ਕੋਠੇ ਵਿਚ ਦੇਖੋ :-

| | |
|---|---|
| ੬ ਮਾਤ੍ਰਾਂ | ੧ ੨ ੩ ੫ ੮ ੧੩<br>। । । । । ।<br>= ੭ - ੧ = ੬<br>S0S0 = ੬ - ੫ = ੧<br>= ੧ - ੧ = 0<br>= S।S। ਉੱਤ੍ਰ |
| ੫ ਮਾਤ੍ਰਾਂ | ੧ ੨ ੩ ੫ ੮<br>। । । । । = ੭ - ੧ = ੬<br>S0 S0 = ੬ - ੧ = ੧<br>= ੧ - ੧ = 0<br>= S।S ਉੱਤ੍ਰ |

ਇਹਦੇ ਵਿੱਚ ੫ ਮਾਤਰਾਂ ਦਾ ੬ਵਾਂ ਰੂਪ ਇਉਂ ਕੱਢਿਆ ਕਿ ੫ ਮਾਤਰਾਂ ਲਘੁ ਲਿਖ ਕੇ ਉਨ੍ਹਾਂ ਉੱਤੇ ਪਿਛਲੇ ਪਾਸਿਓਂ ਸੂਚੀ ਅੰਗ ਲਾਏ । ਫੇਰ ਪ੍ਰਸ਼ਨ ਤੋਂ ੧ ਘੱਟ ਅੰਗ ੫ ਹੈ, ਸੋ ੫ ਵਿਚੋਂ ਅੰਗ ਪੰਜ ਘਟਾਯਾ ਅਤੇ ਉਹਦੇ ਹੇਠਲੀ ਮਾਤ੍ਰਾ ਗੁਰੁ (S) ਕਰਕੇ ਖੱਬੀ (।) ਮਿਟਾ ਦਿੱਤੀ, ਹੁਣ ਅੱਗੇ ਕੋਈ ਅੰਗ ਨਹੀਂ ਜੀਹਦੇ ਵਿੱਚ ਕੁਝ ਘਟ ਸਕੇ, ਇਸ ਕਰਕੇ ੫ ਮਾਤ੍ਰਾ ਦਾ ੬ਵਾਂ ਰੂਪ 'S।।।' ਇਹ ਬਣਿਆਂ, ਇਸੇ ਤਰ੍ਹਾਂ ਹੀ ੬ ਅਤੇ ਹੋਰਨਾਂ ਮਾਤਰਾਂ ਦਾ ਜਾਨਣਾ ।

---

* ਪੰਜਾਬੀ ਭਾਸ਼ਾ ਵਿੱਚ 'ਏ' ਤੋਂ ਉਰਲੀ 'ਈ' ਨੂੰ 'ਏ' ਵਿੱਚ ਹੀ ਪੜ੍ਹਿਆ ਜਾਂਦਾ ਹੈ ।

Sri Satguru Jagjit Singh Ji eLibrary NamdhariElibrary@gmail.com

| | | | |
|---|---|---|---|
| ੫ | ੮ ੫ ੩ ੨ ੧ | ੬ | ੧੩ ੮ ੫ ੩ ੨ ੧ |
| ਮਾਤ੍ਰਾਂ | । । । । । = 0 S । । । | ਮਾਤ੍ਰਾਂ | । । । । । । = । 0 S । । |
| | = ੬-੧ = ੫ <br> = ੫-੫ = 0 } = 'SIII' ਉੱਤ੍ਰ | | = ੬-੧ = ੫ <br> = ੫-੫ = 0 } = 'ISII' ਉੱਤ੍ਰ |

।ਇਤਿ ਨਸ਼ਟ।।

(੭) [ਮੇਰੂ ਵਰਣਨ ਲੱਛਣ] ਦੋਹਿਰਾ

ਐਨੀ ਰੂਪੀਂ ਐਨੇ ਗੁਰੂ, ਛੰਦ ਸੰਖਿਆ ਗਯਾਨ ।
ਕਰੇ ਸੁ ਗੁਰ ਵਯਾਖਾਨ ਜੋ ਉਸਨੂੰ ਮੇਰੂ ਜਾਨ ।। ੩੨ ।।

**ਅਰਥ** – ਜੇੜ੍ਹਾ ਗੁਰ ਇਹ ਦੱਸੇ ਕਿ ਐਨੀ ਮਾਤਰਾਂ ਦੇ ਐਨੇ ਰੂਪਾਂ ਚਿ ਐਨੇ ਗੁਰੂ ਹੁੰਦੇ ਹਨ, ਅਤੇ ਛੰਦ ਸੰਖਿਆ ਐਨੀ ਹੁੰਦੀ ਹੈ, ਉਸਨੂੰ ਮੇਰੂ ਜਾਣੇ ।

[ਮੇਰੂ ਕਰਨ ਦਾ ਢੰਗ] ਕਬਿੱਤ

**ਦੋ ਦੋ ਕੋਠਿਆਂ ਚਿ ਦੋਇ ਦੋ ਜੁੜੁੱਤ ਪਾਲਾਂ ਤਿੰਨ ਤਿੰਨ ਚਾਰ ਚਾਰ ਦੀਆਂ ਹੇਠ ਆਨੀਏਂ ।**
**ਪਹਿਲੀ ਛੱਡ ਖੱਬੇ ਲਿਖ ਬਾਹਰ ਲੋੜੀਂਦੀ ਮੱਤਾਂ ਏਤਨੀ ਹੀ ਪਾਲਾ ਸੁਚੀ ਅੰਗ ਸੱਜੇ ਠਾਨੀਏ ।**
**ਖੱਬੇ ਕੋਠੀਂ ਇਕ ਦੋਇ ਇਕ ਤੀਨ ਆਦਿ ਲਿਖ ਸੱਜੇ ਠਾਣੀਏ ।**
**ਸਭ ਕੋਠੀਂ ਅੰਗ ਏਕਤ੍ਰਾ ਹੀ ਮਾਣੀਏਂ ।**
**ਖਾਲੀ ਸਿਰ ਖੱਬੇ ਨਾਲ ਵਿਕਟ ਮਿਲਾਇ ਸੱਜਾ ਮੇਰੂ ਭਰ ਐਨੇ ਰੂਪੀ ਐਨੇ ਗੁਰੂ ਜਾਣੀਏਂ ।। ੩੩ ।।**

[ਹੇਠ ਸੱਤਾਂ ਮਾਤਰਾਂ ਦਾ ਮੇਰੂ ਦੇਖੋ]

| | | | | | |
|---|---|---|---|---|---|
| ੨ | ੧ | ੧ | ੨ | | |
| ੩ | ੨ | ੧ | ੩ | | |
| ੪ | ੧ | ੩ | ੧ | ੫ | |
| ੫ | ੩ | ੪ | ੧ | ੮ | |
| ੬ | ੧ | ੬ | ੫ | ੧ | ੧੩ |
| ੭ | ੪ | ੧੦ | ੬ | ੧ | ੨੧ |

੩ ਗੁਰੂ ੨ ਗੁਰੂ ੧ ਗੁਰੂ ਦਾ ਸਰਬ ਲਘੂ

ਇਹਦੇ ਭਰਨ ਦੀ ਰੀਤੀ ਇਹ ਹੈ, ਕਿ ਪਹਿਲੇ ਦੋ ਦੋ ਕੋਠਿਆਂ ਦੀਆਂ ਹੇਠ ਉਤੋਂ ਤਿੰਨ ਪਾਲਾਂ ਬਣਾਈਆਂ, ਫੇਰ ਤਿੰਨ ੨ ਕੋਠਿਆਂ ਦੀਆਂ ੨ ਬਣਾਈਆਂ (ਜੇੜ੍ਹੀਆਂ ਲੀਕਾਂ ੩ ਕੋਠੇ ਬਣੌਂਦੀਆਂ ਹਨ, ਉਹ ਉਤਲੇ ਕੋਠਿਆਂ ਦੇ ਗਭਿਓਂ ਖਿਚੀਆਂ) ਫੇਰ ਚਾਰ ਚਾਰ ਦੀਆਂ ਦੋ ਪਾਲਾਂ ਬਣਾਈਆਂ, ਇਨ੍ਹਾਂ ਦੇ ਖੱਬੇ ਪਾਸੇ ਬਾਹਰ ਪਹਿਲੀ ਮਾਤ੍ਰਾ ਛੱਡ ਕੇ (੨ ਤੋਂ ਲੱਗਕੇ) ੭ ਤੱਕ ਅੰਗ ਲਿਖੇ, ਜੇਹੜੇ ਕਿ ਮਾਤ੍ਰਾ ਦਸਦੇ ਹਨ। ਸੱਜੇ ਕੋਠਿਆਂ ਦੇ ਵਿਚ ਏਕਾ ਹੀ ਲਿਖਿਆ ਅਤੇ ਬਾਹਰਲੇ ਪਾਸੇ ਸੂਚੀ ਅੰਕ ਲਿਖੇ, ਖੱਬੇ ਪਾਸੇ ਦੇ ਕੋਠਿਆਂ ਵਿਚ ਇਕ ਦੋ ਇਕ ਤਿੰਨ ਇਕ ਚਾਰ ਅੰਗ ਲਾਏ। ਹੁਣ ਅੰਦਰਲੇ ਕੋਠੇ ਇਉਂ ਭਰੇ ਕਿ ਖਾਲੀ ਕੋਠੇ ਦੇ ਉਪਰਲੇ ਕੋਠਿਆਂ ਵਿਚੋਂ ਖੱਬੇ ਕੋਠੇ ਵਿਚਲੇ ੨ ਅੰਗ ਨਾਲ ਸੱਜੇ ਪਾਸੇ ਦਾ ਉਤਲਾ ਏਕਾ (ਵਿਕਟ) ਮਿਲਾ ਕੇ ਹੇਠਾਂ ੩ ਅੰਗ ਲਿਖਿਆ, ਫੇਰ ੬ ਵਿਚ ਉਤਲੇ ਕੋਠਿਆਂ ਵਿਚੋਂ ਜੇਹੜਾਂ ਸੱਜੇ ਦਾ ਏਕਾ ਹੈ ਰਲਾਇਆ ਤਾਂ ੪ ਲਿਖੇ, ਹੁਣ ਜਿਸ ਹੇਠਲੇ ਖਾਲੀ ਕੋਠੇ ਉਤੇ ੨ ਕੋਠੇ ੩ ਅਤੇ ੪ ਅੰਗ ਵਾਲੇ ਹਨ ਉਹਨੂੰ ਭਰਨ ਲਈ ਉਤਾਂਹਾਂ ਦਿਆਂ ਵਿਚੋਂ ਜੇੜ੍ਹਾਂ ਖੱਬਾ ਅੰਗ ਹੈ ਉਹਦੇ ਵਿਚ ਉਹਦਾ ਵਿਕਟ (ਉਤਲੇ ਦਾ ਸੱਜਾ) ੩ ਰਲਾਇਆ ਤਾਂ ੬ ਲਿਖਿਆ, ਫੇਰ ਖਾਲੀ ਲਈ ੬ ਵਿਚ ਉਹਦਾ ਵਿਕਟ (ਉਤਲਾ ਸੱਜਾ) ਰਲਾਏ, ੧੦ ਬਣਾਕੇ ਉਹਦੇ ਵਿਚ ਲਿਖੇ, ਫੇਰ ਚਾਰ ਅਤੇ ੧ ਹੇਠਲਾ ਖਾਲੀ ਭਰਨ ਲਈ ੪ ਅਤੇ ਉਨ੍ਹਾਂ ਦਾ ਵਿਕਟ (ਸੱਜਾ ਉਤਲਾ) ਮਿਲਾਯਾ ਤਾਂ ੫ ਹੋਏ, ਉਹਦੇ ਵਿਚ ਲਿਖੇ, ਫੇਰ ਰਹਿੰਦੇ ਖਾਲੀ ਵਿਚ ਉਪਰਲੇ ੫ ਅਤੇ ਉਹਦਾ ਵਿਕਟ (ਏਕਾ) ਰਲਾ ਕੇ ੬ ਲਿਖ ਕੇ ਪੂਰਾ ਕੀਤਾ। ਹੁਣ ਇਸ ਤੋਂ ਇਹ ਜਾਣਿਆਂ ਗਿਆ ਕਿ ੭ ਮਾਤਰਾਂ ਦੇ ੪ ਐਸੇ ਰੂਪ ਹਨ ਕਿ ਜਿਨ੍ਹਾਂ ਵਿਚ ੩ ਗੁਰੂ ਹਨ, (ਇਧਰੋਂ ੩ ਫੇਰ ੨ ਫੇਰ ੧ ਫੇਰ ਏਸ ਕ੍ਰਮ ਨਾਲ ਗਿਣੋਂ) ੧੦ ਰੂਪ ਐਸੇ ਹਨ ਕਿ ਜਿਨ੍ਹਾਂ ਵਿਚ ਦੋ ਗੁਰੂ ਹਨ, ੬ ਐਸੇ ਹਨ ਜਿਨ੍ਹਾ ਵਿਚ ੧ ਗੁਰੂ ਹੈ, ਅਤੇ ੧ ਭੇਦ ਸਰਬ ਲਘੂ ਦਾ ਹੈ। ਜਿਹੜੀਆਂ ਸੰਖਿਆਵਾਂ ਸੱਜੇ ਪਾਸੇ ਦੀਆ ਹਨ ਓਹ ਵਿਚਲੇ (ਸਾਹਮਣੇ ਦੇ) ਕੋਠਿਆਂ ਦਾ ਜੋੜ ਹਨ, ਜੇ ਜੋੜ ਮਾਤਰਾਂ ਦੀ ਸੰਖਿਆਂ ਜਿਨ੍ਹਾਂ (ਕੋਠਿਆਂ ਦਾ) ਨਾਂ ਆਵੇ ਤਾਂ ਜਾਣੋਂ ਕਿ ਕੋਠਿਆਂ ਦੀ ਪੂਰਤੀ ਠੀਕ ਨਹੀਂ।

### [ਉਲਟ ਮੇਰੂ ਲੱਛਣ]

ਗਦਜ- ਜਿਸ ਮੇਰੂ ਤੇ ਗੁਰੂਆਂ ਦੀ ਗਿਣਤੀ ਹਰ ਕੋਠੇ ਵਿਚ ਇਕ ਇਕ ਦੇ ਹਿਸਾਬ (ਉਤਲੇ ਮੇਰੂ ਦੇ ਉਲਟ) ਵਧਦੀ ਹੋਈ ਪ੍ਰਗਟ ਹੋਵੇ ਉਹ ਉਲਟ ਮੇਰੂ ਹੈ।

### ਰੀਤੀ ਕਬਿੱਤ

ਹੇਠ ਉਤੇ ਦੁੱਘਰੇ ਬਣਾਇ ਦੋਇ ਫੇਰ ਕਰੇ, ਤ੍ਰੀਰੇ ਚੌਰੇ ਇਕ ਇਕ ਸੱਜੇ ਨੂੰ ਵਦਾਇ ਕਰ।
ਹੁਣ ਸਭ ਪਾਲਾਂ ਇਕ ਘੱਟ ਦਿਤੀ ਮਾਤ੍ਰਾ ਤੋਂ ਆਦਿ ਅੰਤ ਕੋਠੀਂ ਰੱਖੋ ਏਕੜਾ ਟਿਕਾਇ ਕਰ।
ਰੀਤ ਏਹ ਸੁਖਾਲੀ ਖਾਲੀ ਕੋਠਿਆਂ 'ਚਿ ਅੰਗ ਭਰੋ ਸਿਖਰੰਗ ਨਾਲ ਟੇਢਾ ਖੱਬਿਓਂ ਮਿਲਾਇ ਕਰ।
ਸਭਲਘੂ ਏਕ ਗੁਰੂ ਦੋਇ ਫੇਰ ਇਕ ਬਧੇ, ਕ੍ਰਮ ਤੇ ਬਤਾਓ ਮੇਰੂ ਉਲਟ ਬਣਾਇ ਕਰ ॥ ੩੪ ॥

Sri Satguru Jagjit Singh Ji eLibrary NamdhariElibrary@gmail.com

ਦੇਖੋ ਬੰਨਗੀ, ਚਿਤ੍ਰ ੭ ਮਾਤਰਾਂ ਦਾ ਮੇਰੂ –

| | | | | | |
|---|---|---|---|---|---|
| ੨ | ੧ | ੧ | ੨ | | |
| ੩ | ੧ | ੨ | ੩ | | |
| ੪ | ੧ | ੩ | ੧ | ੫ | |
| ੫ | ੧ | ੪ | ੩ | ੮ | |
| ੬ | ੧ | ੫ | ੬ | ੧ | ੧੩ |
| ੭ | ੧ | ੬ | ੧੦ | ੪ | ੨੧ |
| | ਸਰਬ ਲਘੂ | ੧ ਗੁਰੂ | ੨ ਗੁਰੂ | ੩ ਗੁਰੂ | |

ਸੂਚਨਾ – ਇਹ ਇਉਂ ਕੀਤਾ ਕਿ ਪਹਿਲਾਂ ਉਤੋਂ ੨ ਕੋਠਿਆਂ ਦੀ ੨ ਪਾਲਾਂ ਹੇਠ ਓਤੇ ਬਣਾਈਆ, ਫੇਰ ੨ ਤਿੰਨ ਕੋਠਿਆਂ ਦੀਆਂ, ਫੇਰ ਦੋ ਚਾਰ ਕੋਠਿਆਂ ਦੀਆਂ (ਸੱਜੇ ਪਾਸੇ ਨੂੰ ਇਕ ਇਕ ਕੋਠਾਂ ਵਧਾਕੇ) ਬਣਾਈਆਂ, ਤਾਂ ਇਹ ਪਾਲਾਂ ੬ ਹੋਈਆਂ, ਫੇਰ ਏਹਨਾਂ ਦੇ ਪਹਿਲਿਆਂ ਅਤੇ ਪਿਛਲਿਆਂ ਕੋਠਿਆਂ ਵਿਚ ੧ ਅੰਗ ਹੀ ਲਿਖਿਆ, ਫੇਰ ਏਹਨਾਂ ਪਾਲਾਂ ਦੇ ਦੂਜੇ ਕੋਠੇ ਇਉਂ ਭਰੇ ਕਿ ਉਤਲੇ ਖਾਲੀ ਕੋਠੇ ਵਿਚ ਓਦੂੰ ਉਤਲੇ ੧ ਦੇ ਵਿਚ ੧ (* ਪਹਿਲੀ ਨਾ ਲਿਖੀ ਹੋਈ ਮਾਤ੍ਰਾ) ਰਲਾ ਕੇ ੨ ਲਿਖੇ, ਫੇਰ ਖਾਲੀ ਦੇ ਉਤਲੇ ਵਿਚ ਓਹਤੇ ਭੀ ਉਤਲੇ ਖਬੇ ਪਾਸੇ ਦਾ ਰਲਾਕੇ ਸਭ ਕੋਠੇ ਭਰੇ, ਅਰਥਾਤ ੨ ਵਿਚ ੧ ਰਲਾਇਆ ੩ ਲਿਖੇ, ਫੇਰ ੩ ਵਿਚ ੧ ਰਲਾ ਕੇ ੪ ਲਿਖੇ, ਫੇਰ ੫ ਅਤੇ ੬ ਲਿਖੇ ਫੇਰ ਚੌਥੀ ਪਾਲ ਦਾ ਖਾਲੀ (੧+੨ਕਰਕੇ) ਭਰਿਆ, ਹੇਠਾਂ ੩+੩ =੬ ਲਿਖੇ, ਇਸੇ ਤਰ੍ਹਾਂ ਹੀ ੧੦ ਅਤੇ ੪ ਲਿਖੇ। ਜਿਸ ਤੋਂ ਪਤਾ ਲਗਿਆ ਕਿ ੭ ਮਾਤਰਾਂ ਦੇ ਛੰਦਾਂ ਵਿਚ ੧ ਰੂਪ ਸਾਰਾ ਲਘੂਆਂ ਦਾ ਹੈ, ੬ ਰੂਪੀਂ(ਦੂਜੇ ਥਾਉਂ) ੧ ਗੁਰੂ , ੧੦ ਰੂਪੀਂ ੨ ਅਤੇ ੪ ਰੂਪੀਂ ੩ ਗੁਰੂ ਹਨ। ਏਹਨਾਂ ਕੋਠਿਆਂ ਦੇ ਬਾਹਰ (ਸੱਜੇ)ਜੋ ਅੰਗ ਹਨ ਓਹ ਵਿਚਲੇ ਕੋਠਿਆਂ ਦਾ ਜੋੜ ਅਤੇ ਛੰਦ ਸੰਖਯਾ ਦੇ ਜਣਾਉਣ ਵਾਲੇ ਹਨ।

## (੮) ਖੰਡ ਮੇਰੂ ਵਰਣਨ, ਲੱਛਣ

ਗਦਯ– ਜੀਹਦੇ ਨਾਲ ਓਤਲਿਆਂ ਦੋਹਾਂ ਮੇਰੂਆਂ ਬਿਨਾਂ ਹੀ ਉਤਲਾ ਅਰਥ ਸਰ ਜਾਏ, ਓਹ ਖੰਡ ਮੇਰੂ ਹੈ।

[ਢੰਗ] ਕਬਿੱਤ

ਪੁੱਛੀ ਹੋਈ ਮੱਤ ਨਾਲੋਂ ਕੋਠਾ ਇਕ ਹੋਰ ਗਿਣ ਲਿਖ ਲੰਬੀ ਪਾਲ ਸਭ ਵਿਚ ਏਕਾ ਪਾਈਏ ।

ਅੰਤ ਵਲੋਂ ਦੋ ਦੋ ਕੋਠੇ ਹਟਵੀਂ ਬਣਾਓ ਪਾਲਾਂ , ਹੇਠ ਘਰ ਇਕ ਰਹੇ ਮੂਲੋਂ ਜਾਂ ਮੁਕਾਈਏ ।

* ਪਹਿਲੀ ਮਾਤ੍ਰਾ ਦਾ ਵਿਸਤਾਰ ਨਾ ਹੋਣ ਕਰਕੇ ਲਿਖੀ ਨਹੀਂ। ਪ੍ਰੰਤੂ ਕੋਠੇ ਭਰਨ ਲਈ ਓਹਦੀ ਗਿਣਤੀ ਅਵੱਸ਼ ਕਰਨੀ ਪੈਂਦੀ ਹੈ, ਉਸ ਮਾਤ੍ਰਾ ਦਾ ਚਿੰਨ੍ਹ (ਖਾਲੀ ਕੋਠਾ) ਪਾ ਦਿੱਤਾ ਹੈ।

ਏਕਾ ਲਿਖ ਆਦਿ ਘਰ ਸਿਖਰੋਂ ਮਿਲਾਇ ਟੇਢਾ ਭਰਕੇ ਅਗਾੜੀ ਸਭ ਪਾਲਾਂ ਨੂੰ ਸਜਾਈਏ ।
* ਫਾਡੀ ਸਿਰ, ਖੱਬੇ, ਘਰ ਤੁਲ ਜਾਣ ਗੁਰੂ ਲਘੂ ਅੰਤ ਕੱਢ ਭੇਦ ਕਾਰ ਮੇਰੂ ਦੀ ਨਿਬਾਹੀਏ ॥ ੩੫ ॥

ਦੇਖੋ ੮ ਮਾਤਰਾਂ ਦੇ ਖੰਡ ਮੇਰੂ ਦੀ ਵੰਨਗੀ :–

| | | | | | | | | | |
|---|---|---|---|---|---|---|---|---|---|
| ੧ | ੧ | ੧ | ੧ | ੧ | ੧ | ੧ | ੧ | ੧ | ਸਰਬ ਲਘੂ |
| ੧ | ੨ | ੩ | ੪ | ੫ | ੬ | ੭ | ੧ ਗੁਰੂ | | |
| ੧ | ੩ | ੬ | ੧੦ | ੧੫ | ੨ ਗੁਰੂ | | | | |
| ੧ | ੪ | ੧੦ | ੩ ਗੁਰੂ | | | | | | |
| ੧ | ੪ ਗੁਰੂ | | | | | | | | |

ਇਹਨੂੰ ਇਉਂ ਬਣਾਯਾ ਪਹਿਲਾਂ ਦਿੱਤੀ ਹੋਈ ਮਾਤ੍ਰਾ (੮) ਤੋਂ ਇੱਕ ਬੱਧਿ ਜਿੰਨੇ (੯) ਕੋਠੇ ਬਣਾਕੇ ਉਹਨਾਂ ਵਿੱਚ ੧ ਦਾ ਅੰਗ ਲਿਖਿਆ, ਫੇਰ ਉਤਲੀ ਪਾਲ ਨਾਲੋਂ ੨ ਹਟਾ ਕੇ ਕੋਠੇ ਬਣਾ ਕੇ ਦੂਜੀ ਪਾਲੀ, ਇਸੇ ਤਰ੍ਹਾਂ ਹਰ ਪਾਲ ਦੋ ਦੋ ਕੋਠੇ ਘੱਟ ਦੀ ਬਣਾਈ, ਫੇਰ ਸਭਨਾਂ ਪਾਲਾਂ ਦੇ ਆਦਿ ਕੋਠੀਂ ੧ ਅੰਗ ਲਿਖਿਆ, ਫੇਰ ਅਗਲੇ ਕੋਠੇ, ਪਿਛਲੇ ਵਿੱਚ ਉਤਲਾ ਸੱਜਾ ਮਿਲਾ ਕੇ ੩-੪-੫-੬-੭ ਦੂਜੀ ਪਾਲ ਵਿਚ ਲਿਖੇ, ਇਸੇ ਤਰ੍ਹਾਂ ਹੀ ਹੋਰ ਪਾਲਾਂ ਭਰੀਆਂ । ਹੁਣ ਇਹਨਾਂ ਪਾਲਾਂ ਦੇ ਫਾਡੀ ਕੋਠਿਆਂ ਵਿੱਚ ਜੋ ਅੰਗ ਹਨ ਇਹੀ ਭੇਦ ਹਨ, ਇਹਨਾਂ (ਭੇਦਾਂ) ਦੇ ਉਪਰਲੇ ਕੋਠਿਆਂ ਜਿੰਨੇ ਗੁਰੂ ਐਤਨੇ ਹੀ ਭੇਦਾਂ ਵਿੱਚ ਹਨ, ਅਤੇ ਇਹਨਾਂ ਦੇ ਖੱਬੇ ਪਾਸੇ ਜਿੰਨੇ ਕੋਠੇ ਹਨ, ਉਂਨੇ ਹੀ ਲਘੂ ਉਤਨੇ ਰੂਪੀਂ ਹਨ । ਅਰਥਾਤ ਹੇਠਲੀ ਪਾਲ ਦਾ ੧ ਹੀ ਕੋਠਾ ਦੱਸਦਾ ਹੈ ਕਿ ੪ ਗੁਰੂ (ਉਤੇ ਚਾਰ ਕੋਠੇ ਹੋਣ ਕਰਕੇ) ਦਾ ੧ ਭੇਦ ਹੈ । ਇਸ ਤੇ ਉਤਲੀ ਪਾਲ ਦੇ ਫਾਡੀ ਕੋਠੇ ਦਾ ਅੰਗ ੧੦ ਹੈ, ਇਹਦੇ ਉਤੇ ਤਿੰਨ ਕੋਠੇ ਹਨ, ਸੋ ੧੦ ਰੂਪੀਂ ੩ ਗੁਰੂ ਜਾਣੋਂ ਅਤੇ ੧੦ ਦੇ ਖੱਬੇ ੨ ਕੋਠੇ ਹੋਣ ਕਰਕੇ ੧੦ ਰੂਪੀਂ ੨ ਲਘੂ ਸਮਝੋ, ਏਸੇ ਤਰ੍ਹਾਂ ਹੀ ੧੫ ਰੂਪੀਂ ੨ ਗੁਰੂ ਅਤੇ ੪ ਲਘੂ ਹਨ, ਅਰ ੭ ਰੂਪੀਂ ੧ ਗੁਰੂ ੬ ਲਘੂ ਹਨ, ਅਤੇ ੧ ਰੂਪ ੮ ਅਰਥਾਤ ਸਰਬ ਲਘੂ ਦਾ ਹੈ । ਇਸ ਤੋਂ ਭੀ ਸੌਖਾ 'ਸਾਧਾਰਣ ਮੇਰੂ' ਇਸ ਪ੍ਰਕਾਰ ਬਣਾਓ :–

ਗਦਜ – ਜਿਤਨੀਆਂ ਮਾਤ੍ਰਾ ਦਾ ਮੇਰੂ ਬਣੌਣਾ ਹੋਵੇ ਉਤਨੇ ਹੀ ਖਾਨਿਆ ਦੀ ਲੰਬੀ ਪਾਲ ਬਣਾਉ, ਫੇਰ ਖਬੇ ਪਾਸੇ ਦਾ ਇੱਕ ਖਾਨਾ ਛੱਡਕੇ ਹੇਠਲੀ ਪਾਲ ਜਿੰਨੇ ਹੀ ਕੋਠੇ

---

* ਛੇਕੜਲੇ ਅੰਗਾਂ ਦੇ ਸਿਖਰ ਜਿੰਨੇ ਕੋਠੇ ਹਨ ਉਂਨੇ ਹੀ ਗੁਰੂ ਹਨ ਅਤੇ ਉਹਨਾਂ ਅੰਗਾਂ ਦੇ ਖੱਬੇ ਪਾਸੇ ਜਿੰਨੇ ਕੋਠੇ ਹਨ ਉਂਨੇ ਲਘੂ (ਛੇਕੜਲੇ ਅੰਗਾਂ ਜਿੰਨੇ ਰੂਪਾਂ ਵਿਚ) ਹਨ।

Sri Satguru Jagjit Singh Ji eLibrary NamdhariElibrary@gmail.com

ਬਣਾਓ, ਅਤੇ ਫੇਰ ਹਰ ਬਾਰ ਦੋ ਦੋ ਕੋਠੇ ਛੱਡ ਕੇ ਉਪਰੀਲਆਂ ਪਾਲੀਆਂ ਦੇ ਕੋਠੇ ਬਣਾਓ, ਫੇਰ ਹੇਠਲੀ ਪਾਲ ਵਿੱਚ ਏਕੇ ਹੀ ਲਿਖੋ, ਤਾਂ ਉਤਲੀ ਪਾਲਾਂ ਦੇ ਖੱਬੇ ਖੂੰਜੇ ਦੇ ਕੋਠਿਆਂ ਵਿਚ ਭੀ ਏਕੇ ਹੀ ਲਿਖੋ ਫੇਰ ਖਾਲੀ ਕੋਠੇ ਭਰਨ ਲਈ ਖਾਲੀ ਦੇ ਖੱਬੇ ਵਿੱਚ, ਉਸ ਤੋਂ ਹੇਠਲਾ ਖੱਬਾ (ਟੇਢਾ) ਮਿਲਾ ਮਿਲਾ ਕੇ ਲਿਖੋ । ਦੇਖੋ ਬੰਨਗੀ :-

ਬੰਨਗੀ ੭ ਮਾਤ੍ਰਾ ਦੇ * 'ਸਾਧਾਰਣ ਮੇਰੂ' ਦੀ :

| | | | | | | | |
|---|---|---|---|---|---|---|---|
| | | | | ੧੩ | ੨੧ | | |
| | | | ੫ | ੮ | ੧ | ੪ | ੩ ਗੁਰੂ |
| | ੨ | ੩ | ੧ | ੩ | ੬ | ੧੦ | ੨ ਗੁਰੂ |
| ੧ | ੧ | ੨ | ੩ | ੪ | ੫ | ੬ | ੧ ਗੁਰੂ |
| ੧ | ੧ | •੧ | ੧ | ੧ | ੧ | ੧ | ਸਰਬ ਗੁਰੂ |

ਸੂਚਨਾ - ਇਹ ਮੇਰੂ ਇਉਂ ਭਰਿਆ : - ਪਹਿਲਾਂ ਲੰਬੇ ਲੋਟ ੭ ਖਾਨੇ ਬਣਾਏ, ਫੇਰ ਉਨ੍ਹਾਂ ਦੇ ਉਤੇ ਖੂੰਜੇ ਦਾ ਖਾਨਾ ਛੱਡ ਕੇ ਹੇਠਲਿਆਂ ਜਿੰਨੇ ਹੀ ਅਗਾਹਾਂ ਕੋਠੇ ਬਣਾਏ, ਅੱਗੇ ਉਸਦੇ ੨ ਖਾਨੇ ਛੱਡ ਕੇ ਤੀਜੀ ਪਾਲ ਦੇ ੪ ਕੋਠੇ ਬਣਾਏ, ਫੇਰ ਉਸਦੇ ੨ ਕੋਠੇ ਛੱਡ ਕੇ ਚੌਥੀ ਪਾਲ ੨ ਕੋਠਿਆਂ ਦੀ ਬਣਾਈ, ਫੇਰ ਹੇਠਲੀ ਪਾਲ ਦੇ ਕੋਠਿਆਂ ਵਿਚ ਭੀ ੧ ਹੀ ਲਿਖਿਆ, ਰਹਿੰਦੇ ਅੰਗ ਇਉਂ ਭਰੇ ਕਿ ਦੂਜੀ ਪਾਲ ਦੇ ਖੂੰਜੇ ਦੇ ਏਕੇ ਨਾਲ ਪਹਿਲੀ ਪਾਲ ਦਾ ਪਹਿਲਾਂ ਏਕਾ ਜੋੜਕੇ ਦੂਜੀ ਦੇ ਦੂਜੇ ਖਾਨੇ ਵਿਚ ੨ ਅੰਗ ਲਿਖਿਆ, ਫੇਰ ਏਸ ੨ ਵਿਚ ਤੀਜੀ ਦਾ ੧ ਜੋੜਕੇ ਉਸ ੧ ਕੋ ਦੇ ਖਾਲੀ ਖਾਨੇ ਵਿਚ ੩ ਲਿਖਿਆ, ਅੱਗੇ ਏਸ ੩ ਵਿਚ ਚੌਥੀ ਦਾ ੧ ਰਲਾ ਕੇ ਉਸ ਤੋਂ ਅਗਲੇ ਵਿਚ ੪ ਲਿਖਿਆ, ਫੇਰ ਦੂਜੀ ਦਾ ਤੀਜਾ ਭਰਨ ਲਈ ੨ ਨਾਲ ਹੇਠਲਾ ਟੇਢਾ ੧ ਰਲਾ ਕੇ ੩ ਲਿਖਿਆ, ਫੇਰ ਏਸ ੩ ਵਿਚ ਉਪਰਲਾ ਵਿਕਟ ੩ ਰਲਾ ਕੇ ਉਸ ਤੋਂ ਅਗਲੇ ਵਿਚ ੬ ਲਿਖਿਆ, ਅੱਗੇ ਦੂਜੀ ਦੇ ਚੌਥੇ ਵਿਚ (੩ ਵਿਚ ਟੇਢਾ ੧ ਮਿਲਾ ਕੇ) ੪ ਲਿਖਿਆ, ਫੇਰ ੪ ਵਿਚ ੬ ਰਲਾ ਕੇ ਤੀਜੀ ਦੇ ਅੰਤਲੇ ਵਿਚ ੧੦ ਲਿਖਿਆ, ਫੇਰ ਦੂਜੀ ਦੇ ਪੰਜਵੇਂ ਵਿਚ ੪+੧ ਕਰਕੇ ੫ ਲਿਖਿਆ, ਅੰਤਲੇ ਵਿਚ ੫+੧ ਕਰਕੇ ੬ ਲਿਖਿਆ । ਇਸ ਤੋਂ ਪਤਾ ਲਗਾ ੭ ਮਾਤ੍ਰਾ ਦੇ ਛੰਦਾਂ ਵਿਚ ੪ ਰੂਪ ੩ ਗੁਰੂ ਦੇ, ੧੦ ਰੂਪ ੨ ਗੁਰੂ ਦੇ, ੬ ਰੂਪ ੧ ਗੁਰੂ ਦੇ ਹਨ ਅਤੇ ੧ ਰੂਪ ਸਰਬ ਲਘੂ ਦਾ ਹੈ, ਜਿਨ੍ਹਾਂ ਦੇ ਸੂਚਕ ਕੋਠੇ ਭੀ ਨਾਲ ਹੀ ਦਿੱਤੇ ਗਏ ਹਨ ।

---

* ਏਹ ਮੇਰੂ ਨਵੀਨ ਘੜਿਆ ਗਿਆ ਹੈ ।

Sri Satguru Jagjit Singh Ji eLibrary NamdhariElibrary@gmail.com

॥*ਇਤੀ ਮੇਰੂ॥

## (੯) ਪਤਾਕਾ ਵਰਣਨ ਲੱਛਣ

ਗਦਜ – ਜੀਹਦੇ ਨਾਲ ਮੇਰੂ ਨਾਲ ਦਸੇ ਹੋਏ ਰੂਪਾਂ ਵਿਚ ਜੇਹੜੇ ੨ ਭੇਦੀਂ (ਅਰਥਾਤ ਪਵੇਂ, ੬ਵੇਂ ਆਦਿ) ਲਘੁ, ਗੁਰੂ ਦੇ ਥਾਉਂ ਲਭੀਏ ਉਹ ਪਤਾਕਾ ਹੈ ।

### ਕਬਿੱਤ

ਮੱਤਿ ਜਿੰਨੇ ਕਰ ਕੋਠੇ ਸੂਚੀ ਅੰਗ ਹੇਠ ਵਲੋਂ ਛੱਡ ਉਤੋਂ ਦੋਇ ਸੱਜੇ ਤੀਜੇ ਤੋਂ ਬਧਾਇ ਕਰੋ ।
ਮੇਰੂ ਅੰਗਾਂ ਤੁਲ ਸਾਰੇ ਕ੍ਰਮ ਤੇ ਬਣਾਇ ਕੋਠੇ ਉਤਲੇ ਚੋਂ ਇਕ ਛਡ ਹੇਠਲੇ ਘਟਾਇ ਭਰੋ ।
ਏਹਦੇ ਸਭ ਅੰਗਾਂ ਵਿਚੋਂ ਕ੍ਰਮ ਤੇ ਘਟਾਇ ਸੋਈ ਭਰ ਤੀਜੀ ਪਾਲ ਅੱਗੇ ਘਟੇ ਅੰਗ ਮਤ ਧਰੋ ।
ਸਭ ਪਾਲੀ ਐਨੀ ਰੂਪੀਂ ਇਕ ਦੋਇ ਆਦਿ ਗੁਰੂ ਕ੍ਰਮ ਤੇ ਘਟਾਵੇ ਮਾਤ੍ਰਕ ਪਤਾਕਾ ਵਿਸਤਰੋ ॥ ੩੬ ॥

ਦੇਖੋ ਹੇਠਾਂ ੬ ਮਾਤਰਾਂ ਦੀ ਪਤਾਕਾ ਦੀ ਬੰਨਗੀ ।

੬ ਮਾਤਰਾਂ ਦੀ ਪਤਾਕਾ :

| | | | | | |
|---|---|---|---|---|---|
| ੧੩ | ੧ | | | | |
| ੮ | | | | | |
| ੫ | ੮ | ੧੦ | ੧੧ | ੧੨ | |
| ੩ | | | | | |
| ੨ | ੩ | ੪ | ੬ | ੭ | ੯ |
| ੧ | | | | | |

ਇਹਦੇ ਵਿਚ ਇਉਂ ਕੀਤਾ ਕਿ ਜਿੰਨੀਆਂ ਮਾਤਰਾਂ ਦੀ ਪਤਾਕਾ ਬਣੌਂਨੀ ਸੀ ਉਨੀਆਂ ਹੀ ਖੜਵੀਂ ਕੋਠੀਆਂ ਬਣਾਕੇ ਉਨ੍ਹਾਂ ਵਿਚ ਹੇਠ ਵਲੋਂ ਸੂਚੀ ਅੰਗ ਲਿਖੇ, ਫੇਰ ਉਤੋਂ ੨ ਕੋਠੇ ਛੱਡ ਕੇ ਤੀਜੇ ਦੇ ਸੱਜੇ ਪਾਸੇ ਫੇਰ ੧ ਛੱਡ ਕੇ ਪਵੇਂ ਕੋਠੇ ਤੋਂ ਸਜੇ ਪਾਸੇ ਪਾਲਾਂ ਬਧਾਈਆਂ । ਹੁਣ ਬਧੀਆਂ ਹੋਈਆਂ ਪਾਲਾਂ ਵਿਚ ਕ੍ਰਮ ਤੇ ਉਤਨੇ ਹੀ ਕੋਠੇ ਬਣਾਏ ਜਿੰਨੇ ਇਸ ਮੇਰੂ ਵਿਚ ੬ ਮਾਤਰਾਂ ਦੇ ਬਰਾਬਰ ਕੋਠਿਆਂ ਵਿਚ ਅੰਗ ਹਨ, ਅਰਥਾਤ ਉਪਰ ੧੩ ਅੰਗ ਦੇ ਬਰਾਬਰ ੧ ਲਿਖਿਆ ਜੇਹੜਾ ਕਿ ਮੇਰੂ ਦੇ ਪਿਛਲੇ ਕੋਠੇ ਵਿਚ ਹੈ, ਫੇਰ ਅੰਦਰਲੇ ਕੋਠੇ ਵਿਚ ੫ ਅੰਗ ਹੈ ਉਤਨੇ ਹੀ ਕੋਠੇ ਇਸ ਦੀ ਬਧੀ ਹੋਈ ਪਾਲ ਪਹਿਲੀ

* ਮੇਰੂ ਦੇ ਹੋਰ ਭੀ ਭੇਦ ਹਨ ਮਗਰ ਕਠਨ ਕਰ ਕੇ ਨਹੀਂ ਲਿਖੇ ।

Sri Satguru Jagjit Singh Ji eLibrary NamdhariElibrary@gmail.com

ਵਿਚ ਪਾਏ (ਬਧੇ ਹੋਏ ਅੰਦਰਲੇ ਸਣੇ ੫ ਹਨ), ਫੇਰ ਮੇਰੂ ਵਿਚ ਉਸ ਤੋਂ (੫ ਤੋਂ) ਅੰਦਰ ੬ ਅੰਗ ਹੈ ਓਨੇ ਹੀ ਕੋਠੇ ਪਤਾਕਾ ਦੀ ਦੂਜੀ ਬਧੀ ਹੋਈ ਪਾਲ ਵਿਚ ਪਾਏ, ਫੇਰ ਮੇਰੂ ਵਿਚ ਅਗਲਾ ਅੰਗ (੬ ਤੋਂ ਅਗਲਾ) ੧ ਹੈ ਉਹ ਸੂਚੀ ਅੰਗਾਂ ਚੋਂ ਪਹਿਲਾ ਜੋ ੧ ਹੈ ਓਹੀ ਜਾਣਿਆ, ਹੁਣ ਇਹਨਾਂ ਵਿਚ ਅੰਗ ਇਉਂ ਭਰੇ ਕਿ ਉਪਰ ਜੋ ਸੂਚੀ ਅੰਗ ੧੩ ਹੈ ਉਹਦੇ ਵਿਚੋਂ ਹੇਠਲਾ ਅੰਗ ਛੱਡਕੇ ਰਹਿੰਦੇ ਅੰਗ ਸਣੇ ਘਟਾਕੇ ਪਹਿਲੀ ਪਾਲ ਦੇ ਕੋਠਿਆਂ ਵਿਚ ਪਾਏ, ਅਰਥਾਤ ੧੩ ਚੋਂ (੮ ਛੱਡਕੇ) ੫ ਘਟਾਏ, ੮ ਰਹੇ, ਫੇਰ ੧੩-੧=੧੨ ਪਿਛਲੇ ਕੋਠੇ ਵਿਚੋ ਇਹ ਪਹਿਲੇ ਕੋਠੇ ਵਿਚ ਲਿਖੇ, ਫੇਰ ੧੩ ਵਿੱਚੋਂ ੩(੫ ਦੇ ਹੇਠਲੇ) ਘਟਾਏ ਤਾਂ ੧੦ ਰਹੇ, ਉਹ ਦੂਜੇ ਕੋਠੇ ਚਿ ਲਿਖੇ, ਫੇਰ ੧੩-੨-੧੧ ਅਗਲੇ ਕੋਠੇ ਲਿਖੇ,ਇਹ ਪਾਲ ਪੂਰੀ ਹੋਈ। ਦੂਜੀ ਪਾਲ ਇਉਂ ਭਰੀ ਕਿ ਉਪੱਰਲੀ ਵਧੀ ਹੋਈ ਪਾਲ ਦਾ ਪਹਿਲਾ ਅੰਗ ੫ ਹੈ ਉਸ ਵਿਚੋਂ ਹੇਠਲਾ ੧ ਛਡ ਕੇ ਰਹਿੰਦੇ ਘਟਾਏ, ਪਹਿਲਾਂ ੫ ਤੋਂ ੨ ਘਟਾਕੇ ਰਹਿੰਦੇ ੩ ਪਹਿਲੇ ਕੋਠੇ ਵਿਚ ਪਾਏ, ਫੇਰ ੫-੧=੪ ਅਗਲੇ ਕੋਠੇ, ਫੇਰ ੮ ਵਿਚੋਂ (ਜੋ ਕਿ ਉਪਰਲੀ ਦਾ ਦੂਜਾ ਅੰਗ ਹੈ) ੨ ਘਟਾਏ, ੬ ਤੀਜੇ ਕੋਠੇ ਲਿਖੇ, ਫੇਰ ੮-੧=੭ ਉਸ ਤੋਂ ਅਗਲੇ ਕੋਠੇ ਅਤੇ ਫੇਰ ੧੦ ਵਿਚੋਂ (ਉੱਪਰਲੀ ਦਾ ੮ ਤੋਂ ਅਗਲਾ) ੨ ਘਟਾਕੇ ੮ ਰਹੇ, ਪ੍ਰੰਤੂ ਇਹ ਦੂਜੀ ਵਾਰ ਔਣ ਕਰਕੇ ਛੱਡ ਦਿਤਾ, ਫੇਰ ੧੦-੧=੯ ਅਗਲੇ ਕੋਠੇ ਪਾਏ ਬੱਸ ਪਤਾਕਾ ਪੂਰੀ ਹੋਈ। ਇਸ ਤੋਂ ਇਹ ਸਿੱਧ ਹੋਇਆ ਕਿ ਉਪਰਲਾ '੧' ਅੰਗ' ੧ ਭੇਦ ਸਰਬ ਲਘੁ ਦਾ ਦੱਸਦਾ ਹੈ,ਉਸ ਤੇ ਹੇਠ ੫ ਕੋਠਿਆਂ ਵਾਲੀ ਪਾਲ ਦੱਸਦੀ ਹੈ ਪਵੇਂ ੮ਵੇਂ ੧੦ਵੇਂ, ੧੧ਵੇਂ, ੧੨ਵੇਂ ਰੂਪ ਵਿਚ ਗੁਰੂ ਦਾ ਥਾਉਂ ਹੈ, ਹੇਠਲੀ ਪਾਲ ਤੋਂ ੨-੩-੪-੬-੭-੯ਵੇਂ ਭੇਦ ਵਿਚ ੨ ਗੁਰੂ ਦੇ ਥਾਉਂ ਪ੍ਰਗਟ ਹੁੰਦੇ ਹਨ, ਅਤੇ ਹੇਠਲਾ ੧ ਅੰਗ ਦਸਦਾ ਹੈ ਕਿ ੧ ਭੇਦ ਸਰਬ ਗੁਰੂ (੩ ਗੁਰੂ) ਦਾ ਹੈ।

ਸੂਚਨਾ - ਇਹ ਗੱਲ ਯਾਦ ਰਹੇ ਕਿ ਉਪਰਲੇ ਅੰਗ ਘਟੌਣ ਵੇਲੇ ਜੇਹੜਾ ਅੰਗ ਇਕ ਵਾਰ ਆ ਚੁਕਾ ਹੈ ਉਹ ਦੂਜੀ ਵਾਰ ਘਟਿਆ ਹੋਯਾ ਨਾ ਲਿਖਿਆ ਜਾਵੇ, ਉਸਨੂੰ ਛੱਡ ਕੇ ਹੋਰ ਅੰਗ ਦੀ ਘਟੌਣ ਕ੍ਰਿਯਾ ਕਰੋ। * ਇਤੀਪਤਾਕਾ।

(੧੦) [ਮਰਕਟੀ ਵਰਣਨ ਲੱਛਣ]

ਦੋਹਿਰਾ

ਬ੍ਰਿਤ, ਭੇਦ, ਮਾਤ੍ਰਾ, ਲਘੂ, ਗੁਰੂ, ਵਰਣ, ਸਭ ਮੰਤ।
ਲਘੂ ਅੰਤ ਗੁਰ ਪਿੰਡ ਕਲ, ਗੁਰੂ ਲਘੂ ਆਦੰਤ ॥ ੩੭ ॥

ਅਰਥ - ਜੋ ਗੁਰ, ਬ੍ਰਿਤ, ਭੇਦ(ਰੂਪ) ਮਾਤ੍ਰਾ ਸਭ ਲਘੂ, ਗੁਰੂ ਸਭ ਅੱਖਰਾਂ ਦੀ ਗਿਣਤੀ ਲਘੂ, ਅੰਤ, ਗੁਰੂ ਅੰਤ, ਲਘੂ ਗੁਰੂ ਅਤੇ ਗੁਰੂ ਲਘੂ ਆਦਿ ਅੰਤ ਅਤੇ ਪਿੰਡ ਕਲ ਕਹੇ ਉਹ ਮਕੜੀ (ਯਾ ਮਰਕਟੀ) ਹੈ।

*ਪਤਾਕਾ ਕਰਨ ਦੀ ਇਕ ਰੀਤੀ ਹੋਰ ਵੀ ਹੈ ਸੋ ਕਠਨ ਕਰਕੇ ਨਹੀਂ ਲਿਖੀ।

Sri Satguru Jagjit Singh Ji eLibrary NamdhariElibrary@gmail.com

[੬ ਪਾਲ ਮੱਕੜੀ ਕਰਨ ਦਾ ਢੰਗ]

## ਕਬਿੱਤ

ਦਿੱਤੀ ਹੋਈਮੱਤ ਨਾਲੋਂ ਛਿਗੁਣੇ ਬਣਾਏ ਕੋਠੇ ਮਾਤਰਾਂ ਦੇ ਅੰਗ ਲਿਖ ਪਹਿਲੀ ਪਾਲ ਭਰੀਏ ।
ਸੂਚੀ ਅੰਗ ਦੂਜੀ ਤੀਜੀ ਦੋਹਾਂ ਗੁਣੀ ਲਿਖ ਏਕਾ ਖੱਬੇ ਦੂਣਾ ਉਪਰੋਂ ਘਟਾਇ ਚੌਥੀ ਕਰੀਏ ।
ਸ਼ੁੰਨ ਆਦਿ ਪੰਜਵੀਂ ਦੇ ਉਤਨੇ ਹੀ ਅੰਗ ਫੇਰ ਤੀਜੀ ਵਿਚੋਂ ਪੰਜਵੀਂ ਘਟਾਇ ਛੇਵੀਂ ਘੜੀਏ ।
ਬ੍ਰਿਤ ਭੇਦ ਮਤ ਲਘੂ ਗੁਰ ਸਭ ਵਰਣ ਸੂਕ੍ਰਮ ਤੇ ਦਿਸਾਵੇ ਜਾਲ ਮੱਕੜੀ ਜਾ ਜੜੀਏ ।। ੩੮ ।।

ਹੇਠ ਬੰਨਗੀ ਦੇਖੋ :

[੬ ਮਾਤਰਾਂ ਦੀ ਮੱਕੜੀ ਦਾ ਚਿੱਤ੍ਰ]

| | | | | | | |
|---|---|---|---|---|---|---|
| ੧ | ੨ | ੩ | ੪ | ੫ | ੬ | ਬ੍ਰਿਤਿ |
| ੧ | ੨ | ੩ | ੫ | ੮ | ੧੩ | ਭੇਦ |
| ੧ | ੪ | ੯ | ੨੦ | ੪੦ | ੭੮ | ਮਾਤ੍ਰਾ |
| ੧ | ੨ | ੫ | ੧੦ | ੨੦ | ੩੮ | ਲਘੂ |
| ੦ | ੧ | ੨ | ੫ | ੧੦ | ੨੦ | ਗੁਰੂ |
| ੧ | ੩ | ੭ | ੧੫ | ੩੦ | ੫੮ | ਵਰਣ |

ਇਹ ਇਉਂ ਬਣਾਇਆ :

੬ ਮਾਤ੍ਰਾਂ ਤੋਂ ਛਿਗੁਣੇ (੩੬) ਕੋਠੇ ਬਣਾਕੇ ਪਹਿਲੀ ਪਾਲ ਵਿਚ ਮਾਤ੍ਰਾ ੧-੨ ਆਦਿਕ ਛੀ ਤੱਕ ਲਿਖੀਆਂ, ਦੂਜੀ ਪਾਲ ਵਿਚ ਓਹਨਾਂ ਦੇ ਸੂਚੀ ਅੰਗ ਲਿਖੇ, ਫੇਰ ਪਹਿਲੀ ਅਰ ਦੂਜੀ ਨੂੰ ਗੁਣ ੨ ਕੇ ੪-੯ ਆਦਿਕ ਅੰਗ ਲਿਖ ਕੇ ਤੀਜੀ ਭਰੀ, ਫੇਰ ਚੌਥੀ ਦੇ ਆਦਿ ਘਰ ਇਕ (੧) ਲਿਖਕੇ ਅਗਲੇ ਕੋਠੇ ਇਉਂ ਭਰੇ ਕਿ ੧ ਨੂੰ ਦੂਣਾ ਕਰਕੇ ਤੀਜੀ ਪਾਲੀ ਦੇ ਦੂਜੇ ਅੰਗ (੪) ਵਿਚੋਂ ਘਟਾਇਆ ਤਾਂ ੨ ਰਹੇ, ਇਹ ਖਾਲੀ ਵਿਚ ਲਿਖੇ ਫੇਰ ੨×੨ = ੪ ਨੂੰ ੯ ਵਿਚੋਂ ਘਟਾ ਕੇ ੫ ਲਿਖੇ । ਇਸੇ ਤਰ੍ਹਾਂ ੧੦-੨੦-੪੮ ਅੰਗ ਲਿਖੇ, ਫੇਰ ੫ਵੀਂ ਦੇ ਆਦਿ ਸੁਨ ਲਿਖ ਕੇ ਉਪਰਲੀ ਦੀ ਨਕਲ (੧-੨-੫-੧੦-੨੦) ਲਿਖੀ, ਫੇਰ ੬ ਵੀ ਤੀਜੀ ਵਿਚੋਂ ਪੰਜਵੀਂ ਘਟਾ ਕੇ ਅਥਵਾ ੪ਥੀ ੫ਵੀਂ ਨੂੰ ਜੋੜ ਕੇ ਭਰੀ । ਏਹਨਾਂ ਦੇ ਛੇਕੜਲੇ ਕੋਠਿਆਂ ਤੋਂ ਬ੍ਰਿਤਿ ਭੇਦ ਆਦਿਕ ਮਾਲੂਮ ਹੋਏ ਜੋ ਕਿ ਨਾਲ ਹੀ ਲਿਖ ਦਿੱਤੇ ਹਨ ।

Sri Satguru Jagjit Singh Ji eLibrary NamdhariElibrary@gmail.com

[ਅੱਠ ਭੁਜੀ, ਮੱਕੜੀ, ਰੀਤੀ]

## ਕਬਿੱਤ

ਅੱਠ ਗੁਣੀ ਕੋਠੀਆਂ ਬਣਾਇ ਮੱਤ ਸੰਖਿਆਂ ਤੋਂ ਪਹਲੀ ਪਾਲ ਮਾਤਰਾਂ ਭੇਦਾਂਕ ਦੂਜੀ ਧਾਰੀਏ ।
ਏਕਾ ਧਰ ਆਦਿ ਫੇਰ ਸੂਚੀ ਅੰਗ ਤੀਸਰੀ 'ਚਿ ਚੌਥੀ ਆਦਿ ਸ਼ੁੰਨ ਫੇਰ ਨਕਲ ਉਤਾਰੀਏ ।
ਏਕਾ ਦੂਆ ਲਿਖ ਜੋੜ ਖਾਲੀ ਦੇਸਿਖਰ ਖੱਬੇ ਏਹੀ ਅੰਗ ਛੇਵੀਂ ਆਦਿ ਸ਼ੁੰਨ ਇਕ ਡਾਰੀਏ ।
ਪੰਜੀ ਛੇਵੀਂ ਜੋੜ ਸੱਤੀ, ਛੇਵੀਂ, ਸਤੀ ਜੋੜ ਅੱਠੀ ਬ੍ਰਿਤੂ ਭੇਦ ਲਘੂ ਅੰਤ, ਲਘੂ ਪਿੰਡ * ਕਾਰੀਏ ॥ ੩੬ ॥

[ਬੰਨਗੀ ੮ ਭੁਜੀ ਮੱਕੜੀ ਦਾ ੮ ਮਾਤਰਾਂ ਦੀ]

| | | | | | | | | |
|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ਬ੍ਰਿਤਿ |
| ੧ | ੨ | ੩ | ੫ | ੮ | ੧੩ | ੨੧ | ੩੪ | ਭੇਦ |
| ੧ | ੧ | ੨ | ੩ | ੫ | ੮ | ੧੩ | ੨੧ | ਲਘੂ ਭੇਦ |
| ੦ | ੧ | ੧ | ੨ | ੩ | ੫ | ੮ | ੧੩ | ਗੁਰੂ ਅੰਤ |
| ੧ | ੨ | ੫ | ੧੦ | ੨੦ | ੩੮ | ੭੧ | ੧੩੦ | ਲਘੂ |
| ੦ | ੧ | ੨ | ੫ | ੧੦ | ੨੦ | ੩੮ | ੭੧ | ਗੁਰੂ |
| ੧ | ੩ | ੭ | ੧੫ | ੩੦ | ੫੮ | ੧੦੯ | ੨੦੧ | ਪਿੰਡ |
| ੧ | ੪ | ੯ | ੨੦ | ੪੦ | ੭੮ | ੧੪੭ | ੨੭੨ | ਕਲਾ |

ਇਹ ਮੱਕੜੀ ਇਉਂ ਭਰੀ ਕਿ ਦਿੱਤੀ ਹੋਈ ਮਾਤਰ੍ਹਾ ਜੋ (੮)ਹੈ ਉਸ ਤੋਂ ਅੱਠ ਗੁਣੇ ਕੋਠੇ ਬਣਾ ਕੇ, ਪਹਿਲੀ ਪਾਲ ਵਿੱਚ ਮਾਤਰਾਂ ਦੇ ਅੰਗ ਲਿਖ ਕੇ ਦੂਜੀ ਵਿਚ ਸੂਚੀ ਅੰਗ ਲਿਖੇ, ਤੀਜੀ ਦੇ ਆਦਿ ੧ ਲਿਖ ਕੇ ਫੇਰ ਉਪੱਰਲਾ ਉਤਾਰ ੧-੨-੩-੫-੮ ਆਦਿ । ਫੇਰ ੪ਥੀ ਦੇ ਆਦ੍ਰਿ ਸ਼ੁੰਨ ਲਿਖ ਕੇ ਏਹੀ ੧-੨-੩-੫-੮ ਆਦਿ ਲਿਖੇ, ਪੰਜਵੀਂ ਦੇ ਪਹਿਲਾਂ ੧-੨ ਲਿਖ ਕੇ ਏਹਨਾਂ (੧ ਅਤੇ ੨) ਵਿਚ ਖਾਲੀ ਕੋਠੇ ਦੇ ਸਿਖਰ ਅਤੇ ਓਹਦਾ ਖੱਬਾ (੪ ਅੰਗ) ਜੋੜ ਕੇ ੫ ਲਿਖੇ, ਇਸੇ ਤਰ੍ਹਾਂ ੫+੨+੨+੧=੧੦ ਫੇਰ

---

* ਕਰ' ਧਾਤੂ ਤੋਂ 'ਕਾਰੀਏ' ਬਣਿਆਂ ਹੈ ਜਿਸਦਾ ਮੇਲ ਬ੍ਰਿਤ, ਭੇਦ ਆਦਿਕਾਂ (ਸਾਰਿਆਂ) ਨਾਲ ਹੈ । ਜੈਸੇ ਬਲਕਾਰੀ ਹੁੰਦਾ ਹੈ ਤੈਸੇ ਇਹ 'ਬ੍ਰਿਤ ਕਾਰੀਏ' ਆਦਕ ਦਾ ਅਰਥ ਹੈ ਕਿ ਇਹ ਸਬ ਪਾਲਾਂ ਬ੍ਰਿਤ ਕਾਰੀ ਆਦਿਕ ਹਨ ।

Sri Satguru Jagjit Singh Ji eLibrary NamdhariElibrary@gmail.com

੧੦+੫+੩+੨=੨੦ ਆਦਿਕ ਲਿਖੇ ਫੇਰ ੬ਵੀਂ ਦੇ ਆਦਿ ਸੁੰਨ (੦) ਲਿਖ ਕੇ ਉਤਲਾ ਹੀ ਉਤਾਰ ਉਤਾਰਿਆ, ੭ਵੀਂ ਨੂੰ ੫ਵੀਂ ਤੇ ੬ਵੀਂ ਦਾ (੧-੩-੭ ਆਦਿ) ਕਰਕੇ ਲਿਖਿਆ, ਅੱਠਵੀਂ ਭੀ ਇਸੇ ਤਰ੍ਹਾਂ ੬ਵੀਂ ੭ਵੀਂ ਦਾ ਜੋੜ ਕਰਕੇ ਭਰੀ, ਤਾਂ ਇਹ ਸਿੱਧ ਹੋਇਆ ਕਿ ੮ ਮਾਤਰਾਂ ਦੇ ੩੪ ਭੇਦ ਹਨ, ਉਹਨਾਂ ਵਿਚੋਂ ੨੧ ਭੇਦਾਂ ਦੇ ਅੰਤ ਲਘੁ ਹੈ, ੧੩ ਦੇ ਅੰਤ ਗੁਰੁ ਹੈ, ਓਹਨਾਂ ਵਿਚ ੧੩੦ ਲਘੁ ਤੇ ੭੧ ਗੁਰੂ ਹਨ, ਅਤੇ ੨੦੧ ਏਹਨਾਂ ਦੇ ਪਿੰਡ ਬਣੇ, ਕੁੱਲ ਮਾਤਰਾਂ (੭੧×੨=੧੪੨+੧੩੦) ੨੭੨ ਹਨ, ਇਹ ਫਲ ਅੰਤ ਦੇ ਕੋਠਿਆਂ ਤੋਂ ਲੱਭਦਾ ਹੈ, ਸੋ ਉਨ੍ਹਾਂ ਦੇ ਬਰਾਬਰ ਲਿਖਿਆ ਗਿਆ ਹੈ ।

[੧੦ ਪਾਂਤ ਮੱਕੜੀ ਕਰਨ ਦੀ ਰੀਤੀ] ਕਬਿੱਤ

ਦਸ ਗੁਣ ਕੋਠੀਆਂ ਬਣਾਇ ਮੱਤ ਸੰਖਿਆ ਤੋਂ [1] ਮੀਰੀ ਮੱਤ, [2] ਦੂਈ ਸੂਚੀ, ਤੀਜੀ ਸ਼ੁੰਨ ਏਕਾ ਧਰ । ਚੌਥੀ 'ਸੂਚੀ ਅੰਗ' ਅਰੁ ਪੰਚਮੀ ਦੇ ਆਦਿ [3] ਸ਼ੁੰਨ, ਛੇਵੀਂ ਏਕਾ

ਦੇਖੋ ੬ ਮਾਤ੍ਰਾ ਦੀ ਬੰਨਗੀ :-

[੬ ਮਾਤ੍ਰਾ ਤੱਕ ਦੀ ੧੦ ਪੈਰੀ ਮੱਕੜੀ]

| | | | | | | |
|---|---|---|---|---|---|---|
| ੧ | ੨ | ੩ | ੪ | ੫ | ੬ | ਬ੍ਰਿਤਿ |
| ੧ | ੨ | ੩ | ੫ | ੮ | ੧੩ | ਭੇਦ |
| ੦ | ੧ | ੧ | ੨ | ੩ | ੫ | ਗੁਰੂ ਆਦਿ |
| ੧ | ੨ | ੩ | ੫ | ੮ | ੧੩ | ਲਘੂ ਆਦਿ |
| ੦ | ੧ | ੨ | ੩ | ੫ | ੮ | ਗੁਰੂ ਆਦੰਤ |
| ੧ | ੧ | ੨ | ੩ | ੫ | ੮ | ਲਘੂ ਅੰਤ |
| ੦ | ੧ | ੦ | ੧ | ੧ | ੨ | ਗੁਰੂ ਆਦੰਤ |
| ੧ | ੧ | ੧ | ੨ | ੩ | ੫ | ਲਘੂ ਆਦੰਤ |
| ੦ | ੦ | ੧ | ੧ | ੨ | ੩ | ਗੁਰੂ ਆਦਿ ਲਘੂ ਅੰਤ |
| ੦ | ੦ | ੧ | ੧ | ੨ | ੩ | ਲਘੂ ਆਦਿ ਗੁਰੂ ਅੰਤ |

1 ਪਹਿਲੀ ਪਾਲ ਵਿਚ ਮਾਤ੍ਰਾਂ ਦੇ ਅੰਗ ਲਿਖੋ ।

2 ਦੂਜੀ ਵਿਚ ਸੂਚੀ ਅੰਗ ।

3 ਅਗਾਹਾਂ ਓਵੇਂ ਹੀ ਸੂਚੀ ਅੰਗ ।

ਸੂਚੀ, ਸੱਤੀਂ ਸ਼ੁੰਨ ਏਕਾ [1] ਜੋੜਾ ਕਰ। ਲਿਖ ਦੋਇ ਏਕੇ ਫੇਰ ਸੂਚੀ ਅੰਗ ਅੱਠਵੀ" ਚਿ ਭੇਦ ਨੌਵੀਂ 'ਚਿ ਸ਼ੁੰਨ ਏਕਾ ਭਰ। ਬ੍ਰਿੱਤ ਭੇਦ ਆਦਿ [2] ਗੁਲ ਅੰਤ ਗੁਰ [3] ਆਦਿ ਅੰਤ, ਲਘੁ [4] ਗੁਲ 'ਆਦਿ-ਅੰਤ' [5] ਲਘੁ ਜਾਨ ਸਭਿ ਘਰ ॥ ੪੦ ॥

ਇਹ ਮਰਕਟੀ ਇਸ ਤਰ੍ਹਾਂ ਭਰੀ :-

੬ ਮਾਤਰਾਂ ਨਾਲੋਂ ੧੦ ਗੁਣੀ ਕੋਠੀਆਂ ਬਣਾਕੇ ਪਹਿਲੀ ਪਾਲ ਵਿਚ ਮਾਤਰਾਂ, ਦੂਜੀ ਵਿਚ ਸੂਚੀ ਤੀਜੀ ਵਿਚ ਆਦਿ ਸ਼ੁੰਨ ਦੂਜੇ ਵਿਚ ਏਕਾ ਫੇਰ ਸੂਚੀ ਅੰਗ, ਚੌਥੀ ਵਿਚ ਸੂਚੀ ਅੰਗ, ਪੰਜਵੀਂ ਦੇ ਆਦਿ ਸ਼ੁੰਨ ਫੇਰ ਸੂਚੀ ਅੰਗ, ੬ਵੀਂ ਵਿਚ ੧ ਲਿਖਕੇ ਫੇਰ ਸੂਚੀ ਅੰਗ ਲਿਖੇ, ੭ਵੀਂ ਵਿਚ ਸ਼ੁੰਨ(O) ਫੇਰ ੧ ਫੇਰ ਸ਼ੁੰਨ ਫੇਰ ੧ ਲਿਖਕੇ ਸੂਚੀ ਅੰਗ, ੮ਵੀਂ ਦੇ ਆਦਿ ਦੇ ਏਕੇ, ਹੋਰ ਸੂਚੀ ਅੰਗ, ੯ਵੀਂ ਦੇ ਪਹਿਲੇ ਦੋਂਹ ਵਿਚ ਸ਼ੁੰਨ ਫੇਰ ੧, ਫੇਰ ਸੂਚੀ ਅੰਗ, ੧੦ ਵੀਂ ਵਿਚ ਫੇਰ ਏਹੀ ਲਿਖੋ। ਇਸ ਤੋਂ ਇਹ ਮਿਲਿਆ ਕਿ ੬ ਮਾਤਰਾਂ ਦੇ ੧੩ ਭੇਦ ਹਨ, ੫ ਰੂਪਾਂ ਦੇ ਆਦਿਗੁਰੂ, ੧੩ ਦੇ ਲਘੁ ਆਦਿ, ੮ ਦੇ ਅੰਤ ਗੁਰੂ ੮ ਲਘੁ ਅੰਤ, ੨ ਦੇ ਗੁਰੂ ਆਦਿ ਅੰਤ, ੫ ਦੇ ਲਘੁ ਆਦਿ ਅੰਤ, ੩ ਦੇ ਗੁਰੂ ਆਦਿ, ਅੰਤ ਲਘੁ, ੩ ਦੇ ਲਘੁ ਆਦਿ, ਅੰਤ ਗੁਰੂ ਹੈ ॥ ਇਤਿ ॥

ਸੂਚਨਾ - ਕਈ ਗ੍ਰੰਥਾਕਾਰਾਂ ਨੇ ਪਾਤਾਲ ਮੱਕੜੀ ਭੀ ਦੱਸੀ ਹੈ, ਪ੍ਰੰਤੂ ਅਸੀਂ ਉਸ ਨੂੰ ਅੱਡ (ਚੌਥਾ) ਪ੍ਰਤਜ ਮੰਨਿਆ ਹੈ।

[ਏਕਾਵਲੀ ਮੱਕੜੀ,ਲੱਛਣ]

ਗਦਜ - ਜਿਸ ਦ੍ਵਾਰ [6] ਇਕੱਲੀ ਹੀ ਮਾਤ੍ਰਾ ਦੇ ਭੇਦਾਂ ਵਿਚ ਗੁਰੂ ਲਘੁ ਆਦਿ ਅੰਤ ਪ੍ਰਗਟ ਹੋਣ ਉਹ ਏਕਾਵਲੀ ਮੱਕੜੀ ਹੈ -

---

1 ਫੇਰ ਸੂਚੀ ਅੰਗ।

2 ਗੁਲ ਦਾ ਮੇਲ ਦੋਹੀਂ ਪਾਸੀ ਹੈ ਇਹਦਾ ਅਰਥ ਹੈ :-
ਗੁਰੂ ਆਦਿ, ਲਘੁ ਆਦਿ ਅਤੇ ਗੁਰੂ ਅੰਤ, ਲਘੁ ਅੰਤ।

3 ਇਹਦਾ ਭੀ ਇਸੇ ਪ੍ਰਕਾਰ ਇਹ ਅਰਥ ਹੈ ਕਿ :-
ਗੁਰੂ ਆਦੰਤ ਅਤੇ ਲਘੁ ਆਦੰਤ।

4 ਗੁਰੂ ਆਦਿ-ਲਘੁ ਅੰਤ।

5 ਇਹ ਮੇਲ ਪਿਛਲੇ ਆਦ ਅੰਤ ਨਾਲ ਹੋ ਕੇ ਇਹ ਅਰਥ ਹੋਇਆ :-
ਲਘੁ ਆਦਿ ਗੁਰੂ ਅੰਤ

6 ਪਿਛਲੀ ਮਕੜੀਆਂ ਵਿਚ ੧ ਤੋਂ ਲੈ ਕੇ ਇਸ਼ਟ ਮਾਤ੍ਰਾ ਤਕ ਸਾਰੀਆਂ ਦੇ ਬ੍ਰਿਤ ਭੇਦ ਆਦਿਕ ਗਿਆਤ ਹੁੰਦੇ ਸੀ, ਇਸ ਤੋਂ ਪੁੱਛੀ ਹੋਈ (ਏਕੱਲੀ ਹੀ) ਮਾਤ੍ਰਾ ਦੇ ਬ੍ਰਿਤ ਭੇਦ ਆਦਿਕਾਂ ਦਾ ਬੋਧ ਹੁੰਦਾ ਹੈ।

Sri Satguru Jagjit Singh Ji eLibrary NamdhariElibrary@gmail.com

## [ਰੀਤੀ] ਕਬਿੱਤ

ਮਾਤ੍ਰਾ ਬਣਾਇ ਲਘੂ ਸੂਚੀ ਅੰਕ ਸੀਸ ਧਾਰ ਦਸ ਕੋਠੇ ਖੜੇ ਲਿਖ ਪ੍ਰਸ਼ਨਾਂਕ ਆਦਿਮੇਂ ।
ਦੂਜੇ ਭੇਦ, ਚੌਥੇ ਛੇਵੇਂ ਦੂਜੀ ਮੱਤ ਸੀਸ ਅੰਗ, ਤੀਜੀ ਅੰਗ ਤੀਜੇ ਪੰਜੇ ਅੱਠਵੇਂ ਸੁਪਾਦਮੇਂ ।
ਚੌਥਾ ਨੌਵੇਂ ਦਸਵੇਂ 'ਚ ਪੰਜਵਾਂ ਸੁ ਸਤਵੇਂ 'ਚ ਅੰਗ ਲਿਖ ਭਰ ਕੋਠੇ ਐਸੀ ਹੀ ਮ੍ਰਯਾਦ ਮੈਂ ।
ਜੇਹੜੀ ਮੱਤ ਪੁੱਛੀਏ ਉਸੇ ਦੇ ਕਵਿ 'ਕੇਹਰ' ਸੁ ਲਘੂ ਆਦਿ ਅੰਤ ਆਦਿ ਆਦਿ ਔਣ ਯਾਦ ਮੈਂ ॥੪੧॥

ਇਹ ਇਉਂ ਕੀਤਾ – ੧੦ ਕੋਠੇ ਖੜੇ ਕਰਕੇ ਪ੍ਰਸ਼ਨਾਂਕ (ਜੋ ੫ ਮਾਤ੍ਰਾ ਹੈ), ਉਤਲੇ ਕੋਠੇ ਰਖਿਆ, ਦੂਜੇ ਭੇਦ ਰਖੇ, ਚੌਥੇ ਛੇਵੇਂ 'ਕੋਠੇ' 'ਚ ਅੰਤ ਵਲੋਂ ਸੂਚੀ ਦਾ ਦੂਜਾ ਅੰਗ (੫) ਰਖਿਆ, ਛੇਕੜੋਂ ਤੀਜਾ ਹੀ ਅੰਗ (੩) ਤੀਜੇ ਪੰਜਵੇਂ, ਅਠਵੇਂ ਕੋਠੇ, ਚੌਥਾ ੮ ਤੇ ਦਸਵੇਂ, ਅਤੇ ਪੰਜਵਾਂ ੭ਵੇਂ ਰੱਖਿਆ । ਇਉਂ ਪੂਰਤੀ ਕਰਕੇ ਉਤਲਾ ਫਲ ਸਣੇ ਸਣੇ ਜਾਣ ਲੈਣਾ ।

॥ਇਤਿ (ਏਕਾਵਲੀ) ਮੱਕੜੀ ॥

{ ੧ ੨ ੩ ੫ ੮ }
{ । । । । । } ਦੇਖੋ ਬੰਨਗੀ ੫ ਮਾਤ੍ਰਾ ਦੀ ਏਕਾਵਲੀ :-

| | |
|---|---|
| ੫ | ਬ੍ਰਿਤਿ |
| ੮ | ਭੇਦ |
| ੩ | ਗੁਰੂ ਆਦਿ |
| ੫ | ਲਘੂ ਆਦਿ |
| ੩ | ਗੁਰੂ ਅੰਤ |
| ੫ | ਲਘੂ ਅੰਤ |
| ੧ | ਗੁਰੂ ਆਦੰਤ |
| ੩ | ਲਘੂ ਆਦੰਤ |
| ੨ | ਲਘੂ ਆਦਿ<br>ਲਘੂ ਅੰਤ |
| ੨ | ਲਘੂ ਆਦਿ<br>ਗੁਰੂ ਅੰਤ |

Sri Satguru Jagjit Singh Ji eLibrary NamdhariElibrary@gmail.com

ਮਾਤ੍ਰਿਕ ਛੰਦਾਂ ਵਿਚ ਗੁਰੂ ਲਘੂ ਦੱਸਣ ਦੀ
ਸਭ ਤੋਂ ਸੁਖਾਲੀ ਰੀਤੀ । ਦੋਹਿਰਾ

ਸਰਬ ਛੰਦ ਦੀ ਮੱਤ ਚੋਂ ਵਰਣ ਕਟਿ ਗੁਰ ਆਨ ।
ਗੁਰੂ ਵਰਣ ਕਰ ਦੂੱਗਣੇ ਕਟਿ ਲਘੂ ਪਹਿਚਾਨ ।। ੪੨ ।।

ਅਰਥ – ਛੰਦ ਦੀਆਂ ਸਾਰੀਆਂ ਤੁਕਾਂ ਦੀਆਂ ਮਾਤ੍ਰਾ ਚੋਂ ਉਹਦੇ ਵਰਣ ਘਟਾਕੇ ਗੁਰੂ ਕਢੋ ਅਤੇ ਗੁਰੂ ਵਰਣ ਨੂੰ ਦੂਣਾ ਕਰ ਕੇ ਸਾਰੀਆਂ ਮਾਤ੍ਰਾਂ ਚੋਂ ਕੱਟੋ, ਤਾਂ ਜੋ ਪਿਛੇ ਰਹੇ ਉਹ ਲਘੂ ਜਾਣੋਂ । ਜੈਸੇ –

"ਬਿਪਤ ਬਿਦਾਰਨ ਦਸਮ ਗੁਰੂ ਬੀਰਨ ਬੀਰ ਅਖੰਡ । ਰਿਦੇ ਧਾਰ ਖਲ ਖੰਡਨੋ ਖੰਡਨ ਕਰੂੰ ਪਖੰਡ" । ਇਸ ਦੋਹਰੇ ਵਿਚ ਗੁਰੂ ਲਘੂ ਇਉਂ ਜਾਣੇ ਕਿ – ਇਸ ਦੀਆਂ ਸਭ ਮਾਤਰਾਂ ੪੮ ਹਨ ਅਤੇ ਅੱਖਰ ੩੭ ਹਨ ਤਾਂ ੪੮–੩੭–੧੧ ਗੁਰੂ ਹਨ, ਅਤੇ ਇਹਨਾਂ ਹੀ ਗੁਰੂ ਆਂ ਨੂੰ ਦੂਣਾ ਕਰ ਕੇ ਸਭ ਮਾਤਰਾਂ ਚੋਂ ਘਟਾਇਆ ਤਾਂ (੪੮–੨੨) ੨੬ ਲਘੂ ਹਨ । ਗਿਣਕੇ ਦੇਖੋ ।

ਮਾਤ੍ਰਿਕ ਸਮ ਪ੍ਰਕਰਣ ਦੇ ਗੁਰੂ ਪੂਰੇ ਹੋਏ ।

ਮਾਤ੍ਰਿਕ ਅਰਧ ਸਮ ਪ੍ਰਕਰਣ ਦੀ
ਸੰਖਿਆ ਜਾਨਣ ਦੀ ਰੀਤੀ

ਦੋਹਿਰਾ

ਟੌਂਕ ਮਤ ਦੀ ਸੰਖਿਆ ਗੁਣੋਂ ਜਿਸਤ ਦੀ ਨਾਲ ।
ਮਤ ਸਮ ਅਰਧ ਪ੍ਰਕਰਣ ਦੀ ਛੰਦ ਸੰਖਿਆਂ ਭਾਲ ।। ੪੩ ।।

ਅਰਥ – ਪਹਿਲੀ ਤੁਕ ਦੀ ਮਾਤ੍ਰਾ ਦੀ ਜਿੰਨੀ ਛੰਦ ਸੰਖਿਆ (ਸੂਚੀ ਅੰਗ) ਹੋਵੇ ਓਹਨੂੰ ਜਿਸਤ (ਦੂਜੀ ਤੁਕ) ਦੀ ਮਾਤ੍ਰਾ ਦੀ ਛੰਦ ਸੰਖਿਆ ਨਾਲ ਗੁਣੋਂ ਤਾਂ ਉਤ੍ਰ ਆਵੇਗਾ ।

[ਬੰਨਗੀ]

ਪਹਿਲੀ ਤੁਕ ਵਿਚ ੫ ਮਾਤਰਾਂ ਹਨ, ਦੂਜੀ ਵਿਚ ੬, ਤਾਂ ੫ ਦੀ ਸੰਖਿਆ ੮ ਅਤੇ ੬ ਦੀ ੧੩ ਹੋਣ ਕਰਕੇ ਏਹਨਾਂ ਦੀ ਛੰਦ ਸੰਖਿਆ (੧੩×੮=) ੧੦੪ ਹੈ, ਏਸੇ ਤਰ੍ਹਾਂ ਹੋਰ ਭੀ ਜਾਣੋਂ । ਏਹਨਾਂ ਦੇ ਪ੍ਰਤਜਾਂ ਦੇ ਬਿਸਥਾਰ ਦੀ ਲੋੜ ਨਾ ਹੋਣ ਕਰਕੇ ਨਹੀਂ ਲਿਖਿਆ ਗਿਆ ।।

ਮਾਤ੍ਰਿਕ ਬਿਖਮ ਪ੍ਰਕਰਣ ਦੀ ਛੰਦ
ਸੰਖਿਆ ਜਾਨਣ ਦੀ ਰੀਤੀ

Sri Satguru Jagjit Singh Ji eLibrary NamdhariElibrary@gmail.com

ਦੋਹਿਰਾ

ਪਹਿਲੀ ਤੁਕ ਮਤ ਭੇਦ ਵਿਚ ਅਗਲੀ ਦੇ ਮਤ ਭੇਦ ।
ਗੁਣੋਂ ਸਰਬ ਤੁਕ ਅੰਤ ਤਕ ਬਿਖਮ ਸੰਖਿਆ * ਬੇਦ ॥ ੪੪ ॥

ਅਰਥ – ਪਹਿਲੀ ਤੁਕ ਦੀ ਮਾਤ੍ਰਾ ਦੇ ਸੂਚੀ ਅੰਗਾਂ ਨੂੰ ਦੂਜੀ ਦਿਆਂ ਭੇਦਾਂ ਵਿਚ ਗੁਣਿਆਂ ਤਾਂ ਓਸ ਗੁਣਨ ਫਲ ਨੂੰ ਤੀਜੇ ਦੇ ਭੇਦਾਂ ਨਾਲ ਗੁਣਿਆਂ ਉਸ ਨੂੰ ਚੌਥੀ ਦਿਆਂ ਨਾਲ, ਏਸ ਤਰ੍ਹਾਂ ਹੀ ਅੰਤ ਤਕ ਗੁਣਿਆਂ, ਜੋ ਫਲ ਆਇਆ ਉਹੀ ਉਤ੍ਰ ਹੈ :

[ਬੰਨਗੀ]

ਪਹਿਲੀ ਕਿਸੇ ਤੁਕ ਵਿਚ ੪ ਮਾਤਰਾਂ ਅਤੇ ਦੂਜੀ ਵਿਚ ੬, ਤੀਜੀ ਵਿਚ ੫, ਚੌਥੀ ਵਿਚ ੬, ਪੰਜਵੀ ਵਿਚ ੫, ਛੇਵੀਂ ਵਿਚ ੬ ਹੋਣ ਤਾ ਇਉਂ ਕਰੋ –

੫×੧੩ =੬੫

੬੫×੮=੫੨੦

੫੨੦×੧੩=੬੭੬੦

੬੭੬੦×੮=੫੪੦੮੦

੫੪੦੮੦×੧੩੩=੭੦੦੪੦

ਚਿਤ੍ਰ

| ਮਾਤ੍ਰਾ | ੪, ੬, ੫, ੬, ੫, ੬, | ਉਤਰ |
|---|---|---|
| ਕ੍ਰਿਯਾ | ੫×੩×੮×੧੩×੮×੧੩ = | ੭੦੩੦੪੦ |

ਏਹਨਾਂ ਦੇ ਜੋ ਅਣਗਿਣਤ ਹੀ ਰੂਪ ਹੋ ਸਕਦੇ ਹਨ ਅਤੇ ਹੋਰ ਭੀ ਪ੍ਰਤਜ ਹਨ ਓਹਨਾ ਦੇ ਦੱਸਣ ਦੀ ਵਿਸ਼ੇਸ ਲੋੜ ਨਹੀਂ ।

ਮਾਤ੍ਰਕ ਪ੍ਰਤਜ ਸਭ ਪੂਰੇ ਹੋਏ ।

---

* ਜਾਣੋ

Sri Satguru Jagjit Singh Ji eLibrary NamdhariElibrary@gmail.com

(ੲ) ਦੇਸ। ਵਰਣ ਬ੍ਰਿੱਤ ਵਰਣਨ।

ਗਦਯ – ਉਤੇ ਮਾਤ੍ਰਕ ਛੰਦਾਂ ਦੇ ਗੁਰਾਂ ਦਾ ਨਿਰੂਪਣ ਕਰਕੇ ਹੁਣ ਵਰਣ ਬ੍ਰਿੱਤ ਦੱਸਦੇ ਹਾਂ, ਜਿਨ੍ਹਾਂ ਦੇ ਵਿੱਚ ਗਣਕ ਵੀ ਹਨ। ਵਰਣ ਬ੍ਰਿੱਤ ਭੀ (ਮਾਤ੍ਰਕਾਂ ਦੀ ਤਰ੍ਹਾਂ) ਸਮ, ਅਰਧ-ਸਮ, ਬਿਖਮ, ਪ੍ਰਕਰਣ ਤਿੰਨ ਪ੍ਰਕਾਰ ਦੇ ਹੁੰਦੇ ਹਨ।

[ਵਰਣ ਸਮ ਪ੍ਰਕਰਣ ਦੀ ਪਛਾਣ] ਚੌਪਈ

ਆਦਿ ਚਰਣ ਜਿਉ ਲਘੁ ਗੁਰ ਆਇ। ਓਹੀ ਕਰਮ ਹੋ ਚਾਰੋ ਪਾਇ।
ਉਸਨੂੰ ਵਰਣ ਬ੍ਰਿਤ ਸਮ ਜਾਨ। ਨਾ ਤੋ ਬਿਖਮਾਦਿਕ ਬ੍ਰਿਤ ਮਾਨ।

ਅਰਥ – ਚੋਹਾ ਤੁਕਾਂ ਵਿੱਚ ਲਘੁ ਗੁਰੂ ਓਹਨੀਂ ਹੀ ਥਾਂਈਂ ਹੋਣ (ਜਿਕੂੰ ਪਹਿਲੀ ਤੁਕ ਵਿਚ ਹਨ) ਓਹ ਵਰਣ ਸਮ ਪ੍ਰਕਰਣ ਦਾ ਛੰਦ ਹੈ।

[ਵਰਣਕ ਅਰਧ ਸਮ ਪਹਿਚਾਨ।] ਦੋਹਿਰਾ

ਪ੍ਰਿਥਮ ਚਰਣ ਦੇ ਲਘੁ ਗੁਰੂ ਮਿਲਨ ਤੀਸਰੇ ਨਾਲ।
ਦੂਜਾ ਚੌਥੇ ਵਿਚ ਮਿਲੇ ਓਹ ਅਰਧ ਸਮ ਭਾਲ ॥ ੨ ॥

ਅਰਥ – ਪਹਿਲੇ ਅਤੇ ਤੀਜੇ ਦੇ, ਅਰ ਦੂਜੇ ਚੌਥੇ ਦੇ ਅੱਖਰਾਂ ਦੀ ਗਿਣਤੀ ਅਤੇ ਥਾਉਂ ਮਿਲਣ ਓਹ ਅਰਧ ਸਮ ਦਾ ਛੰਦ ਹੈ।

[ਵਰਣਕ ਬਿਖਮ ਪ੍ਰਕਰਣ ਸਾਰ]

ਗਦਜ – ਵਰਣਕ ਬਿਖਮ ਪ੍ਰਕਰਣ ਦੇ ਛੰਦ ਦੀ ਇਹ ਸਿਆਣ ਹੈ, ਕਿ ਉਸਦੀਆਂ ਸਾਰੀਆਂ ਤੁਕਾਂ ਦੇ ਅੱਖਰ ਅਰ ਨਿਯਮ ਘੱਟ ਵੱਧ (ਮਗਰ ਅੱਡੋ ਅੱਡ ਤੁਕਾਂ ਵਿੱਚ ਗਣਾਂ ਦੇ ਨਿਯਮ) ਹੁੰਦੇ ਹਨ।

ਵਰਣ ਕਸਮ ਪ੍ਰਕਰਣ ਦੇ ਗੁਰ ਵਰਣਨ।

(੧) ਪ੍ਰਸਤਾਰ (ਵਰਣਕ) ਲੱਛਣ

ਗਦਜ – ਜਿਤਨੇ ਅੱਖਰਾਂ ਦੇ ਜਿਤਨੇ ਭੇਦ ਅਤੇ ਰੂਪ ਹੁੰਦੇ ਹਨ ਓਹ ਦਿਖੌਣ ਨੂੰ ਪ੍ਰਸਤਾਰ ਕਹਿੰਦੇ ਹਨ।

[ਸਿੱਧੀ ਉਤਰਵੀਂ ਪ੍ਰਸਤਾਰ ਕਰਨ ਰੀਤੀ] ਦੂਮਲਾ :-

ਜਿਤਨੇ ਬ੍ਰਨ ਕੋ ਪ੍ਰਸਤਾਰ ਕਰੇਂ ਉਤਨੀ ਗੁਰ ਰੇਖਨ * ਬੰਕ ਬਨਾ ।
ਰਖ ਆਦਿ ਗੁਰੂ ਤਲ ਏਕ ਲਘੁ ਫਿਰ ਉਪਰ ਦੇ ਸਮ ਚਿੰਨ੍ਹ ਲਗਾ ।
ਜਿਤਨੇ ਫਿਰ ਅੰਗ ਘਟੇ ਤੁਕ ਮੇਂ ਉਤਨੇ ਗੁਰ ਸੋ [1] ਪ੍ਰਿਸ਼ਟੋ ਗਿਣਪਾ ।
ਜਬ ਹੀ ਲਘੁ ਅੰਤ ਬਣੇ ਸਭ ਹੀ ਤਦ ਲੌ ਗਿਣਕੇ ਪ੍ਰਸਤਾਰ ਬਵਾ ॥੩॥

੩-੪ ਵਰਣਾਂ ਦੇ ਪ੍ਰਸਤਾਰ ਦੀ ਬੰਨਗੀ :-

| | | |
|---|---|---|
| SSS | ੧ | SSSS |
| ISS | ੨ | ISSS |
| SIS | ੩ | SISS |
| IIS | ੪ | IISS |
| SSI | ੫ | SSIS |
| ISI | ੬ | ISIS |
| SII | ੭ | SIIS |
| III | ੮ | IIIS |
| | ੯ | SSSI |
| | ੧੦ | ISSI |
| | ੧੧ | SISI |
| | ੧੨ | IISI |
| | ੧੩ | SSII |
| | ੧੪ | ISII |
| | ੧੫ | SIII |
| | ੧੬ | IIII |

* ਬਿੰਗੀ 1 ਪਿੱਛੇ ਅਰਥਾਤ ਖੱਬੇ ।

Sri Satguru Jagjit Singh Ji eLibrary NamdhariElibrary@gmail.com

ਇਹਦੇ ਵਿੱਚ ੩ ਵਰਣ ਦਾ ਪ੍ਰਸਤਾਰ ਇਉਂ ਕੀਤਾ ਕਿ ਪਹਿਲੇ ੩ ਵਰਣ ਗੁਰੂ (*SSS*) ਕਰਕੇ ਲਿਖੇ, ਫੇਰ ਆਦਿ ਗੁਰੂ ਹੇਠ ਲਘੂ (।) ਦਾ ਚਿੰਨ੍ਹ ਲਾਇਆ, ਫੇਰ ਅੱਗੇ ਉਤਲਾ ਹੀ ਉਤਾਰ (*SS*) ਉਤਾਰਿਆ ਤਾਂ '।*SS*' ਇਹ ਰੂਪ ਬਣਿਆਂ, ਫੇਰ ਤੀਜੇ ਲਈ ਆਦਿ ਗੁਰੂ (ਜੋ ਦੂਜੇ ਥਾਉਂ ਹੈ) ਹੇਠਾਂ ਲਘੂ (।) ਰੱਖ ਕੇ ਉਤਲਾ ਗੁਰੂ (*S*) ਉਤਾਰ ਕੇ ਥੁੜਦਾ ੧ ਵਰਣ ਖੱਬੇ ਪਾਸੇ ਗੁਰੂ (*S*) ਪਾਇਆ ਤਾਂ '*S*।*S*' ਇਹ ਰੂਪ ਬਣਿਆਂ। ਚੌਥੇ ਲਈ ਆਦਿ ਗੁਰੂ ਹੇਠ ਲਘੂ (।) ਰੱਖ ਕੇ ਫੇਰ ਉਤਲਾ ਉਤਾਰ (।*S*) ਉਤਾਰ ਕੇ '।।*S*' ਇਹ ਰੂਪ ਬਣਾਇਆ। ਫੇਰ ਗੁਰੂ (ਜੋ ਅੰਤ ਹੈ) ਹੇਠਾਂ ਲਘੂ ਰੱਖ ਕੇ ਪਿੱਛੇ ੨ ਗੁਰੂ ਪਾ ਕੇ '*SS*।' ਇਹ ਰੂਪ ਬਣਾਇਆ। ਛੇਵੇਂ ਲਈ ਆਦਿ ਗੁਰੂ ਹੇਠਾਂ ਲਘੂ ਰੱਖ ਕੇ ਉਤਲਾ ਰੂਪ (*S*।) ਉਤਾਰ ਕੇ '।*S*।' ਇਹ ਰੂਪ ਬਣਾਇਆ, ਫੇਰ ਗੁਰੂ (ਜੋ ਗੱਭੇ ਹੈ) ਹੇਠਾਂ ਲਘੂ ਰੱਖਕੇ ਉਤਲਾ ਹੀ ਲਘੂ (।) ਉਤਾਰ ਕੇ ਖੱਬੇ ਗੁਰੂ ਪਾ ਕੇ ਸੱਤਵਾਂ '*S*।।' ਇਹ ਬਣਾਇਆ, ਫੇਰ ਆਦਿ ਗੁਰੂ ਹੇਠ ਲਘੂ ਰੱਖ ਕੇ ਫੇਰ ਉਤਾਰ (।।) ਉਤਾਰ ਕੇ ੮ ਵਾਂ '।।।' ਇਹ ਸਭ ਲਘੂ ਦਾ ਰੂਪ ਬਣਾਇਆ ਤਾਂ ਪ੍ਰਸਤਾਰ ਦੀ ਸਮਾਪਤੀ ਹੋਈ। ੩ ਵਰਣ ਦੇ ੮ ਅਤੇ ੪ ਦੇ ੧੬ ਰੂਪ ਹੋਏ। ਇਸੇ ਤਰ੍ਹਾਂ ਹੋਰ ਭੀ ਜਾਣੋਂ। ਏਹਨਾਂ ਰੂਪਾਂ ਨੂੰ ਭੇਦ, ਸੂਚੀ ਅੰਗ, ਬ੍ਰਿਤਾਂਗ, ਉਦਿਸ਼ਟਾਂਗ; ਪੂਰਣਾਂਗ ਅਤੇ ਬ੍ਰਿਤ ਸੰਖਿਆ ਕਹਿੰਦੇ ਹਨ।

ਦੇਖੋ ੩ ਤੇ ੪ ਵਰਣ ਦੀ ਵੰਨਗੀ

| | | |
|---|---|---|
| | ੧੬ | *SSSS* |
| | ੧੫ | ।*SSS* |
| | ੧੪ | *S*।*SS* |
| | ੧੩ | ।।*SS* |
| | ੧੨ | *SS*।*S* |
| | ੧੧ | ।*S*।*S* |
| | ੧੦ | *S*।।*S* |
| | ੯ | ।।।*S* |
| *SSS* | ੮ | *SSS*। |
| ।*SS* | ੭ | ।*SS*। |
| *S*।*S* | ੬ | *S*।*S*। |
| ।।*S* | ੫ | ।।*S*। |
| *SS*। | ੪ | *SS*।। |
| ।*S*। | ੩ | ।*S*।। |
| *S*।। | ੨ | *S*।।। |
| ।।। | ੧ | ।।।। |
| ਰੂਪ | ਗਿਣਤੀ | ਰੂਪ |

[ਚੜ੍ਹਵਾਂ ਪ੍ਰਸਤਾਰ ਢੰਗ] ਦੋਹਿਰਾ

ਆਦਿ ਲਘੂ ਸਿਰ ਗੁਰ ਧਰੋ ਅੱਗੇ ਨਕਲ ਚੜ੍ਹਾਇ।
ਥੁੜਦਾ ਖੱਬੇ ਕਰ ਲਘੂ ਹਟੀਏ ਗੁਰੂ ਲਿਆਇ ॥ ੪ ॥

Sri Satguru Jagjit Singh Ji eLibrary NamdhariElibrary@gmail.com

੩ ਵਰਣ ਦਾ ਪਹਿਲਾ ਰੂਪ ਸਭ ਲਘੁ (।।।) ਦਾ ਰੱਖ ਕੇ ਆਦਿ ਲਘੁ ਸਿਰ ਗੁਰੂ (*S*) ਰੱਖ ਕੇ ਅੱਗੇ ਹੇਠਲਾ ਉਤਾਰ (।।) ਚੜ੍ਹਾਇਆ, ਤਾਂ ਦੂਜਾ '*S*।।' ਇਹ ਰੂਪ ਬਣਿਆਂ, ਫੇਰ ਤੀਜਾ ਇਉਂ ਕੀਤਾ ਕਿ ਆਦਿ ਲਘੁ (ਜੋ ਗਭੇ ਹੈ) ਸਿਰ ਗੁਰੂ ਰੱਖ ਕੇ ਅੱਗੇ ਨਕਲ (।) ਰਖੀ, ਫੇਰ ਖੱਬੇ ਲਘੁ (।) ਰੱਖ ਕੇ ੩ ਵਰਣ ਪੂਰੇ ਕੀਤੇ ਤਾਂ '।*S*।' ਇਹ ਰੂਪ ਬਣਿਆ, ਫੇਰ ਚੌਥੇ ਵਿਚ ਆਦਿ ਲਘੁ ਸਿਰ ਗੁਰੂ ਰੱਖ ਕੇ ਅੱਗੇ ਉਤਾਰ (*S*।) ਰਖਿਆ ਤਾਂ '*SS*।' ਇਹ ਰੂਪ ਬਣਿਆਂ ਫੇਰ ਪਵਾਂ, ਲਘੁ ਸਿਰ ਗੁਰੂ (*S*) ਰੱਖ ਕੇ ਖੱਬੇ ੨ ਲਘੁ ਪਾ ਕੇ '।।*S*' ਇਹ ਰੂਪ ਬਣਾਇਆ, ਫੇਰ ਛੇਵਾਂ ਆਦਿ ਲਘੁ ਸਿਰ ਗੁਰੂ (*S*) ਧਰਕੇ ਅੱਗੇ ਹੇਠਲਾ ਹੀ ਉਤਾਰ (।*S*) ਚੜ੍ਹਾਇਆ ਤ੍ਹਾਂ '*S*।*S*' ਇਉਂ ਬਣਿਆਂ, ਫੇਰ ੭ਵਾਂ ਲਘੁ (ਜੋ ਗੱਭੇ ਹੈ) ਸਿਰ ਗੁਰੂ ਰੱਖ ਕੇ ਅੱਗੇ ਨਕਲ (*S*) ਚੜ੍ਹਾ ਕੇ ਖੱਬੇ ਲਘੁ (।) ਲਾ ਕੇ '।*SS*' ਇਹ ਰੂਪ ਬਣਾਇਆ, ਫੇਰ ਅੱਠਵੇਂ ਲਈ ਆਦਿ ਲਘੁ ਸਿਰ ਗੁਰੂ ਧਰਕੇ ਅੱਗੇ ਉਤਾਰ (*SS*) ਚੜ੍ਹਾ ਕੇ '*SSS*' ਇਹ ਰੂਪ ਬਣਾਇਆ, ਸੋ ੩ ਵਰਣ ਦੇ ੮ ਅਤੇ ੪ ਵਰਣ ਦੇ ੧੩ ਰੂਪ ਹੋਏ, ਏਸੇ ਤਰ੍ਹਾਂ ਹੋਰ ਭੀ ਜਾਣੋਂ ।

[ਉਤੱ੍ਵਾਂ ਵਰਣ ਪੁੱਠ ਥਾ ਪ੍ਰਸਤਾਰ ਕਰਨ ਰੀਤੀ]

### ਕਬਿੱਤ

ਵਰਣ ਸਥਾਨ ਪੁੱਠੇ ਆਦਿ ਰੂਪ ਗੁਰੂ ਲਿਖ, ਅੰਤ ਗੁਰੂ ਹੇਠ ਲਘੁ 'ਕੇਹਰਿ ਸੰਵਾਰਦੇ ।
ਰੱਖੀ ਜਾਓ ਖੱਬੇ ਪਾਸੇ ਉਤਲਾ ਉਤਾਰ ਸਭ ਥੁੜਵਾਂ ਵਰਣ ਜੇੜ੍ਹਾ ਗੁਰੂ ਸੱਜੇ ਡਾਰ ਦੇ ।
ਆਦਿ ਮੱਧ ਕਿਸੇ ਭੇਦ ਇਕ ਹੀ ਜਾਂ ਹੋਇ ਗੁਰੂ ਓਸ ਤੋਂ ਆਰੰਭ ਪ੍ਰਸਤਾਰ ਨੂੰ ਪਾਸਾਰਦੇ ।
ਗੁਰੂ ਲਘੂ ਆਦਿ ਜੇੜ੍ਹੇ ਅੰਤ ਵਿਚ ਔਣ ਸੋਈ ਹੋਰ ਨਹੀਂ ਭੇਦ ਕੋਈ ਏਸ 'ਚ ਵਿਚਾਰਦੇ ॥ ੫ ॥

ਇਹਦੇ ੩ ਵਰਣ ਦਾ ਪੁੱਠ ਥਾ ਪ੍ਰਸਤ੍ਹਾਰ ਇਉਂ ਕੀਤਾ :-

ਪਹਿਲੇ ਸਰਬ ਗੁਰੂ (*SSS*) ਦਾ ਪਹਿਲਾ ਰੂਪ ਰੱਖਿਆ, ਫੇਰ ਦੂਜੇ ਲਈ ਅੰਤ ਗੁਰੂ ਹੇਠ ਲਘੁ (।) ਰੱਖ ਕੇ ਖੱਬੇ ਉਤਲਾ ਹੀ ਉਤਾਰ ਰਖਿਆ ਤਾਂ '*SS*।' ਇਹ ਰੂਪ ਬਣਿਆਂ, ਫੇਰ ਅੰਤ ਗੁਰੂ (ਜੋ ਗੱਭੇ ਹੈ) ਹੇਠ ਲਘੁ (।) ਰੱਖਿਆ, ਖੱਬੇ ਨਕਲ (*S*) ਉਤਾਰੀ, ਸੱਜੇ ਗੁਰੂ ਥੁੜੇ ਵਰਣ ਦਾ ਲਾ ਕੇ '*S*।*S*' ਇਹ ਰੂਪ ਬਣਾਇਆ । ਫੇਰ ਅੰਤ ਗੁਰੂ ਹੇਠ ਲਘੁ (।) ਰੱਖ ਕੇ ਖੱਬੇ (*S*।) ਉਤਲਾ ਉਤਾਰ ਕੇ '*S*।।' ਇਹ ਰੂਪ ਬਣਾਇਆ, ਫੇਰ ਗੁਰੂ ਹੇਠ ਲਘੁ (।) ਰੱਖ ਕੇ ਸੱਜੇ ਥੁੜਦੇ ਵਰਣਾਂ ਦੇ ੨ ਗੁਰੂ (*SS*) ਰੱਖ ਕੇ '।*SS*' ਇਹ ਪਵਾਂ ਰੂਪ ਬਣਾਇਆ । ਫੇਰ ੬ਵੇਂ ਦੇ ਲਈ ਅੰਤ ਗੁਰੂ ਹੇਠ ਲਘੁ (।) ਰੱਖ ਕੇ ਖੱਬੇ ਉਤਲਾ ਹੀ (।*S*) ਰੂਪ ਰੱਖਿਆ ਤਾਂ '।*S*।' ਇਹ ਰੂਪ ਬਣਿਆਂ, ਫੇਰ ਅੰਤ ਗੁਰੂ (ਜੋ ਗੱਭੇ ਹੀ ਹੈ) ਹੇਠ ਲਘੁ (।) ਰੱਖਕੇ ਖੱਬੇ ਉਤਲਾ ਲਘੁ (।) ਉਤਾਰ ਕੇ ਸੱਜੇ ਗੁਰੂ ਥੁੜਦਾ) ਪਾ ਕੇ '।।*S*' ਇਹ ਰੂਪ ੭ਵਾਂ ਬਣਾਇਆ । ਫੇਰ ਅੰਤ ਗੁਰੂ ਹੇਠ ਲਘੁ (।) ਲਿਖਕੇ ਖੱਬੇ

Sri Satguru Jagjit Singh Ji eLibrary NamdhariElibrary@gmail.com

ਉਤਲੇ ਹੀ ਲਘੁ (।।) ਉਤਾਰ ਕੇ '।।।' ਇਹ ੮ਵਾਂ ਰੂਪ ਬਣਾਇਆ। ਏਸੇ ਤਰ੍ਹਾਂ ੪ ਵਰਣਾ ਦੇ ੧੩ ਰੂਪ ਬਣਾਏ, ਹੋਰ ਭੀ ਏਵੇਂ ਹੀ ਜਾਣੋਂ।

ਅੱਗੇ ਵੰਨਗੀ ਦੇਖੋ ੩-੪ ਵਰਣ ਦੀ :-

| | | |
|---|---|---|
| SSS | ੧ | SSSS |
| SSI | ੨ | SSSI |
| SIS | ੩ | SSIS |
| SII | ੪ | SSII |
| ISS | ੫ | SISI |
| ISI | ੬ | SISI |
| IIS | ੭ | SIIS |
| III | ੮ | SIII |
| | ੯ | ISSS |
| | ੧੦ | ISSI |
| | ੧੧ | ISIS |
| | ੧੨ | ISII |
| | ੧੩ | IISS |
| | ੧੪ | IISI |
| | ੧੫ | IIIS |
| | ੧੬ | IIII |

ਇਹਦੇ ਭੇਦਾਂ ਵਿੱਚ ਜੋ ਗੁਰੂ ਲਘੁ ਆਦਿ ਹੈ ਓਹ ਸਿੱਧੀ ਪ੍ਰਸਤਾਰ ਦੇ ਅੰਤ ਹੈ, ਜੇਹੜਾ ਇਹਦੇ ਅੰਤ ਹੈ ਉਹਦੇ ਆਦਿ ਹੈ, ਜੈਸੇ ਇਸ ਵਿੱਚ ੩ ਵਰਣ ਦੇ ੨ ਜੇ ਰੂਪ ਦੇ ਅੰਤ ਲਘੁ ਹੈ, ਸਿੱਧੀ ਪ੍ਰਸਤਾਰ ਵਿੱਚ ਦੂਜੇ ਰੂਪ ਦੇ ਆਦਿ ਲਘੁ ਹੈ ਇਸ ਕਰਕੇ ਇਹਦੇ ਥਾਉਂ ਪੁੱਠੇ ਹਨ।

Sri Satguru Jagjit Singh Ji eLibrary NamdhariElibrary@gmail.com

[ਉਤਰਵਾਂ ਵਰਣ ਪੁਠਗੇਣ ਕਰਨ ਰੀਤੀ]

## ਕਬਿੱਤ

ਪੁਠਗੇਣ ਵਰਣਾਂ 'ਚਿ ਧਾਰ ਸਭ ਆਦਿ ਲਘੂ ਦੂਜੇ ਰੂਪ 'ਆਦਿ ਲਘੂ' ਪੈਰ ਗੁਰੂ ਡਾਰੀਏ ।
ਉਤਲਾ ਉਤਾਰ ਸੱਜੇ ਬੁੜੇ ਲਘੂ ਡਾਰ ਖੱਬੇ ਆਦਿ ਅੰਤ ਔਣ ਲਘੂ ਆਦਿ ਤੋਂ ਖਿਲਾਰੀਏ ।
ਏਕ ਹੀ ਜਾਂ ਅੰਤ ਲਘੂ ਓਸ ਤੋਂ ਆਰੰਭ ਕਰੋ ਆਵੇ ਜੇ ਤਾਂ ਮੱਧਿ ਓਸੇ ਹੇਠੋਂ ਵਿਸਤਾਰੀਏ ।
ਆਦਿ ਅੰਤ ਦੋ ਦੋ ਲਘੂ ਆਦਿ ਤੋਂ ਆਰੰਭ ਕਰੋ ਸਭ ਗੁਰੂ ਔਣ ਪਰ ਪੂਰਣ ਵਿਚਾਰੀਏ ॥੬॥

| | | |
|---|---|---|
| III | ੧ | IIII |
| SII | ੨ | SIII |
| ISI | ੩ | ISII |
| SSI | ੪ | SSII |
| IIS | ੫ | IISI |
| SIS | ੬ | SISI |
| ISS | ੭ | ISSI |
| SSS | ੮ | SSSI |
| ੩ ਵਰਣ | ੯ | IIIS |
| | ੧੦ | SIIS |
| | ੧੧ | ISIS |
| | ੧੨ | SSIS |
| | ੧੩ | IISS |
| | ੧੪ | SISS |
| | ੧੫ | ISSS |
| | ੧੬ | SSSS |

੪ ਵਰਣ

ਇਸ ੩ ਵਰਣ ਦੇ ਪ੍ਰਸਤਾਰ ਵਿਚ ਪਹਿਲਾ ਰੂਪ ਸਭ ਲਘੁ (।।।) ਦਾ ਰੱਖ ਕੇ ਦੂਜੇ ਲਈ ਆਦਿ ਲਘੁ ਹੇਠ ਗੁਰੂ (*S*) ਰੱਖਕੇ ਅੱਗੇ ਉਤਲਾ ਹੀ (।।) ਰੱਖ ਕੇ '*S*।।' ਇਹ ਰੂਪ ਬਣਾਇਆ, ਫੇਰ ਆਦਿ ਲਘੁ (ਜੋ ਗੱਭੇ ਹੈ) ਹੇਠ ਗੁਰੂ ਰੱਖ ਕੇ ਸੱਜੇ ਉਤਲਾ ਲਘੁ ਪਾ ਕੇ ਥੁੜਦਾ ਲਘੁ (।) ਖੱਬੇ ਪਾ ਕੇ '।*S*।' ਇਹ ਰੂਪ ਬਣਾਇਆ, ਫੇਰ ਆਦਿ ਲਘੁ ਹੇਠ ਗੁਰੂ (*S*) ਰੱਖ ਕੇ ਉਤਲਾ ਉਤਾਰ (*S*।) ਰੱਖ ਕੇ '*SS*।' ਇਹ ਰੂਪ ਬਣਾਇਆ, ਫੇਰ ਆਦਿ ਲਘੁ (ਜੋ ਛੇਕੜ ਹੈ) ਹੇਠ ਗੁਰੂ (*S*) ਰੱਖ ਕੇ ਖੱਬੇ ਦੋ ਲਘੁ (।।) ਥੁੜ੍ਹਦੇ ਰੱਖ ਕੇ '।।*S*' ਇਹ ਪਵਾਂ ਰੂਪ ਬਣਾਇਆ। ਫੇਰ ਆਦਿ ਲਘੁ ਹੇਠ ਗੁਰੂ ਰੱਖ ਕੇ ਅੱਗੇ ਓਹੀ ਰੂਪ (।*S*) ਲਿਖ ਕੇ '*S*।*S*' ਇਹ ਰੂਪ ਬਣਾਯਾ, ਫੇਰ ਲਘੁ ਹੇਠ (ਜੋ ਗੱਭੇ ਹੈ) ਗੁਰੂ ਰੱਖ ਕੇ ਸੱਜੇ ਉਤਲਾ ਹੀ ਰੂਪ (*S*) ਲਿਖ ਕੇ ਖੱਬੇ ਲਘੁ (।) ਪਾ ਕੇ '।*SS*' ਇਹ ਸੱਤਵਾਂ ਰੂਪ ਬਣਾਇਆ। ਫੇਰ ਅੱਠਵੇਂ ਲਈ ਆਦਿ ਲਘੁ ਹੇਠ ਗੁਰੂ (*S*) ਕਰਕੇ ਅੱਗੇ ੨ ਗੁਰੂ ਉਤਾਰ ਕੇ '*SSS*' ਇਹ ਰੂਪ ਬਣਾਇਆ, ਤਾਂ ਪ੍ਰਸਤਾਰ ਮੁੱਕੀ। ੩ ਵਰਣ ਦੇ ੮ ਰੂਪ ਅਤੇ ਏਸੇ ਤਰ੍ਹਾਂ ੪ ਵਰਣ ਦੇ ੧੬ ਰੂਪ ਹੋਏ, ਏਵੇਂ ਹੀ ਹੋਰ ਜਾਣੋਂ। ਇਹਦੇ ਵਿਚ ਜੋ ਛੇਕੜਲਾ ਰੂਪ ਹੈ ਓਹ ਸਿੱਧੀ ਪ੍ਰਸਤਾਰ ਵਿਚ ਪਹਿਲਾ ਹੈ, ਇਸ ਕਰਕੇ ਪੁਠਗੇਣ ਹੈ।

## ਉਤਰਵਾਂ ਵਰਣਕ ਦੂਹਰਾ ਪੁੱਠਾ,
## ਪ੍ਰਸਤਾਰ ਕਰਨ ਦਾ ਢੰਗ

### ਕਬਿੱਤ

ਲਘੁ ਧਰ ਆਦਿ ਰੂਪ ਅੰਤ ਹੇਠ ਗੁਰੂ ਡਾਰ ਖਬੇ ਸੋ ਉਤਾਰ ਸੱਜੇ ਥੁੜ ਲਘੁ ਰਾਖੀਏ ।
ਆਦਿ ਅੰਤ ਹੋਇ ਲਘੂ ਪਿਛਲੇ ਦੇ ਹੇਠ ਗੁਰੁ ਇਕ ਲਘੂ ਆਦਿ ਪੂਰੇ ਓਸੇ ਤੋਂ * ਅਕਾਂਖੀਏ ।
ਹੋਏ ਗੁਰੂ ਅੰਤ ਤਾਂ ਪਸਾਰੋ ਫਾਡੀ ਲਘੁ ਹੇਠੋਂ ਸਭ ਗੁਰੂ ਔਣ ਜਦੋਂ ਭੇਦ ਅੰਤ ਆਖੀਏ ।
ਉਤਲਾ ਸ੍ਵਰੂਪ ਆਵੇ ਹੇਠ ਕਵਿ 'ਕੇਹਰਿ' ਸੁ ਥਾਨ ਅਤੇ ਗਿਣਤੀ ਦੁ ਭਾਂਤ ਪੁੱਠ ਚਾਖੀਏ ॥ ੭ ॥

[ਹੇਠਾਂ ੩ ਵਰਣ ਦੀ ਬੰਨਗੀ ਦੇਖੋ]

ਇਹਦੇ ਵਿੱਚ ਪਹਿਲਾ ਰੂਪ ਸਭ ਲਘੁ (।।।) ਦਾ ਰੱਖ ਕੇ ਅੰਤ ਲਘੁ ਹੇਠ ਗੁਰੁ (*S*) ਲਿਖ ਕੇ ਖੱਬੇ ਉਤਾਰ (।।) ਉਤਾਰ ਕੇ '।।*S*' ਇਹ ਰੂਪ ਬਣਾਯਾ, ਤਾਂ ਤੀਜੇ ਲਈ ਅੰਤ ਲਘੁ (ਜੋ ਗੱਭੇ ਹੈ) ਹੇਠ ਗੁਰੂ (*S*) ਰੱਖਕੇ ਖੱਬੇ ਨਕਲ ਉਤਾਰ ਕੇ ਸੱਜੇ ਥੁੜਦਾ ਲਘੁ ਰੱਖਿਆ ਤਾਂ '।*S*।' ਏਹ ਰੂਪ ਬਣਿਆ। ਏਵੇਂ ਹੀ ਹੋਰ ਜਾਣੋਂ। ਇਹਦੇ ਵਿੱਚ ਭੇਦਾਂ ਦੇ ਥਾਉਂ ਅਤੇ ਗਿਣਤੀ ਦੇ ਦੋਵੇਂ ਪੁੱਠੇ ਹਨ।

| | |
|---|---|
| ੧ | ।।। |
| ੨ | ।।*S* |
| ੩ | ।*S*। |
| ੪ | ।*SS* |
| ੫ | *S*।। |
| ੬ | *S*।*S* |
| ੭ | *SS*। |
| ੮ | *SSS* |

* ਜੇ ਲੋੜ ਹੋਵੇ।

Sri Satguru Jagjit Singh Ji eLibrary NamdhariElibrary@gmail.com

[ਚੜ੍ਹਵਾਂ ਪੁੱਠ ਥਾਉਂ ਪ੍ਰਸਤਾਰ ਕਰਨ ਦੀ ਰੀਤੀ] ਦੋਹਿਰਾ

ਅੰਤ ਲਘੁ ਸਿਰ ਗੁਰ ਧਰੋ ਖੱਬੇ ਨਕਲ ਸਵਾਰ ।
ਥੁੜੇ ਅਗਾੜੀ ਗੁਰ ਧਰੋ ਇਉਂ ਪੁੱਠ ਥਲ ਪ੍ਰਸਤਾਰ ॥ ੮ ॥

[ਦੇਖੋ ਬੰਨਗੀ ੩ ਵਰਣ ਦਾ ਪੁੱਠ ਥਾਉਂ ਪ੍ਰਸਤਾਰ] :-

| | |
|---|---|
| ੮ | SSS |
| ੭ | SSI |
| ੬ | SIS |
| ੫ | SII |
| ੪ | ISS |
| ੩ | ISI |
| ੨ | IIS |
| ੧ | III |

ਇਹਦੇ ਵਿਚ ੩ ਵਰਣ ਦਾ ਪਹਿਲਾ ਰੂਪ ਸਰਬ ਲਘੁ (III) ਤੋਂ ਆਰੰਭ ਕਰਕੇ ਅੰਤ ਲਘੁ ਸਿਰ ਗੁਰੂ (S) ਧਰਕੇ ਖੱਬੇ ਹੇਠਲਾ ਹੀ ਰੂਪ (II) ਲਿਖਿਆ ਤਾਂ 'IIS' ਇਹ ਦੂਜਾ ਰੂਪ ਬਣਿਆਂ, ਫੇਰ ਅੰਤ ਲਘੁ (ਜੋ ਦੂਜੇ ਥਾਂ ਹੈ) ਉਤੇ ਗੁਰੂ ਰੱਖ ਕੇ ਖੱਬੇ ਹੇਠਲਾ ਹੀ (I) ਰੱਖ ਕੇ ਸੱਜੇ ਲਘੁ ਰੱਖਿਆ ਤਾਂ 'ISI' ਇਹ ਬਣਾਯਾ । ਫੇਰ ਅੰਤ ਲਘੁ ਸਿਰ ਗੁਰੂ ਰੱਖ ਕੇ ਪਿੱਛੇ ਹੇਠਲਾ ਹੀ ਰੂਪ (IS) ਰੱਖਿਆ ਤਾਂ ਇਹ 'ISS' ਰੂਪ ਸਿੱਧ ਹੋਯਾ, ਫੇਰ ਲਘੁ ਸਿਰ ਗੁਰੂ (S) ਰੱਖ ਕੇ ਅੱਗੇ ਥੁੜਦੇ ੨ ਲਘੁ (II) ਰੱਖਕੇ 'SII' ਇਹ ੫ ਵਾਂ ਰੂਪ ਬਣਾਯਾ, ਫੇਰ ੬ ਵੇਂ ਲਈ ਅੰਤ ਲਘੁ ਸਿਰ (ਗੁਰੂ S) ਰੱਖ ਕੇ ਖੱਬੇ ਹੇਠਲਾ 'SI' ਇਹ ਰੂਪ ਰੱਖ ਕੇ 'SIS' ਇਹ ਬਨਾਯਾ, ਫੇਰ ਲਘੁ ਉਤੇ (ਜੋ ਗੱਭੇ ਹੈ) ਗੁਰੂ ਰੱਖ ਕੇ ਖੱਬੇ ਗੁਰੂ (S) ਹੀ ਚੜ੍ਹਾ ਕੇ ਥੁੜਦਾ ਲਘੁ (I) ਪਾ ਕੇ 'SSI' ਇਹ ਰੂਪ ਬਨਾਯਾ, ਫੇਰ ਅੰਤ ਲਘੁ ਸਿਰ ਗੁਰੂ ਰੱਖ ਕੇ ਖੱਬੇ ੨ ਗੁਰੂ ਲਿਖ ਕੇ 'SSS' ਇਹ ਰੂਪ ਅੱਠਵਾਂ ਬਣਾਯਾ, ਏਵੇਂ ਹੀ ਹੋਰ ਜਾਣੋਂ ।

[ਚੜ੍ਹਵਾਂ ਪੁੱਠ ਗੇਣ ਪ੍ਰਸਤਾਰ ਕਰਨ ਰੀਤੀ] ਦੋਹਿਰਾ

ਆਦਿ ਗੁਰੂ ਸਿਰ ਲਘੁ ਧਰੋ ਅੱਗੇ ਨਕਲ ਕਰੇਹਿ ।
ਥੁੜੇ ਪਿਛਾੜੀ ਗੁਰ ਕਰੋ ਉਲਟ ਗੇਣ ਕਰ ਲੇਹਿ ॥ ੯ ॥

[ਬੰਨਗੀ ਦੇਖੋ ੩ ਵਰਣ ਦੀ, ਪੁੱਠ ਗਿਣਤੀ ਦੀ]

| | |
|---|---|
| ੮ | III |
| ੭ | SII |
| ੬ | ISI |
| ੫ | SSI |
| ੪ | IIS |
| ੩ | SIS |
| ੨ | ISS |
| ੧ | SSS |

ਇਹਦੇ ਵਿਚ ਪਹਿਲਾ ਰੂਪ ਸਭ ਗੁਰੂਆਂ ਦਾ ਕਰਕੇ ਆਦਿ ਗੁਰੂ ਸਿਰ ਲਘੁ ਧਰਕੇ ਅੱਗੇ ਓਹੀ ਰੂਪ ਚੜ੍ਹਾ ਕੇ 'ISS' ਇਹ ਦੂਜਾ ਰੂਪ ਬਣਾਯਾ, ਫੇਰ ਆਦਿ ਗੁਰੂ (ਜੋ ਗੱਭੇ ਹੈ) ਉੱਤੇ ਲਘੁ ਰੱਖ ਕੇ ਸੱਜੇ ਅਗਲਾ ਹੀ ਰੂਪ (S) ਰੱਖ ਕੇ ਖੱਬੇ ਗੁਰੂ ਪਾਯਾ ਤਾਂ ਇਹ 'SIS' ਤੀਜਾ ਰੂਪ

ਬਣਾਯਾ, ਫੇਰ ਆਦਿ ਗੁਰੂ ਉਤੇ ਲਘੁ ਰੱਖ ਕੇ ਅੱਗੇ ਹੇਠਲਾ ਹੀ ਰੂਪ ਰੱਖ ਕੇ '।।S' ਇਹ ਚੌਥਾ ਰੂਪ ਬਣਾਯਾ, ਏਵੇਂ ਹੀ ਹੋਰ ਜਾਣੋਂ।

[ਚੜ੍ਹਵੇਂ ਦੀ ਦੂਹਰੀ ਪੁੱਠੀ ਕਰਨ ਰੀਤੀ] ਦੋਹਿਰਾ

ਅੰਤ ਗੁਰੂ ਸਿਰ ਲਘੁ ਧਰੋ ਖੱਬੇ ਨਕਲ ਸੁਜਾਨ।
ਬੁੜੇ ਅਗਾੜੀ ਗੁਰੂ ਧਰੋ ਦੂਹਰੀ ਉਲਟ ਪਛਾਨ ॥ ੧੦ ॥

[ਦੇਖੋ ਬੰਨਗੀ ੩ ਵਰਣ ਦੀ ਦੂਹਰੀ ਪੁੱਠੀ]

ਇਹਦੇ ਵਿਚ ਹੇਠ ਵਲੋਂ ਪਹਿਲਾ ਰਤ ਸਰਬ ਗੁਰੂ (SSS) ਦਾ ਰੱਖਿਆ, ਫੇਰ ਅੰਤ ਗੁਰੂ ਸਿਰ ਲਘੁ ਧਰਕੇ ਖੱਬੇ ਨਕਲ ਹੀ (SS) ਚੜ੍ਹਾ ਕੇ (SS।) ਇਹ ਰੂਪ ਬਨਾਯਾ, ਫੇਰ ਅੰਤ ਗੁਰੂ (ਜੋ ਗੱਭੇ ਹੈ) ਉਤੇ ਲਘੁ ਲਾ ਕੇ ਖੱਬੇ ਹੇਠਲਾ ਹੀ ਗੁਰੂ (S) ਚੜ੍ਹਾ ਕੇ ਬੁੜਦਾ ੧ ਗੁਰੂ ਸੱਜੇ ਪਾਕੇ (S।S) ਇਹ ਤੀਜਾ ਰੂਪ ਬਣਾਯਾ, ਫੇਰ ਚੌਥੇ ਲਈ ਅੰਤ ਗੁਰੂ ਉਤੇ ਲਘੁ (।) ਲਾ ਕੇ ਖੱਬੇ ਹੇਠਲਾ ਹੀ (S।) ਰੂਪ ਲਿਖ ਕੇ (S।।) ਇਹ ਰੂਪ ਬਨਾਯਾ, ਏਸੇ ਤਰ੍ਹਾਂ ਹੀ ਅੱਗੇ ਜਾਣੋ। ਇਹਦੇ ਵਿਚ ਨਾਲੇ ਤਾਂ ਭੇਦਾਂ ਦੀ ਗਿਣਤੀ ਪੁੱਠੀ ਹੈ, ਨਾਲੇ ਥਾਉਂ ਪਹਿਲੀ ਨਾਲੋਂ ਪੁੱਠੇ ਹਨ।

| | |
|---|---|
| ੮ | ।।। |
| ੭ | ।।S |
| ੬ | ।S। |
| ੫ | ।SS |
| ੪ | S।। |
| ੩ | S।S |
| ੨ | SS। |
| ੧ | SSS |
| ੩ ਵਰਣ | |

॥ਇਤੀ ਵਰਣ ਪ੍ਰਸਤਾਰ॥

(੨) ਵਰਣ ਸੰਖਿਆ ਲੱਛਣ।

ਗਦ੍ਯ – ਬਿਨਾਂ ਪ੍ਰਸਤਾਰ ਹੀ ਜਿਸ ਦ੍ਵਾਰਾ ਵਰਣਾਂ ਦੇ ਭੇਦਾਂ ਦੀ ਗਿਣਤੀ (ਅਰਥਾਤ ਐਨੇ ਵਰਣਾਂ ਦੇ ਐਨੇ ਰੂਪ ਹਨ) ਮਲੂਮ ਹੋਵੇ ਉਹ ਵਰਣ ਸੰਖਿਆ ਹੈ।

[ਰੀਤੀ] ਦੋਹਿਰਾ

ਉਸਤੇ ਪਹਿਲੇ ਵਰਣ ਦੀ ਛੰਦ ਸੰਖਿਆ ਜੋਇ।
ਓਦੂੰ ਦੂਣੀ ਸੰਖਿਆ ਇਸ਼ਟ ਵਰਣ ਦੀ ਹੋਇ ॥ ੧੧ ॥

[ਹੇਠ ਬੰਨਗੀ ਦੇਖੋ ਕੋਠੇ]

| ਵਰਣ | ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
|---|---|---|---|---|---|---|---|---|---|---|---|
| ਰੂਪ | ੨ | ੪ | ੮ | ੧੬ | ੩੨ | ੬੪ | ੧੨੮ | ੨੫੬ | ੫੧੨ | ੧੦੨੪ | ੨੦੪੮ |

ਇਹਦੇ ਵਿਚ ਪਹਿਲੇ ਕੋਠੇ ੧ ਵਰਣ ਦੇ ੨ ਰੂਪ ਹਨ, ਤਾਂ ੨ ਦੇ( ੨×੨) ੪ ਹਨ, ੩ ਦੇ ੮ ਹਨ, ੪ ਵਰਣ ਦੇ ੧੬ ਹਨ, ਏਵੇਂ ਹੀ ਹੋਰ ਜਾਣੋਂ ।

(੨) ਰੀਤੀ । ਦੋਹਿਰਾ

ਵੰਡ ਚਾਰ ਤੇ ਪ੍ਰਸ਼ਨ ਗੁਣ ਸੋਲ੍ਹੇ ਲਭਧ ਸਮਾਨ ।
ਬਚਿਆਂ ਦੂਣੇ ਫੇਰ ਗੁਣ ਵਰਣ ਸੰਖਿਆ ਆਨ ॥ ੧੨ ॥

[ਦੇਖੋ ਕੋਠਾ ੧੦-੧੬ ਵਰਣ ਦੀ ਭੇਦ ਸੰਖਿਆ ਦਾ]

| | |
|---|---|
| ੧੦ ਵਰਣ | ੧੦=੨ ਬਾਕੀ ੨ = ੧੬×੧੬×੪ (੨ ਰਹੇ ਦੀ ਸੰਖਿਆ)<br>੪ ੧੦੨੪ ਉੱਤ |
| ੧੬ ਵਰਣ | ੧੬ = ੪ = ੧੬ × ੧੬ × ੧੬ × ੧੬ = ੪੦੯੬ ਉੱਤ੍ਰ<br>੪ |

ਇਹਦੇ ਵਿਚ ੧੦ ਵਰਣ ਦੀ ਸੰਖਿਆ ਇਉਂ ਕੱਢੀ ਕਿ ੧੦ ਨੂੰ ੪ ਉਤੇ ਵੰਡਿਆ ਤਾਂ ੨ ਲਭਧ ਆਏ ੨ ਪਿੱਛੇ ਰਹੇ, ਫੇਰ ਦੋ ਸੋਲ੍ਹੇ (ਲਭਧ ਜਿੰਨੇ) ਆਪੋ ਵਿਚ ਗੁਣੇ ਤਾਂ ੨੫੬ ਹੋਏ, ਫੇਰ ਇਹਦੇ ਨਾਲ (ਦੋ ਪਿਛੇ ਰਹੇ ਦੀ ਸੰਖਿਆ) ੪ ਨੂੰ ਗੁਣਿਆਂ ਤਾਂ ੧੦੨੪ ਉਤਰ ਹੈ । ਏਵੇਂ ਹੀ ਸੋਲਾਂ ਵਰਣਾਂ ਨੂੰ ੪ ਉਤੇ ਵੰਡਿਆ ੪ ਲਬਧ ਆਏ ਤਾਂ ੪ ਵਾਰ ਸੋਲ੍ਹੇ ਆਪੋ ਵਿਚੀ ਗੁਣੇ ਸੋ ੪੦੯੬ ਉਤ੍ਰ ਆਯਾ ।

ਸੂਚਨਾ – ਇਹ ਗੱਲ ਯਾਦ ਰੱਖੋ ਕਿ ਇਹ ਕ੍ਰਿਯਾ ਤਾਂ ਕਰਨੀ ਜਦ ਪ੍ਰਸ਼ਨ ੪ ਤੋਂ ਉਤੇ ਹੋਵੇ, ਕਿਉਂਕਿ ੪ ਤੱਕ ਦਾ ਐਂਵੇ ਹੀ ਪਤਾ ਲੱਗ ਸਕਦਾ ਹੈ ।

ਏਦੂੰ ਉਲਟ "ਐਨੀ ਬ੍ਰਿਤ ਸੰਖਿਆ ਕਿੰਨੇ
ਵਰਣਾਂ ਦੀ ਹੈ" ? ਦੇ ਉਤ੍ਰ ਦੀ ਰੀਤੀ

ਦੋਹਿਰਾ

ਬਾਰੰਬਾਰ ਬ੍ਰਿਤਾਂਗ ਨੂੰ ਦੋ ਤੇ ਵੰਡ ਮੁਕਾਇ ।
ਜਿੰਨੀ ਵਾਰਾਂ ਵੰਡੀਏ ਓਨੇ ਵਰਣ ਬਤਾਇ ॥ ੧੩ ॥

Sri Satguru Jagjit Singh Ji eLibrary NamdhariElibrary@gmail.com

[ਬੰਨਗੀ]

| | |
|---|---|
| ੧੨੮ ਸੰਖਿਆ | ੧੨੮/੨ = ੬੪/੨ = ੩੨/੨ = ੧੬/੨ = ੮/੨ = ੪/੨ = ੨/੨ = ੦ = ੭ ਉਤ੍ਰ |
| ੫੧੨ ਸੰਖਿਆ | ੫੧੨/੨ = ੨੫੬/੨ = ੧੨੮/੨ = ੬੪/੨ = ੩੨/੨ = ੧੬/੨ = ੮/੨ = ੪/੨ = ੨/੨ =੦=੯ ਉਤ੍ਰ |

ਇਹਦੇ ਵਿਚ ੧੨੮ ਸੰਖਿਆ ਦੇ ਵਰਣ ਇਉਂ ਕੱਢੇ। ੧੨੮ ਨੂੰ ੨ ਤੇ ਵੰਡਿਆਂ ੬੪ ਰਹੇ, ਫੇਰ ੨ ਤੇ ਵੰਡਿਆ ੩੨ ਰਹੇ। ਫੇਰ ੨ ਤੇ ਵੰਡਿਆ ੧੬ ਰਹੇ, ਇਸੇ ਤਰ੍ਹਾਂ ਸਾਰੀ ਸੰਖਿਆ ਮੁਕਾਈ ਤਾਂ ਇਹ ਪਤਾ ਲੱਗਾ ਕਿ ੭ ਵਾਰ ਵੰਡ ਪਈ ਇਸ ਕਰਕੇ ਉਤਰ ੭ (ਵਰਣ) ਆਏ, ਏਵੇਂ ਹੀ ੫੧੨ ਸੰਖਿਆ ਦੇ ੯ ਵਰਣ (ਉਤ੍ਰ) ਆਏ।

ਸਮੁਚਜ – ਇਕ ਤੇ ਲੈ ਕੇ ਸਭ ਵਰਣ ਤੱਕ ਦੀ ਸੰਖਿਆ ਕੱਢਣ ਦੀ ਰੀਤੀ।

ਦੋਹਿਰਾ

* ਪ੍ਰਸ਼ਨ ਅੰਗ ਬ੍ਰਿਤਾਂਗ ਨੂੰ ਦੂਣਾ ਕਰ ਦੋ ਕੱਟ।
ਇਕ ਤੇ ਲੈ ਕੇ ਓਸ ਤਕ ਸਰਬ ਸੰਖਿਆਂ ਘੱਟ ॥ ੧੪ ॥

[ਦੇਖੋ ਬੰਨਗੀ ੫ ਅਤੇ ੭ ਵਰਣ ਤੱਕ ਸਭ ਦੀ ਸੰਖਿਆ]

| | |
|---|---|
| ੫ ਵਰਣ ਤੱਕ | ੫ ਦੀ ਬ੍ਰਿਤ ਸੰਖਿਆ = ੩੨×੨=੬੪–੨=੬੨ ਉਤ੍ਰ |
| ੭ ਵਰਣ ਤੱਕ | ੭ ਦੀ ਬ੍ਰਿਤ ਸੰਖਿਆ = ੧੨੮×੨ = ੨੫੬ – ੨ = ੨੫੪ ਉਤ੍ਰ |

ਇਹਦੇ ਵਿਚ ੫ ਵਰਣ ਦੀ ਸਭ ਸੰਖਿਆ ਇਉਂ ਕੱਢੀ ਕਿ ੫ ਦੀ ਸੰਖਿਆ ੧੨੮ ਹੈ ਉਹਨੂੰ ਦੂਣਾ ਕੀਤਾ ਤਾਂ ੨੫੬ ਹੋਏ, ਇਹਨਾਂ ਵਿਚੋਂ ੨ ਘਟਾਏ ਤਾਂ ੨੫੪ ਉਤ੍ਰ ਆਏ, ਏਵੇਂ ਹੀ ਵਰਣ ਦੀ ਜਾਣੋਂ।

---

* ਪ੍ਰਸ਼ਨ ਅੰਗ ਬ੍ਰਿਤਾਂਗ ਤਤਪੁਰਖ ਸਮਾਸ ਹੈ ( ਭਾਵੇਂ ਦੀਰਘ ਹੀ ਹੈ) ਇਹਦਾ ਅਰਥ ਪ੍ਰਸ਼ਨ ਅੰਗ ਦੀ ਬ੍ਰਿਤ ਸੰਖਿਆ ਹੈ।

## (੩) ਵਰਣ ਸੂਚੀ ਵਰਣਨ ਲੱਛਣ

ਗਦਯ – ਜਿਸ ਦ੍ਵਾਰਾ ਵਰਣ ਬ੍ਰਿਤ ਦੇ ਭੇਦਾਂ ਵਿਚ ਆਦਿ ਅੰਤ ਲਘੁ ਆਦਿ ਅੰਤ ਗੁਰੂ ਆਦਿਕ ਦੀ ਸੰਖਿਆ (ਗਿਣਤੀ) ਜਾਣੀ ਜਾਏ ਉਹ ਸੂਚੀ ਹੈ ।

ਦੇਖੋ ਕੋਠਾ ੩ ਵਰਣ ਦੀ ਸੂਚੀ ਦਾ

| | | | |
|---|---|---|---|
| | ਆਦਿ ਅੰਤ ਲਘੁ | ਆਦਿ ਲਘੁ ਅੰਤ ਲਘੁ | |
| ੩ ਵਰਣ ਦੀ ਸੂਚੀ | ੨ | ੪ | ੮ ਸੂਬ ਸੰਖਜ਼ਾ |
| | ਆਦਿ ਅੰਤ ਗੁਰੂ | ਆਦਿ ਗੁਰੂ ਅੰਤ ਗੁਰੂ | |

[ਰੀਤੀ]

ਇਹਦੇ ਵਿਚ ਇਉਂ ਕੀਤਾ, ਤਿੰਨ ਲੰਮੇ ਕੋਠੇ *ਬਣਾਕੇ ਉਹਨਾਂ ਵਿਚ ੨-੪-੮ ਅੰਗ ਲਿਖੇ, ਫਿਰ ਇਹਨਾਂ ਤੋਂ ਇਹ ਮਲੂਮ ਕੀਤਾ ਕਿ ਪਿਛਲੇ ਕੋਠੇ ਦੇ ਅੰਗ ਤਾਂ ੩ ਦੀ ਬ੍ਰਿਤ ਸੰਖਿਆ ਹੈ ਉਹ ਤੇ ਖੱਬੇ ਕੋਠੇ ਦੇ ਅੰਗ ਜਿੰਨੇ ਭੇਦਾਂ ਦੇ ਆਦਿ ਅਤੇ ਅੰਤ ਲਘੁ ਹੈਨ ਐਨਿਆਂ ਦੇ ਹੀ ਆਦਿ ਅਤੇ ਅੰਤ ਗੁਰੂ ਹੈ, ਉਹ ਤੇ ਖੱਬੇ ਕੋਠੇ ਦੇ ਅੰਗ ਜਿੰਨੇ ਭੇਦਾਂ (੨) ਦੇ ਆਦਿ ਅੰਤ ਲਘੁ ਹੈ, ਅਤੇ ਓਨਿਆਂ ਦੇ ਹੀ ਆਦੰਤ ਗੁਰੂ ਹੈ । ਦੇਖੋ ਪ੍ਰਸਤਾਰ ਵਿਚੋਂ ।

| | |
|---|---|
| ੧ | SSS |
| ੨ | ISS |
| ੩ | SIS |
| ੪ | IIS |
| ੫ | SSI |
| ੬ | ISI |
| ੭ | SII |
| ੮ | III |

॥ਇਤੀ ਵਰਣ ਸੂਚੀ ॥

## ੪ ਵਰਣ ਪਾਤਾਲ ਵਰਨਣ ਲੱਛਣ ।

ਗਦਯ – ਹਰੇਕ ਵਰਣ ਬ੍ਰਿਤ ਦੀ ਸੰਪੂਰਣ ਸੰਖਿਆ ਭੇਦਾਂ ਵਿਚ ਲਘੁ ਆਦਿ ਲਘੁ ਅੰਤ ਗੁਰੂ ਆਦਿ ਗੁਰੂ ਅੰਤ ਸਰਬ ਗੁਰੂ ਸਰਬ ਕਲਾ ਦਾ ਗਿਆਨ, ਜਿਸ ਤੋਂ ਹੋਵੇ ਉਹ ਵਰਣ ਪਾਤਾਲ ਹੈ ।

[ਰੀਤੀ] ਦੋਹਿਰਾ

ਆਦਿ ਵਰਣ ਫਿਰ ਭੇਦ ਲਿਖ ਅਧਕੜ ਤੀਜੀ ਪਾਲ ।
ਪਹਿਲੀ ਤੀਜੀ ਗੁਣ ਕਰੋ ਚੌਥੀ ਪਾਲ ਪਾਤਾਲ ॥ ੧੫ ॥

* ੩ ਵਰਣ ਦੀ ਸੂਚੀ ਬਣੌਣ ਲਈ ਨਿਯਮਾਂ ਅਨੁਸਾਰ ੮ ਤੱਕ ਅੰਗ ਲਿਖੇ ।

Sri Satguru Jagjit Singh Ji eLibrary NamdhariElibrary@gmail.com

[ਦੇਖੋ ਬੰਨਗੀ ੫ ਵਰਣ ਦਾ ਪਾਤਾਲ]

| | | | | | |
|---|---|---|---|---|---|
| ੧ | ੨ | ੩ | ੪ | ੫ | ਵਰਣ ਸੰਖਿਆ |
| ੨ | ੪ | ੮ | ੧੬ | ੩੨ | ਬ੍ਰਿਤ ਸੰਖਿਆ |
| ੧ | ੨ | ੪ | ੮ | ੧੬ | ਲਘੂ ਆਦਿ ਲਘੂ ਅੰਤ<br>ਗੁਰੂ ਆਦਿ ਗੁਰੂ ਅੰਤ |
| ੧ | ੪ | ੧੨ | ੩੨ | ੮੦ | ਸਰਬ ਲਘੂ<br>ਸਰਬ ਗੁਰੂ |

ਇਹਦੇ ਵਿਚ ਪਹਿਲੀ ਪਾਲ ਵਿਚ ਵਰਣ, ਦੂਜੀ ਵਿਚ ਬ੍ਰਿਤ ਸੰਖਿਆ, ਤੀਜੀ ਵਿਚ ਏਦੂੰ ਅਧਕੜੀ ਅੰਗ, ਚੌਥੀ ਵਿਚ ਪਹਿਲੀ ਅਤੇ ਤੀਜੀ ਪਾਲ ਦੇ ਅੰਗ ਗੁਣ ਗੁਣ ਕੇ ੧-੪-੧੨-੩੨-੮੦ ਲਿਖੇ। ਇਹਨਾਂ ਪਾਲਾਂ ਤੋਂ ਉਹਨਾਂ ਦਾ ਫਲ ਜਾਣੋਂ ਜੋ ਛੇਕੜਲੇ ਕੋਠਿਆਂ ਵਿਚ ਅੰਗਾਂ ਤੋਂ ਪਰੇ ਲਿਖਿਆ ਗਿਆ ਹੈ।

॥ਇਤੀ॥

## (੫) ਵਰਣ ਉਦਿਸ਼ਟ ਸਿੱਧਾ ਵਰਣਨ ਲੱਛਣ

ਗਦਯ – ਜਿਸ ਦ੍ਵਾਰਾ ਇਹ ਪਤਾ ਲੱਗੇ ਕਿ ਆਹ ਰੂਪ 'ਵਰਣ ਪ੍ਰਸਤਾਰ' ਵਿਚ ਫਲਾਨਾ ਹੈ ਉਹ ਵਰਣ ਉਦਿਸ਼ਟ ਕਹਾਉਂਦਾ ਹੈ।

[ਰੀਤੀ] ਦੋਹਿਰਾ

ਪ੍ਰਸ਼ਨ ਭੇਦ ਦੇ ਸਿਰ ਧਰੋ ਸੂਚੀ ਦੇ ਅਰਧੰਗ।
ਲਘੁ ਸਿਰ ਅੰਗ ਨਯੋਗ ਵਿਚ ਜੋੜੋ '* ਉਦੰਗ' ॥ ੧੬ ॥

ਅਰਥ – ਦਿੱਤੇ ਹੋਏ ਭੇਦ ਦੇ ਉਤੇ ਸੂਚੀ ਦੇ ਅੱਧੇ ਅੰਗ ਸਣੇ ੨ ਲਿਖੋ, ਫਿਰ ਲਘੂ ਦੇ ਸਿਖਰ ਅੰਗਾਂ ਨੂੰ ਜੋੜ ਕੇ ੧ ਹੋਰ ਜੋੜੋ ਉਹ ਅੰਗ ਪ੍ਰਗਟ ਹੋ ਜਾਊਗਾ।

| | | | | | |
|---|---|---|---|---|---|
| ੪<br>ਵਰਣ | ੧ ੨ ੪ ੮<br>S । S S | ਉਤ੍ਰ | ੫<br>ਵਰਣ | ੧ ੨ ੪ ੮ ੧੬<br>। । S । S | ਉਤ੍ਰ |
| | = ੨ + ੧ = | ੩<br>ਤੀਜਾ | | = ੧+੨+੮+੧ = | ੧੨ਵਾਂ |

* ਅੰਗ ਉਦਯ ਹੋਊਗਾ।

ਇਹਦੇ ਵਿਚ ੪ ਵਰਣ 'S ।SS' ਇਸ ਰੂਪ ਦਾ ਉਦਿਸ਼ਟ ਇਉਂ ਕਢਿਆ :-

ਇਸ ਦੇ ਉਤੇ ਸੂਚੀ ਦੇ ਅੱਧੇ ਅੰਗ ੧-੨-੪-੮ ਸਣੇਂ ਹਰੇਕ ਵਰਣ ਉਤੇ ਲਾਏ ਤਾਂ ਲਘੁ ਦੇ ਸਿਰ ਇਕੋ ਹੀ ਅੰਗ ਜੋ ੨ ਹੈ ਉਹਦੇ ਵਿਚ ੧ ਜੋੜਿਆ ਤਾਂ ੩ ਹੋਏ ਸੋ ਇਹ ਤੀਜਾ ਰੂਪ ਹੈ । ਇਸੇ ਤਰ੍ਹਾਂ ੫ ਵਰਣਾਂ ਦਾ '।।S।S' ਆਹ ਰੂਪ ਲਿਖ ਕੇ ਸੂਚੀ ਦੇ ਅੱਧੇ ਅੰਗ ਲਿਖ ਕੇ ਲਘੁ ਦੇ ਸਿਖਰ ਅੰਗ (੧,੨,੮) ਵਿਚ ੧ ਜੋੜ ਕੇ ੧੨ਵਾਂ ਰੂਪ ਨਿਸਚੈ ਕੀਤਾ ।

੨ ਦੂਜੀ ਰੀਤੀ

ਆਦਿ ਜਿਵੇਂ ਅਧ ਭੇਦ ਲਿਖ ਗੁਰ ਸਿਰ ਅੰਗਾਂ ਜੋੜ ।
ਸਭ ਸੰਖਯਾ 'ਚੋਂ ਕੱਟਕੇ ਵਰਣੋ ਦਿਸ਼ਟ ਨਿਚੋਣ ॥ ੧੭ ॥

[ਦੇਖੋ ਵੰਨਗੀ ੫ ਤੇ ੬ ਵਰਣਾਂ ਦੇ ਰੂਪਾਂ ਦੀ]

ਏਸ ਕੋਠੇ ਵਿਚ ੫ ਵਰਣ ਦੇ 'S । S । S' ਐਸ ਰੂਪ ਦਾ ਉਦਿਸ਼ਟ ਐਉਂ ਕੱਢਿਆ ਕਿ ਰੂਪ ਲਿਖ ਕੇ ਉਹਨਾਂ ਦੇ ਸਿਰ ਤੇ ਅੱਗੇ ਵਾਂਗ ੧-੨-੪-੮-੧੬ (ਸੂਚੀ ਦੇ ਅਧ ਅੰਗ) ਲਿਖ ਕੇ ਗੁਰੂਆਂ ਦੇ ਸਿਰਾਂ ਦੇ ਅੰਗ ੧-੪-੧੬ ਨੂੰ ਜੋੜ ਕੇ ੫ ਵਰਣ ਦੀ ਬ੍ਰਿਤ ਸੰਖਿਆ '੩੨' ਵਿਚੋਂ ਘਟਾਯਾ ਤਾਂ (੩੨-੨੧=) ੧੧ਵਾਂ ਰੂਪ ਸਿੱਧ ਹੋਇਆ, ਏਵੇਂ ਹੀ ੬ ਵਰਣ ਦਾ ਜਾਣੋਂ ।

| | | | | | |
|---|---|---|---|---|---|
| ੫ ਵਰਣ | ੧ ੨ ੪ ੮ ੧੬<br>S । S । S | ਉਤ੍ਰ | ੬ ਵਰਣ | ੧ ੨ ੪ ੮ ੧੬ ੩੨<br>S । S S । । | ਉਤ੍ਰ |
| | ੧+੪+੧੬=੨੧<br>= ੫ ਦੀ ਸੰਖਿਆ<br>੩੨-੨੧ = | ੧੧ | | ੧+੪+੮=੧੩<br>੬੪(੬ਵਰਣ ਦੀ<br>ਸੰਖਿਆ)-੧੩ = | ੫੧ |

[ਤੀਜੀ ਰੀਤੀ] ਕਾਲਿਕਾ ਛੰਦ

ਸਾਜ ਰੂਪ ਹੋਇ ਐਸ ਭਾਂਤ ਅੰਗ ਧਾਰੀਯੇ ।
ਅੰਤਲੇ ਲਘੁ ਦੁਅੰਗ ਦੂਣ ਫੇਰ ਡਾਰੀਯੇ ।
ਹੋ * ਲਘੁ ਉਰੇ ਗੁਰੂ ਦੂਣਾਇ ਇਕ ਕੱਟ ਲੈ ।
ਅੰਤ ਅੰਗ ਖਾਇ ਜੋ ਉਦਿਸ਼ਟ ਉਤ੍ਰ ਖੱਟ ਲੈ ॥੧੮॥

---

* ਜੇ ਲਘੁ ਤੋਂ ਉਰੇ ਗੁਰੂ ਹੋਵੇ ।

Sri Satguru Jagjit Singh Ji eLibrary NamdhariElibrary@gmail.com

ਦੇਖੋ ਕੋਠੇ ਵਿਚ ੪-੫-੬ ਵਰਣਾਂ ਦੇ ਰੂਪਾਂ ਦੀ ਵੰਨਗੀ

| | | |
|---|---|---|
| ੪ | ੧੧ ੬ ੩ ੨ | ਉਤ੍ਰ |
| ਵਰਣ | S ।S । | ੧੧ਵਾਂ |
| ੫ | ੫ ੩ ੨ | |
| ਵਰਣ | S S । S S = | ੫ਵਾਂ |
| ੬ | ੪੬, ੨੩,੧੨, ੬, ੩, ੨ | ੪੬ਵਾਂ |
| ਵਰਣ | । S । । S । | |

੪ ਵਰਣ ਦੇ 'S।S।' ਐਸ ਰੂਪ ਦੀ ਸੰਖਿਆ ਐਉਂ ਮਲੂਮ ਕੀਤੀ, ਕਿ ਪਹਿਲੇ ਭੇਦ ਲਿਖੇ ਫੇਰ ਅੰਤ ਵੱਲੋਂ ਜੋ ਲਘੁ ਹੈ ਉਹਦੇ ਸਿਰ ੨ ਦਾ ਅੰਕ ਲਿਖ ਕੇ ਉਰਲੇ ਗੁਰੂ ਦੇ ਉਤੇ (੨×੨-੧) ੩ ਲਿਖਿਆ, ਫੇਰ ੩ ਨੂੰ ਦੂਣਾ ਕਰਕੇ (੬) ਉਰਲੇ ਲਘੁ ਸਿਰ ਲਿਖਿਆ, ਫੇਰ ੬ ਨੂੰ ਦੂਣਾ ਕਰਕੇ ਤੇ ਇਕ ਘਟਾ ਕੇ ਉਰਲੇ ਗੁਰੂ ਉਤੇ ੧੧ ਲਿਖੇ, ਏਹ ਛੇਕੜਲਾ ਹੀ ਅੰਗ ਹੈ, ਇਹੀ ਉੱਤਰ ਹੈ । ੫ ਵਰਣ ਦੇ 'SS।SS' ਇਸ ਰੂਪ ਵਿਚ 'ਲਘੁ' ਅੰਤ ਵਲੋਂ ਤੀਜੇ ਥਾਉਂ ਹੈ ਇਹਦੇ ਉਤੋਂ ਹੀ ਕ੍ਰਿਆ ਆਰੰਭ ਕੀਤੀ ਅਰਥਾਤ ੨ ਲਿਖੇ, ਫੇਰ ੩ ਨੂੰ ਦੂਣਾ ਕਰਕੇ ੧ ਘਟਾ ਕੇ ਉਰਲੇ ਗੁਰੂ ਦੇ ਸਿਰ ੫ ਲਿਖੇ, ਏਹੀ ਛੇਕੜਲਾ ਅੰਗ ਹੈ, ਸੋ ਉਤਰ ਹੈ । ਏਵੇਂ ਹੀ ਹੋਰ ਜਾਣੋਂ ।

[ਪੁੱਠ ਥਾਨ ਉਦਿੱਸ਼ਟ ਕਰਨ ਦਾ ਢੰਗ] ਦੋਹਿਰਾ

ਅੱਧ ਭੇਦ ਪੁੱਠ, ਪ੍ਰਸ਼ਨ, ਤੇ, ਲਘੁ ਸਿਖਰਲੇ ਜੋੜ ।
ਜੋੜ ਇੱਕ ਫਿਰ ਉਲਟ ਥਲ ਉਤ੍ਰ ਉਦਿਸ਼ਟ ਨਿਚੋੜ ॥੧੯॥

ਦੇਖੋ ਵੰਨਗੀ ੪-੫ ਵਰਣ ਦੇ ਭੇਦਾਂ ਦੀ :-

| | | |
|---|---|---|
| ੪ | ੮ ੪ ੨ ੧ | ਉੱਤ੍ਰ |
| ਵਰਣ | । । S । =੧+੪+੮+੧= | ੧੪ਵਾਂ |
| ੫ | ੧੬ ੮ ੪ ੨ ੧ | ਉੱਤ੍ਰ |
| ਵਰਣ | । । S S । =੧+੮+੧੬+੧= | ੨੬ਵਾਂ |

ਏਸਦੇ ੪ ਵਰਣ ਦੇ ਰੂਪ ਦੀ ਸੰਖਿਆ ਇਉਂ ਕੱਢੀ ਕਿ ਭੇਦ ਦੇ ਉਤੇ ਨਾਲੋਂ ਅੱਧ ਅੰਗ ਪੁੱਠੇ ਲਾ ਕੇ '੮੪੨੧'

॥S। ਇਹ ਰੂਪ ਬਣਾਇਆ, ਇਹਦੇ ਵਿਚ ਲਘੂਆਂ ਦੇ ਸਿਖਰ ੧-੪-੮ ਹਨ, ਇਹਨਾ ਨੂੰ ਜੋੜ ਕੇ ਆਪਣੀ ਵਲੋਂ ੧ ਜੋੜਿਆ ਤਾਂ ੧੪ ਹੋਏ ਸੋ ੧੪ਵਾਂ ਹੈ। ਇਵੇਂ ਹੀ ਹੋਰ ਜਾਣੋਂ।

[ਪੁੱਠ ਗੇਣੋਂ ਦ੍ਰਿਸ਼ਟ ਕਰਨ ਰੀਤੀ] ਦੋਹਿਰਾ

ਅੱਧ ਭੇਦ ਲਿਖ ਪ੍ਰਸ਼ਨ ਤੇ ਗੁਰੂ ਸਿਖਰਲੇ ਜੋੜ।
ਜੋੜ ਇੱਕ ਪੁਠ ਗਿਣਨ ਸੋਂ ਉਤ੍ਰ ਉਦਿਸ਼ਟ ਨਿਚੋੜ ॥੨੦॥

ਦੇਖੋ ਬੰਨਗੀ ੪-੫ ਵਰਣ ਦੀ

| | | |
|---|---|---|
| ੪<br>ਵਰਣ | ੧ ੨ ੪ ੮<br>। S S S = ੮+੪+੨+੧ = | ਉਤ੍ਰ<br>੧੫ਵਾਂ |
| ੫<br>ਵਰਣ | ੧੨੪੮੧੬<br>। S । S S = ੧੬+੮+੨+੧ = | ੨੭ਵਾਂ |

'੧੨੪੮'

ਚਾਰ ਵਰਣ ਦੇ ਲਈ ।SSS ਆਹ ਰੂਪ ਬਣਾ ਕੇ ਗੁਰੂਆ ਦੇ ਸਿਖਰ ੮-੪-੨ ਜੋੜਕੇ ੧ ਆਪਣੀ ਵਲੋਂ ਜੋੜਿਆ = '।SSS' ਇਹ ਰੂਪ ੧੫ ਹੋਇਆ, ਇਵੇਂ ਹੀ ੫ ਵਰਣਾ ਦਾ '।S।SS' ਇਹ ਰੂਪ ਇਸ ਤਰ੍ਹਾਂ ਬੁੱਝਿਆ ਕਿ

'੧੨ ੪੮ ੧੬'

ਸੁਚੀ ਦੇ ਅੱਧ ਅੰਗ ਲਾ ਕੇ । S । S S ਇਹ ਰੂਪ ਬਣਾਇਆ ਤਾਂ ਗੁਰੂ ਦੇ ਸਿਖਰਲੇ ੧੬-੮-੨ ਜੋੜਕੇ ੧ ਵਿੱਚ ਜੋੜਿਆ ਤਾਂ ੨੭ ਵਾਂ ਰੂਪ ਸਿੱਧ ਹੋਇਆ।

[ਦੂਹਰਾ ਪੁੱਠਾ ਉਦਿਸ਼ਟ, ਰੀਤੀ] ਦੋਹਿਰਾ

ਪ੍ਰਸ਼ਨ ਰੂਪ ਤੇ ਅੰਗ ਅਧ ਪੁੱਠੇ ਗੁਰ ਸਿਰ ਜੋੜ।
ਜੋੜ ਇਕ ਫਿਰ ਦੂਹਰਾ ਪੁੱਠੋਦਿਸ਼ਟ ਨਿਚੋੜ ॥ ੨੧ ॥

Sri Satguru Jagjit Singh Ji eLibrary NamdhariElibrary@gmail.com

ਦੇਖੋ ਬੰਨਗੀ ੪ ਵਰਣ ਦੇ 'SS।S' ਇਸ ਰੂਪ ਦੀ :-

| | | |
|---|---|---|
| ੪<br>ਵਰਣ | ੮. ੪. ੨. ੧<br>S S । S = ੧+੪+੮+੧ = | ਉਤ੍ਰ<br>੧੪ ਵਾਂ |

ਇਹਦੇ ਪਿਛਲੇ ਪਾਸਿਓਂ ਸੂਚੀ ਦੇ ਅੱਧੇ ਅੰਗ ਲਿਖਕੇ ਗੁਰੂਆਂ ਦੇ ਸਿਖਰਲੇ ੧+੪+੮ ਜੋੜਕੇ ੧ ਆਪਣੇ ਕੋਲੋਂ ਜੋੜਿਆ ਤਾਂ ੧੪ਵਾਂ ਰੂਪ ਕੱਢਿਆ।

(੬) ਵਰਣ ਨਸ਼ਟ ਵਰਣਨ। ਲੱਛਣ

ਗੱਦਯ - ਜਿਸ ਨਾਲ ਇਹ ਮਲੂਮ ਹੋਵੇ ਕਿ ਵਰਣ ਪ੍ਰਸਤਾਰ ਵਿੱਚ ਫਲਾਣੀ ਗਿਣਤੀ (ਪਵੀ ੬ਵੀਂ) ਦਾ ਰੂਪ ਇਹ ਹੈ ਉਸਨੂੰ ਨਸ਼ਟ ਕਹਿੰਦੇ ਹਨ।

ਸਿੱਧੀ ਰੀਤੀ। ਕੁੰਡਲੀਆ

ਧਰੀਏ ਲਘੁ ਵਿਚਾਰ ਸਭ ਇੱਛਤ ਵਰਣ ਸਮਾਨ।
ਸਿਰ ਸੂਚੀ ਅਧ ਅੰਗ ਫਿਰ, ਫਾਡੀ ਦੂਣੇ ਠਾਨ।
ਫਾਡੀ ਦੂਣੇ ਠਾਨ ਓਸ 'ਚੋਂ ਪ੍ਰਸ਼ਨ ਘਟਾਵੇ।
ਪਿੱਛੇ ਰਹੇ ਜੁ ਅੰਗ ਲਘੁ ਸਿਖਰੰਗ ਸਮਾਵੇ।
ਉਨ੍ਹਾਂ ਹੇਠਲੀ ਮੱਤ ਸਰਬ ਨੂੰ ਦੀਰਘ ਕਰੀਏ।
ਵਰਣ ਨਸ਼ਟ ਜੋ ਪ੍ਰਸ਼ਨ ਸੁ ਲਿਖ ਉੱਤਰ ਧਰੀਏ॥ ੨੨॥

ਦੇਖੋ ਵੰਨਗੀ ੫ ਵਰਣਾਂ ਦੇ ੮ਵੇਂ ਰੂਪ ਦੀ :-

| | |
|---|---|
| | ੧.੨.੪.੮.੧੬ = ੧੬×੨=੩੨ |
| ੫ | । । । । । = ੩੨-੮=੨੪='।।।SS' ਉਤ੍ਰ |
| ਵਰਣ | SS = ੨੪ ਜੋੜ ਹੈ ੮ ਤੇ ੧੬ ਦਾ |

ਇਹਦੇ ਵਿੱਚ ੫ ਲਘੁ ਪਹਿਲੇ ਰੱਖ ਕੇ ਉਸਦੇ ਉੱਤੇ ਸੂਚੀ ਦੇ ਅੱਧੇ ਅੰਗ ਲਿਖੇ ਤਾਂ ਛੇਕੜਲਾ ਅੰਗ ੧੬ ਹੈ, ਇਹਨੂੰ ਦੂਣਾ ਕਰਕੇ (੩੨) ਵਿਚੋਂ ਪ੍ਰਸ਼ਨ ਅੰਗ (੮) ਘਟਾਇਆ ਤਾਂ ਪਿੱਛੇ ੨੪ ਰਹੇ, ਹੁਣ ਦੇਖਿਆ ਕਿ '੨੪ ਅੰਗ' ਲਘੂਆਂ ਦੇ ਸਿਖਰਲੇ ਕੇਹੜੇ ਕੇਹੜੇ ਅੰਗਾਂ ਦਾ ਠੀਕ ਜੋੜ ਹੈ ? ਤਾਂ ਪਤਾ ਲੱਗਾ ਕਿ ਠੀਕ ਜੋੜ ੮ ਅਤੇ ੧੬ ਅੰਗ ਦਾ ਹੀ ਹੈ। ਸੋ ੮ ਅਤੇ ੧੬ ਦੇ ਹੇਠਲੇ ਵਰਣਾਂ ਨੂੰ ਦੀਰਘ ਕਰਿਆ ਤਾਂ '।।।SS' ਇਹ ਰੂਪ ੮ ਵਾਂ ਸਿੱਧ ਹੋਇਆ।

## ਦੂਜੀ ਰੀਤੀ, ਦਵੈਯਾ

ਜਿਤਨੇ ਵਰਣਾਂ ਦਾ ਜੋ ਰੂਪ ਚਹੇ ਲਘੁ ਉਤਨੇ ਲਾਵੇ ।
ਅਧੇ ਸੁਚੀ ਲਾ ਕੇ ਪੂਰਨ, ਅੰਗੋਂ ਪ੍ਰਸ਼ਨ ਘਟਾਵੇ ।
ਬਚਦੇ ਤੋਂ ਜੋ ਖੱਬੇ ਘਟਦੇ, ਕ੍ਰਮ ਤੇ ਸਭੇ ਘਟਾਲੇ ।
ਘਟਦੇ ਅੰਗ ਤਲੇ ਗੁਰ ਕਰਦੇ, ਐਸੇ ਨਸ਼ਟ ਸੁਖਾਲੇ ॥ ੨੩ ॥

ਦੇਖੋ ਵੰਨਗੀ ੫ ਵਰਣ ਦੇ ੬ ਵੇਂ ਰੂਪ ਦੀ :-

| | | |
|---|---|---|
| ੫ | ੧.੨.੪.੮.੧੬ | |
| ਵਰਣ | । । । । । | ਉਤ੍ਰ |
| ਦਾ | S SS = ੩੨-੬=੨੬ | |
| ਛੇਵਾਂ | = ੨੬-੧੬=੧੦, ੧੦-੮=੨, ੨-੨=੦= | ।S।SS |

ਇਹਦੇ ਵਿਚ ਵਰਣਾਂ ਜਿੰਨੀਆਂ ਲਘੁ ਰੇਖਾਂ ਲਿਖਕੇ ਉਤੇ ਸੂਚੀ ਦੇ ਅੱਧੇ ਅੰਗ ਲਾ ਕੇ ਛੇਕੜਲੇ ਅੰਗ '੩੨' ਵਿਚੋਂ ਪ੍ਰਸ਼ਨਾਂਗ '੬' ਘਟਾਏ ਤਾਂ ੨੬ ਰਹੇ ਫੇਰ, ੨੬ ਵਿਚੋਂ ੧੬ ਘਟਾਏ ਤਾਂ ੧੦ ਰਹੇ, ਇਨ੍ਹਾਂ (੧੬) ਦੇ ਹੇਠਲੇ ਨੂੰ ਦੀਰਘ ਕੀਤਾ, ਫੇਰ ੧੦ ਵਿਚੋਂ ੮ ਘਟਾਏ ਤਾਂ ੨ ਰਹੇ, ੮ ਦੇ ਹੇਠਲੇ ਨੂੰ ਦੀਰਘ ਕੀਤਾ, ਫੇਰ ੨ ਵਿਚੋਂ ੨ ਘਟਾ ਕੇ ਉਹਦੇ ਹੇਠਲਾ ਦੀਰਘ ਕਰ ਦਿੱਤਾ ਤਾਂ '।S।SS' ਇਹ ਰੂਪ ਸਿੱਧ ਹੋਯਾ ।

## ਤੀਜੀ ਨਸ਼ਟ ਰੀਤੀ (ਦੋਹਿਰਾ)

* ਅੱਧ ਚੁਬਾਯਾ ਅੱਠਵਾਂ ਸੋਲ੍ਹ ਬਤੀਹਾ ਆਦਿ ।
ਸਭ ਦੇ ਟੌਂਕ ਰੁ ਜਿਸਤ ਹੈ ਗੁਰੂ ਲਘੁ ** ਮਰਯਾਦਿ ॥ ੨੪ ॥

ਅਰਥ – ਵਰਣ ਪ੍ਰਸਤਾਰ ਵਿੱਚ ਅੰਤਮ ਸਥਾਨ ਅੱਧਕੜਾਂਸ, ਉਸਤੋਂ ਉਰਲਾ ਚੌਥਾਇਆ, ਉਸਤੋਂ ਖੱਬਾ ਅੱਠਵਾਂ, ਉਸਤੋਂ ਉਰਲੇ ਸੋਲ੍ਹੇ ਤੇ ਬੱਤੀਏ ਆਦਿਕ ਕਹਾਉਂਦੇ ਹਨ । ਸੋ ਜਿਸ ਵਰਣ ਦਾ ਜੇਹੜਾ ਰੂਪ ਲੱਭਣਾ ਹੋਵੇ ਉਸਦੇ ਭੇਦ ਗਿਣਕੇ ਓਹਨਾਂ ਭੇਦਾਂ ਦੇ ਪਹਿਲਾਂ ਦੋ ਹਿੱਸੇ ਕਰੇ, 'ਪਹਿਲਾ' ਅੱਧਾ ਹਿੱਸਾ ਟੌਂਕ ਅਤੇ 'ਦੂਜਾ' ਜਿਸਤ

---

* ਇਸ ਮੁਰਤ ਦੀ ਸ਼ੈਲੀ ਵੀ ਨਵੀਨ ਹੈ ।

** ਛੰਦ ਦੀ ਚਾਲ ਵਾਸਤੇ ਰ ਨੂੰ ਅਲੱਗ ਪੜਿਆ ਹੈ ।

Sri Satguru Jagjit Singh Ji eLibrary NamdhariElibrary@gmail.com

ਕਹਾਊਗਾ, ਫੇਰ ਉਨ੍ਹਾਂ ਦੀਆਂ ਚੁਥਾਈਆਂ ਕਰੇ, ਏਹ ਭੀ ਟੌਂਕ ਅਤੇ ਜਿਸਤ ਕਹਾਉਣਗੀਆਂ, ਅਰਥਾਤ ਪਹਿਲੀ ਟੌਂਕ, ਦੂਜੀ ਜਿਸਤ ਤੀਜੀ ਟੌਂਕ ਚੌਥੀ ਜਿਸਤ ਆਦਿਕ। ਫੇਰ ੮ ਹਿੱਸੇ ਕਰਕੇ ਏਵੇਂ ਹੀ ਟੌਂਕ ਅਤੇ ਜਿਸਤ ਭੇਦ ਜਾਣੇ, ਫੇਰ ਪ੍ਰਸ਼ਨ ਸੰਖਿਆ ਜੇ ਟੌਂਕ ਅਧਕੜ ਵਿੱਚ ਹੈ ਤਾਂ ਅੰਤ ਗੁਰੂ ਲਾਓ, ਜੇ ਜਿਸਤ ਵਿੱਚ ਹੈ ਤਾਂ ਲਘੁ ਲਾਓ,ਫੇਰ ਦੇਖੋ ਕਿ ਪ੍ਰਸ਼ਨ ਸੰਖਿਆ ਕੇਹੜੀ ਚੌਥਾਈ ਵਿੱਚ ਹੈ ? ਜੇ ਟੌਂਕ ਵਿਚ ਹੈ ਤਾਂ ਅੰਤਲੇ ਤੋਂ ਉਰਲਾ ਅੱਖਰ ਗੁਰੂ ਕਰੋ, ਜੇ ਜਿਸਤ ਵਿੱਚ ਹੈ ਤਾਂ ਲਘੁ ਲਿਖੋ, ਇਵੇਂ ਹੀ ੮ ਵੇਂ ਅਤੇ ੧੬ ਆਦਿਕਾਂ ਦੇ ਭੇਦ ਨਾਲ ਜਿੰਨੇ ਵਰਣ ਹੋਣ ਓਹਨਾਂ ਦੇ ਰੂਪ ਲਾਓ।

ਕਿਸੇ ਨੇ ਪੁੱਛਿਆ ਕਿ ੪ ਵਰਣਾ ਦਾ ੧੧ਵਾਂ ਰੂਪ ਕਿਹੜਾ ਹੈ ? ਤਾਂ ਉਤਰ ਇਉਂ ਦਿੱਤਾ ਕਿ '੧੧' ਚਾਰ ਵਰਣਾ ਦੇ ੧੬ ਰੂਪਾਂ ਦੇ ਦੂਜੀ ਅਧਕੜੀ ਵਿਚ ਹਨ, ਇਸ ਕਰਕੇ ਇਹਦਾ ਛੇਕੜਲਾ ਵਰਣ ਲਘੁ (।) ਲਾਇਆ, ਫੇਰ ਸੋਚਿਆ ਕਿ ਚੌਥਾਈਆਂ ਵਿਚੋਂ ਤੀਜੀ ਵਿਚ ੧੧ ਹੈ, ਸੋ ਚੌਥਾਈ ਟੌਂਕ ਹੈ ਤਾਂ ਗੁਰੂ (*S*) ਦੂਜਾ ਵਰਣ ਲਿਖਿਆ, ਫੇਰ ਤੀਜਾ ਵਰਣ ਬਣੌਣ ਲਈ ਦੇਖਿਆ ਕਿ ੧੧ ਵਾਂ ਭੇਦ ੬ਵੇਂ (ਜਿਸਤ) ਜੋੜੇ ਵਿਚ ਹੈ ਤਾਂ ਉਹਦਾ ਲਘੁ (।) ਲਿਖਿਆ, ਫੇਰ ੧੧ ਸੰਖਿਆ ਟੌਂਕ ਸੋਲ੍ਹੇ ਵਿਚ ਹੋਣ ਕਰਕੇ ਚੌਥਾ ਵਰਣ ਗੁਰੂ ਲਿਖ ਕੇ '*S*।*S*।' ਇਹ ਰੂਪ ਦਸਿਆ।

[ਚੌਥੀ ਨਸ਼ਟ ਕਰਨ ਰੀਤੀ] ਕਬਿੱਤ

**ਟੌਂਕ ਭੇਦਾਂ ਆਦਿ 'ਗੁਰੂ' 'ਲਘੁ' ਜਾਣ ਜਿਸਤਾਂ ਦੇ ਪ੍ਰਸ਼ਨਾਂਨੁਸਾਰ ਰੱਖੋ ਮੀਰੀ ਥਾਂ ਵਿਚਾਰ ਅਰ ।**
**ਅੱਧ ਕਰੋ ਸੰਖਿਆਂ ਦੇ ਪ੍ਰਸ਼ਨ ਵਿਚਾਰ ਫੇਰ ਗੁਰੂ ਲਘੂ ਏਵੇਂ ਅੱਗੇ ਰੱਖੀਏ ਸਵਾਰ ਕਰ ।**
**ਸੰਖਿਆ ਜੇ ਟੌਂਕ ਹੋਵੇ ਅੱਧ ਨਹੀਂ ਹੋਇ ਸਕੇ ਏਕਾ ਜੋੜ ਕਾਰ ਕਰੋ ਸਮ ਰੂਪ ਧਾਰ ਕਰ ।**
**ਏਕਾ ਰਹੇ ਅੰਤ ਆਵੇ ਸੰਖਿਆ ਜੇ ਮੁੜ ਏਹੀ ਥੁੜੇ ਜੋੜ੍ਹਾ 'ਗੁਰੂ' ਲਿਖ ਨਸ਼ਟ ਤਿਆਰ ਕਰ ॥੨੫॥**

ਵੰਨਗੀ ੬ ਵਰਣ ਦੇ ੧੧ਵੇਂ ਤੇ ੨੫ਵੇਂ ਰੂਪ ਦੀ :-

ਸੂਚਨਾ – ੬ ਵਰਣਾਂ ਦਾ ੧੧ਵਾਂ ਰੂਪ ਇਉਂ ਕੱਢਿਆ ਕਿ ੧੧ (ਪ੍ਰਸ਼ਨ ਸੰਖਿਆ) ਟੌਂਕ ਹੋਣ ਕਰਕੇ ਆਦਿ ਅੱਖਰ ਗੁਰੂ (*S*) ਰਖਿਆ, ਫੇਰ ੧੧ ਵਿਚ (ਟੌਂਕ ਹੋਣ ਕਰਕੇ) ੧ ਜੋੜ ਕੇ ੨ ਉਤੇ ਵੰਡਿਆ ਤ੍ਹਾਂ ੬ ਆਏ, ਸੋ ਇਹ ਜਿਸਤ ਹੋਣ ਕਰਕੇ ਇਨ੍ਹਾਂ ਦੇ ਹੇਠਾਂ ਲਘੁ ਰਖਿਆ। ਫੇਰ ੬ ਨੂੰ ੨ ਉਤੇ ਵੰਡਿਆ ਤਾਂ ੩ ਆਏ, ਇਹ ਟੌਂਕ ਹੋਣ ਕਰਕੇ ਇਨ੍ਹਾਂ ਹੇਠਾਂ ਗੁਰੂ ਰਖਿਆ, ਫੇਰ ਇਹਦੇ ਵਿਚ ੧ ਜੋੜ ਕੇ ੨ ਉਤੇ ਵੰਡਿਆ ਤਾਂ ੨ ਆਏ, ਇਸਦੇ ਹੇਠਾਂ (ਜਿਸਤ ਹੋਣ ਕਰਕੇ ਲਘੁ (।) ਰਖਿਆ। ਫੇਰ ੨ ਨੂੰ ੨ ਉਤੇ ਵੰਡਿਆ ੧ ਆਇਆ, ਇਸ ਦੇ ਹੇਠਾਂ ਗੁਰੂ (*S*) ਰਖਿਆ ਤਾਂ

| ੨ ਜਿਸਤ ਅਧਕਰ | | | | ੧ ਟੌਂਕ ਅਧਕਰ | | | | |
|---|---|---|---|---|---|---|---|---|
| ੪ ਜਿਸਤ ਚੌਥਾਈਆਂ | | ੩ ਟੌਂਕ ਚੌਥਾਈਆਂ | | ੨ ਜਿਸਤ ਚੌਥਾਈਆਂ | | ੧ ਟੌਂਕ ਚੌਥਾਈਆਂ | | |
| ੮ ਜਿਸਤ ੯ਵਾਂ | ੭ ਟੌਂਕ ੯ਵਾਂ | ੬ ਜਿਸਤ ੯ਵਾਂ | ੫ ਟੌਂਕ ੯ਵਾਂ | ੪ ਜਿਸਤ ੯ਵਾਂ | ੩ ਟੌਂਕ ੯ਵਾਂ | ੨ ਜਿਸਤ ੯ਵਾਂ | ੧ ਟੌਂਕ ੯ਵਾਂ | |
| ੧੬ : ੧੫ | ੧੪ : ੧੩ | ੧੨ : ੧੧ | ੧੦ : ੯ | ੮ : ੭ | ੬ : ੫ | ੪ : ੩ | ੨ : ੧ | ਸੋਲ੍ਹੇ |
| I : S | I : S | I : S | I : S | I : S | I : S | I : S | I : S | ਸੋਲ੍ਹਾਂਬਾਊ |
| I : I | S : S | I : I | S : S | I : I | S : S | I : I | S : S | ਅੱਠਵਾਂ |
| I : I | I : I | S : S | S : S | I : I | I : I | S : S | S : S | ਚੌਥਾਈਆਂ |
| I : I | I : I | I : I | I : I | S : S | S : S | S : S | S : S | ਅੱਧਕਰ |

੧+੧ ਜੋੜੀਏ ਤਾ ਮੁੜ ਮੁੜ ਓਹੀ ਕ੍ਰਿਆ ਹੋਊਗੀ, ਇਸ ਕਰਕੇ ਕ੍ਰਿਯਾ ਨੂੰ ਮੁਕਾ ਕੇ ਥੁੜਦੇ ੧ ਅੱਖਰ ਦਾ ਗੁਰੂ (S) ਹੀ ਕਰਕੇ ਲਿਖਿਆ ਤਾਂ 'SISISS' ਇਹ ਰੂਪ ਹੋਯਾ ਏਵੈ ਹੀ ੨੫ਵਾਂ ਜਾਣੋਂ ।

| | |
|---|---|
| ੧੧ ਵਾਂ (੧੧), ੧੧/੨ S + ੧ = (੬), ੬/੨ । = (੩), ੩/੨ S + ੧ = (੨), ੨/੨ । = (੧) S, ਥੁੜਦਾ S 'SISISS' ਉੱਤ੍ਰ | |
| ੨੫ ਵਾਂ (੨੫), ੨੫/੨ S + ੧ = (੧੩), ੧੩/੨ । + ੧ = (੭), ੭/੨ S + ੧ = (੪), ੪/੨ । = (੨), ੨/੨ । = (੧) S = 'SISIIS' ਉੱਤ੍ਰ | |

[ਵਰਣ ਪੁੱਠਥਾਉਂ ਨਸ਼ਟ ਰੀਤੀ] ਦੋਹਿਰਾ–

ਲਘੁ ਵਰਣ ਲਿਖ ਛੇਕੜੋਂ ਸੂਚੀ ਅੱਧ ਲਗਾਇ ।<br>
ਅੰਤ ਅੰਗ ਦੁਗਨਾਇ ਕੇ ਵਿਚੋਂ ਪ੍ਰਸ਼ਨ ਘਟਾਇ ॥ ੨੬ ॥

ਫੇਰ ਦੋਹਿਰਾ

ਘਟੇ ਅੰਗ 'ਚੋਂ ਘਟ ਸਕੇ ਜੋ ਜੋ ਸੂਚੀ ਅੰਗ ।<br>
ਗੁਰੂ ਕਰੋ ਮਤ ਹੇਠਲੀ ਥਲ ਪੁਠ ਨਸ਼ਟ ਪ੍ਰਸੰਗ ॥ ੨੭ ॥

(ਵੰਨਗੀ ਅਗਲੇ ਪੰਨੇ ਤੇ ਵੇਖੋ)

ਇਹਦੇ ੪ ਵਰਣ ਦਾ ਪਵਾਂ ਰੂਪ ਇਉਂ ਕੱਢਿਆ ਕਿ 'IIII' ਲਘੁ ਵਰਣ ਲਿਖੇ, ਪਿਛਲੇ ਪਾਸਿਓਂ ਸੂਚੀ ਨਾਲੋਂ ਅੱਧੇ ਅੰਗ ਲਾ ਕੇ ਅੰਤ (੮) ਨੂੰ ਦੁਗਨਾ ਕਰਕੇ ੫ (ਪ੍ਰਸ਼ਨਾਂਗ) ਘਟਾਏ ਤਾਂ ੧੧ ਆਏ, ਇਹਦੇ ਵਿਚੋਂ ਪਹਿਲਾਂ ਬੜਾ ਅੰਗ ੮ ਘਟਾਇਆਂ ੩ ਰਹੇ, ਇਹਨਾਂ ਵਿਚੋਂ ੨ ਘਟਾਏ ੧ ਰਿਹਾ, ਇਸ ਵਿਚੋਂ ੧ ਘਟਾਇਆ ਤਾ ਕੁਝ ਨਾ ਰਿਹਾ, ਇਹਨਾਂ ਘਟੇ ਹੋਏ ਅੰਗਾਂ (੮, ੨, ੧) ਦੇ ਹੇਠਲੇ ਵਰਣ ਗੁਰੂ ਕੀਤੇ ਤਾਂ ਪਵਾਂ 'SISS' ਇਹ ਰੂਪ ਬਣਿਆਂ । ਏਵੇਂ ਹੀ ੫ ਵਰਣ ਦਾ ਪਵਾਂ ਕਢਿਆ, ਇਹਦੇ ਵਿਚ ਅੰਤ ਅੰਗ ਸੋਲ੍ਹਾਂ ਨੂੰ ਦੂਣਾ ਕਰਕੇ ਉਹਦੇ ਵਿਚੋਂ ੫ ਘਟਾਏ, ੨੭ ਰਹੇ, ਏਹਨਾਂ ਵਿਚੋਂ ੧੩ ਘਟਾਏ ੧੧ ਰਹੇ, ਏਹਨਾਂ ਵਿਚੋਂ ੮ ਘਟਾਕੇ ੩ ਰਹੇ, ੩ ਵਿਚੋਂ ੨ ਘਟਾਏ ੧ ਰਿਹਾ, ੧ ਵਿਚੋਂ ੧ ਘਟਾਕੇ ਕ੍ਰਿਆ ਮੁਕਾਈ, ਏਹਨਾ ਅੰਗਾਂ (੧੬, ੮ ਆਦਿ) ਦੇ ਹੇਠਲੇ ਗੁਰੂ ਕਰ ਦਿੱਤੇ ਤਾਂ 'SSISS' ਇਹ ਰੂਪ ਸਿੱਧ ਹੋਇਆ ।

ਦੇਖੋ ਵੰਨਗੀ ੪-੫ ਵਰਣਾਂ ਦੇ ਪੰਜਵੇਂ ਭੇਦ ਦਾ ਪੁੱਠਥਲ ਵਰਣ ਨਸ਼ਟ –

| | |
|---|---|
| ੪ ਵਰਣ | ੮ ੪ ੨ ੧<br>। । । ।<br>੮×੨=੧੬-੫=੧੧-੮=੩-੨=੧-੧=0= SISS ਉਤ੍ਰ |
| ੫ ਵਰਣ | ੧੬ ੮ ੪ ੨ ੧<br>। । । । । =੧੬×੨=੩੨-੫=੨੭-੧੬= ੧੧-੮=੩<br>-੨ = ੧ - ੧ = 0 = SSISS |

[ਵਚਣ ਪੁੱਠ ਗਿਣਤੀ ਨਸ਼ਟ ਰੀਤੀ] ਦੋਹਿਰਾ

ਲਘੁ ਵਰਣ ਅਧ ਭੇਦ ਲਿਖ ਪ੍ਰਸ਼ਨੋਂ ਇੱਕ ਘਟਾਇ ।<br>
ਉਸ ਥੀਂ ਘਟੇ ਜੁ ਅੰਗ ਤਲ, ਵਰਣ ਗੁਰੂ ਹੋ ਜਾਏ ॥ ੨੮ ॥

ਵੰਨਗੀ ੪-੫ ਵਰਣਾਂ ਦੇ ੬ਵੇਂ ਭੇਦ ਦੀ :-

| | |
|---|---|
| ਚਾਰ ਵਰਣ | ੧ ੨ ੪ ੮<br>। । । ।=<br>੬-੧=੫-੪=੧,੧-੧=0= 'SISI' ਉਤ੍ਰ |
| ੫ ਵਰਣ | ੧ ੨ ੪ ੮ ੧੬<br>। । । । ।<br>੬-੧=੫-੪=੧,੧-੧=0= 'SISII' ਉਤ੍ਰ |

੪ ਵਰਣ ਦਾ ੬ਵਾਂ ਰੂਪ ਇਉਂ ਕੱਢਿਆ :- ਚਾਰ ਲਘੁ ਵਰਣ (।।।।) ਕਰਕੇ ਉਤੇ ਸੂਚੀ ਤੋਂ ਅੱਧੇ ਅੰਗ ਅੰਗ ਲਾ ਕੇ ਪ੍ਰਸ਼ਨਾਂਕ '੬' ਵਿਚੋਂ ੧ ਘਟਾਇਆ ੫ ਰਹੇ, ਇਹਦੇ ਵਿਚੋਂ ਪਹਿਲਾਂ ਅੰਗ ੪ ਘਟਾਇਆ ੧ ਰਿਹਾ, ਫੇਰ ੧ ਵਿਚੋਂ ੧ ਘਟਾ ਕੇ ਕੁਝ ਨਾ ਰਿਹਾ, ਏਹਨਾਂ (੪,੧) ਘਟੇ ਹੋਏ ਅੰਗਾਂ ਦੇ ਹੇਠਲੇ ਵਰਣ ਗੁਰੂ ਕੀਤੇ ਤਾਂ 'SISI' ਇਹ ਰੂਪ ਬਣਿਆਂ, ਏਵੇਂ ਹੀ ੫ ਵਰਣ ਦਾ ਜਾਣੋਂ ।

Sri Satguru Jagjit Singh Ji eLibrary NamdhariElibrary@gmail.com

[ਵਰਣ ਦੂਹਰਾ ਪੁੱਠਾ ਨਸ਼ਟ, ਰੀਤੀ]

ਰੂਪ ਚੌਪਈ

ਲਘੁ ਸਿਰ ਅਧ ਅੰਗ ਪੁੱਠੇ ਧਰੀਯੇ ।
ਇਕ ਘਟ ਪ੍ਰਸ਼ਨੋ ਅੰਗ ਰਿਣ ਕਰਯੇ ।
ਜਿਸ ਲਘੁ ਦਾ ਸਿਰ ਅੰਗ ਘਟਾਵੇ ।
ਗੁਰ ਕਰ ਦੂਹਰੀ ਨਸ਼ਟ ਸਜਾਵੇ ॥ ੨੮ ॥

ਦੇਖੋ ੪-੫ ਵਰਣ ਦੇ ੮ਵੇਂ ਰੂਪ ਦੀ ਵੰਨਗੀ :-

| | |
|---|---|
| ੪ ਵਰਣ | ੮ ੪ ੨ ੧<br>। । । =<br>੮-੧=੭, ੭-੪=੩, ੩-੨=੧, ੧-੧=0 '।SSS' ਉਤ੍ਰ |
| ੫ ਵਰਣ | ੧੬ ੮ ੪ ੨ ੧<br>। । । । । =<br>੮-੧=੭,੭-੪=੩,੩-੨=੧,੧-੧=0 '।SSS' ਉਤ੍ਰ |

੪ ਵਰਣ ਦਾ ੮ਵਾਂ ਰੂਪ ਇਉਂ ਕੱਢਿਆ ਕਿ ਲਘੁ ਵਰਣ ਲਿਖਕੇ ਸੂਚੀ ਤੋਂ ਅੱਧੇ ਅੰਗ ਪਿਛਲੇ ਪਾਸਿਓਂ ਲਾਏ, ਫੇਰ ਪ੍ਰਸ਼ਨਾਂਗ (੮) ਵਿਚੋਂ ੧ ਘਟਾਇਆ ੭ ਰਹੇ, ੭ ਵਿਚੋਂ ਪਹਿਲਾਂ ੪ ਘਟਾਇਆ ਪਿੱਛੇ ੩ ਰਹੇ, ੩ ਵਿਚੋਂ ੨ ਘਟਾਏ ੧ ਰਿਹਾ, ੧ ਵਿਚੋਂ ੧ ਘਟਾਇਆ ਤਾਂ ਸ਼ੂੰਨ, ਏਹਨਾ (ਘਟੇ ਹੋਏ) ਅੰਗਾਂ ਦੇ ਹੇਠਲੇ ਲਘੂਆਂ ਨੂੰ ਗੁਰੂ ਕੀਤਾ ਤਾਂ '।SSS' ਇਹ ਉਤਰ ਆਇਆ, ਏਵੇਂ ਹੀ ੫ ਵਰਣ ਦਾ ਜਾਣੋਂ ।

।ਇਤਿ ਨਸ਼ਟ ਸਭ ਪ੍ਰਕਾਰ ॥

(੭) ਵਰਣ ਮੇਰੂ ਵਰਣਨ, ਲੱਛਣ ।

ਗੱਦਯ – ਵਰਣ ਬ੍ਰਿੱਤ ਦੇ ਸਭ ਭੇਦਾਂ ਦੇ ਰੂਪਾਂ ਵਿੱਚ ਗੁਰੂ ਅਤੇ ਲਘੂਆਂ ਦੇ ਰੂਪਾਂ ਦੀ ਗਿਣਤੀ ਦੱਸਣ ਵਾਲੇ ਗੁਰੂ ਨੂੰ ਮੇਰੂ ਕਹਿੰਦੇ ਹਨ ।

[ਮੇਰੂ ਕਰਨ ਰੀਤੀ ।] ਕਬਿੱਤ

ਕੋਠੇ ਦੋ ਬਰਾਬਰ ਬਣਾਇ ਆਦਿ ਹੇਠ ਤਿੰਨ, ਚਾਰ ਕਰ ਫੇਰ ਏਸ ਤਰ੍ਹਾਂ ਪ੍ਰਸ਼ਨਾਨੁਸਾਰ ।
ਸੱਜੇ ਲਿਖ ਵਰਣ ਬਾਹਰ ਖੱਬੇ ਸੂਚੀ ਅੰਗ ਏਕਾ ਅੰਗ ਸਾਰੇ ਸੱਜੇ ਖੱਬੇ ਕੋਠਿਆਂ 'ਚਿ ਧਾਰ ।

ਦੋਇ ਤਿੰਨ ਆਦਿ ਦੋਹੀਂ ਵਲੀਂ ਦੂਜੇ ਕੋਠਿਆਂ 'ਚਿ ਲਿਖ ਦੋ ਦੋ ਜੋੜ ਉਤੋਂ ਰਹਿੰਦੇ ਭਰੀਏ ਸੰਵਾਰ ।
ਸਭ ਗੁਰੂ ਆਦਿ ਰੂਪ ਏਕ ਸਭ ਲਘੂਆਂ ਦਾ ਹੇਠਲੇ ਕਹਿਣ ਕੋਠੇ ਮੇਰੂ ਵਰਣ ਵਿਚਾਰ ॥ ੩੦ ॥

ਦੇਖੋ ਚਾਰ ਵਰਣਾਂ ਦਾ ਮੇਰੂ :-

| | | | | | | |
|---|---|---|---|---|---|---|
| ੧ | | ੧ | | ੧ | | ੨ |
| ੨ | | ੧ | ੨ | ੧ | | ੪ |
| ੩ | ੧ | ੩ | | ੩ | ੧ | ੮ |
| ੪ | ੧ | ੪ | ੬ | ੪ | ੧ | ੧੬ |

੪ ਗੁਰੂ, ੩ ਗੁਰੂ, ੨ ਗੁਰੂ, ੧ ਗੁਰੂ, ਸੂਕਲਘੂ,

ਸੂਚਨਾ - ਪਹਿਲਾਂ ੨ ਕੋਠੇ ਬਣਾਏ, ਫੇਰ ਤਿੰਨ ਕੋਠੇ ਦੀ ਲਾਇਨ ਬਣਾਈ, ਫੇਰ ੪ ਅਤੇ ੫ ਦੀ ਬਣਾਈ । (ਜਿੰਨੇ ਵਰਣ ਸੀ ਓਨੀਆਂ ਹੀ ਪਾਲਾਂ ਬਣਾਈਆਂ) ਖੱਬੇ ਪਾਸੇ ਬਾਹਰ ਵਰਣ ਅਤੇ ਸੱਜੇ ਪਾਸੇ ਬ੍ਰਿਤ ਅੰਗ ਲਿਖੇ, ਫੇਰ ਵਿੱਚ ਇਉਂ ਅੰਗ ਭਰੇ ਕਿ ਅੰਦਰਲੇ ਕੋਠਿਆਂ ਵਿਚ ੧ ਹੀ ਲਿਖੇ, ਫੇਰ ਅੰਦਰਲੇ ਦੋ ਦੋ ਕੋਠੇ ਮਿਲਾ ਕੇ ਹੇਠਲੇ ਇਉਂ ਭਰੇ ਕਿ ਉਤਲੇ ੨ ਏਕੇ ਰਲਾ ਕੇ ਹੇਠ ਦੂਆ (੨) ਅੰਗ ਲਿਖਿਆ, ਫੇਰ ੨+੧ ਕਰਕੇ ਹੇਠਾਂ ੩ ਲਿਖੇ, ਫੇਰ ੩+੧ ਕਰਕੇ ੪ ਲਿਖੇ, ਇਸੇ ਤਰ੍ਹਾਂ ਹੀ ਹੋਰ ਭਰੇ, ਤਾਂ ਹੇਠਲੀ ਪਾਲ ਦੇ ਅੰਗ ੧-੪-੬-੪-੧ ਹਨ, ਏਹਨਾਂ ਤੋਂ ਇਹ ਮਾਲੂਮ ਹੋਇਆ ਕਿ ੪ ਵਰਣ ਦਾ ਇਕ ਰੂਪ ਸਰਬ ਗੁਰੂ ਦਾ ਹੈ, ੪ ਭੇਦਾਂ ਵਿਚ ੩ ਗੁਰੂ ਹਨ, ੬ ਭੇਦਾਂ ਵਿਚ ੨ ਗੁਰੂ ਹਨ, ੪ ਭੇਦਾਂ ਵਿਚ ੧ ਗਰੂ ਅਤੇ ੧ ਭੇਦ ਸਭ ਲਘੂ ਦਾ ਹੈ । ਏਵੇਂ ਹੀ ਹੋਰ ਜਾਣੋਂ ।

[ਉਲਟ ਮੇਰੂ ਲੱਖਣ]

ਗੱਦਯ - ਉਤਲੇ ਮੇਰੂ ਤੋਂ ਉਲਟ ਜੀਹਦੇ ਨਾਲ ਪਹਿਲਾਂ ੧ ਗੁਰੂ ਫੇਰ ੧ ਗੁਰੂ ਫੇਰ ੩ ਗੁਰੂ ਇਸ ਤਰ੍ਹਾਂ ਵਧਦੇ ਹੀ ਜਾਣ ਓਹ ਉਲਟ ਮੇਰੂ ਹੈ ।

ਰੀਤੀ ਕਬਿੱਤ

ਆਦਿ ਪਾਲ ਦੋਇ ਘਰ ਹੇਠ ਤਿੰਨ ਫੇਰ ਸੱਜੇ ਇਕ ਇਕ ਵੱਧ ਤੁੱਲ ਵਰਣ ਬਨਾਵਯੇ ।
ਏਕਾ ਲਿਖ ਮੀਰੀਂ ਘਰੀਂ ਵਰਣ ਸਜਾਇ ਦੂਜੀ, ਫਾਡੀ ਸਭ ਕੋਠਿਆਂ 'ਚਿ ਏਕੜਾ ਟਿਕਾਵਯੇ ।
ਸਿਖਰੰਗ ਜੋੜ ਖੱਬੇ ਭਰੋ ਖਾਲੀ ਕੋਠਿਆਂ 'ਚਿ, ਸਭ ਲਘੂ ਇੱਕ ਗੁਰੂ ਆਦਿਕ ਲਿਆਵਯੇ ।
ਇੱਕ ਗੁਰੂ ਵੱਧ ਆਵੇ ਕ੍ਰਮ ਤੇ ਹਰੇਕੁ ਘਰੁ ਵਰਣ ਉਲਟ ਗੇਣ ਮੇਰੂ ਸੇ ਬਤਾਵਯੇ ॥ ੩੧ ॥

ਦੇਖੋ ਚਾਰ ਵਰਣ ਦਾ ਮੇਰੂ :-

| | | | | | |
|---|---|---|---|---|---|
| ਵਰਣ ੧ - | ੧ | ੧ | | | |
| ਵਰਣ ੨ - | ੧ | ੨ | ੧ | | |
| ਵਰਣ ੩ - | ੧ | ੩ | ੩ | ੧ | |
| ਵਰਣ ੪ - | ੧ | ੪ | ੬ | ੪ | ੧ |
| | ਸਰਬ ਲਘੂ | ੧ ਗੁਰੂ | ੨ ਗੁਰੂ | ੩ ਗੁਰੂ | ੪. ਗੁਰੂ |

ਇਹਦੇ ਵਿੱਚ ਪਹਿਲੇ ੨ ਕੋਠਿਆਂ ਦੀ ਪਾਲ, ਫਿਰ ੩ ਕੋਠਿਆਂ ਦੀ, ਫੇਰ ੪ ਦੀ, ਇਸੇ ਤਰ੍ਹਾਂ ਇਕ ਇਕ ਕੋਠਾ ਵੱਧ ਵੱਧ ੨ ਦੀਆਂ ਪਾਲਾਂ ਵਰਣ ਸਮਾਨ ਹੀ ਬਣਾਈਆਂ, ਫੇਰ ਸਭਨਾਂ ਪਾਲਾਂ ਦੇ ਪਹਿਲੇ ਕੋਠਿਆਂ ਵਿੱਚ ੧ ਹੀ ਲਿਖਿਆ, ਅੰਤ ਦੇ ਕੋਠਿਆਂ ਵਿੱਚ ਭੀ ੧ ਹੀ ਲਿਖਿਆ, ਵਿਚਲੇ ਕੋਠਿਆਂ ਵਿਚ ਉਤਲੇ ਦੋਵੇਂ ਅੰਗ (੧+੧) ਜੋੜ ਕੇ ਹੇਠਲੇ ਵਿੱਚ ੨ ਲਿਖੇ, ਫੇਰ ੨+੧ (ਖੱਬਾ) ੩ ਹੇਠਲੇ ਵਿੱਚ ਲਿਖੇ ਫੇਰ ੩+੧ ਕਰਕੇ ੪ ਹੇਠ ਲਿਖੇ, ਇਸੇ ਤਰ੍ਹਾਂ ਹੀ ਹੋਰ ਭਰੇ। ਹੇਠਲੀ ਪਾਲ ਵਿੱਚ ੧-੪-੬-੪-੧ ਅੰਗ ਆਏ, ਏਹਨਾਂ ਤੋਂ ਪਤਾ ਲੱਗਿਆ ਕਿ ਚਾਰ ਵਰਣਾਂ ਦੇ ੧ ਭੇਦ ਵਿੱਚ ਸਰਬ ਲਘੂ ਹਨ, ੪ ਭੇਦਾਂ ਵਿਚ ੧ ਗੁਰੂ ਹੈ, ੬ ਭੇਦਾਂ ਵਿਚ ੨ ਗੁਰੂ ੪ ਭੇਦਾਂ ਵਿੱਚ ੩ ਗੁਰੂ ਤੇ ੧ ਭੇਦ ਵਿਚ ੪ ਗੁਰੂ ਹਨ।

## (੮) ਖੰਡ ਮੇਰੂ ਵਰਣਨ, ਲੱਛਣ

ਗੱਦਯ - ਉਤਲੇ ਦੋਹਾਂ ਮੇਰੂਆਂ ਬਿਨਾਂ ਹੀ ਜਿਸ ਨਾਲ ਦੋਵੇਂ ਕੰਮ ਸਰ ਜਾਣ ਓਹ ਖੰਡ ਮੇਰੂ ਹੈ।

### ਰੀਤੀ ਕਬਿੱਤ

ਪੁੱਛੇ ਹੋਏ ਵਰਣਾਂ ਤੋਂ ਕੋਠਾ ਇਕ ਹੋਰ ਗਿਣ ਲਿਖ ਲੰਬੀ ਪਾਲ ਸਭ ਕੋਠਿਆਂ 'ਚ ਪਾਇ ਏਕ ।
ਖੱਬੇ ਛੱਡ ਘਰ ਇਕ ਦੂਜਿਓਂ ਆਰੰਭ ਜੈਸੇ ਸੱਜਿਓਂ ਹਟਾਇ ਇਕ ਇਕ ਪਾਲੀ ਜੋ ਹਰੇਕ ।
ਦੋਇ ਤਿੰਨ ਆਦਿ ਅੰਗ ਲਿਖੋ ਮੀਰੀ ਕੋਠਿਆਂ 'ਚ ਸਿਖਰੋਂ ਮਿਲਾਇ ਟੇਢਾ ਖਾਲੀ ਭਰੀਏ ਅਨੇਕ ।
ਅੰਤ ਕੋਠੀਂ ਰੂਪ ਹੈਂ ਪਛਾਣੋਂ ਖੰਡ ਮੇਰੂ ਕਰ ਮਾਤ੍ਰਕ ਸਮਾਨ ਜਾਣੋਂ ਗੁਰੂ ਲਘੂ ਦਾ ਬਿਬੇਕ ॥ ੩੨ ॥

Sri Satguru Jagjit Singh Ji eLibrary NamdhariElibrary@gmail.com

ਦੇਖੋ ਬੰਨਗੀ, ੪ ਵਰਣ ਦਾ ਖੰਡ ਮੇਰੂ :-

| | | | | | |
|---|---|---|---|---|---|
| ੧ | ੧ | ੧ | ੧ | ੧ | ੧ ਗੁਰੂ |
| | ੨ | ੩ | ੪ | ੨ ਗੁਰੂ | |
| | ੩ | ੬ | ੩ ਗੁਰੂ | | |
| | ੪ | ੪ ਗੁਰੂ | | | |

੪ ਵਰਣਾਂ ਦਾ ਖੰਡ ਮੇਰੂ ਬਣੌਣ ਲਈ ਇਕ ਕੋਠਾ ਵੱਧ ਅਰਥਾਤ ੫ ਕੋਠਿਆਂ ਦੀ ਪਾਲ ਬਣਾਈ, ਫੇਰ ਆਦਿ ਅੰਤ ਇਕ ਕੋਠਾ ਛੱਡ ਕੇ ਪਾਲ ਬਣਾਈ, ਫੇਰ ਅੰਤੋਂ ਇਕ ਇਕ ਛੱਡ ਕੇ ਦੋ ਪਾਲਾਂ ਬਣਾਈਆਂ, ੪ ਵਰਣ ਹੋਣ ਕਰ ਕੇ ੪ ਹੀ ਸਾਰੀਆਂ ਪਾਲਾਂ ਹੋਈਆਂ। ਪਹਿਲੀ ਪਾਲ ਵਿਚ ਸਭ ਕੋਠੀਂ ੧ ਹੀ ਰਖਿਆ, ਹੇਠਲੀਆਂ ਦੇ ਮੀਰੀ ਕੋਠਿਆਂ ਵਿਚ ੨-੩-੪ ਲਿਖੇ ੨+੧ (ਉਤੋਂ ਸੱਜਾ) = ੩ ਕਰਕੇ ੩+੧=੪ ਕਰਕੇ ਦੂਜੀ ਦੇ ਕੋਠੀਂ ਭਰੇ, ਫੇਰ ਤੀਜੀ ਵਿਚ ੩+੩=੬ ਕਰਕੇ ਦੂਜੇ ਕੋਠੇ ਵਿਚ ਲਿਖੋ। ਇਸ ਤਰ੍ਹਾਂ ਇਹਦੇ ਅੰਤਲੇ ਕੋਠਿਆਂ ਵਿਚ ੧-੪-੬-੪ ਅੰਗ ਹਨ, ਏਹਨਾਂ ਤੋਂ ੧ ਗੁਰੂ ੨ ਗੁਰੂ ਅਤੇ ੩ ਗੁਰੂ ਹਨ ਅਤੇ ੪ ਗੁਰੂ ਏਨੇ ਹੀ ਭੇਦਾਂ ਵਿਚ ਸਣੇ ੨ ਜਾਣੋਂ।

[ਤਿਮਰ ਲੰਗ ਮੇਰੂ ਰੀਤੀ] ਕਬਿੱਤ

ਪੁੱਛੇ ਹੋਏ ਵਰਣਾਂ ਤੋਂ ਤਿਗੁਣੇ ਬਣਾਇ ਕੋਠੇ ਹੇਠਲੀ ਚਿ ਇਕ ਦੋਇ ਤਿੰਨ ਆਦਿ ਧਰੀਏ ।
ਮਧਲੀ 'ਚਿ ਅੰਤ ਵਲੋਂ ਇਕ ਦੋਇ ਆਦਿ ਧਰੋ ਤੀਸਰੀ ਦੇ ਆਦਿ ਘਰ ਹੇਠਲਾ ਉਭਾਰੀਯੇ ।
ਉਤਲੀ ਦੇ ਪੈਲ੍ਹੇ ਨਾਲ ਗੁਣ ਦੂਜਾ ਗੱਭਲੀ ਦਾ ਹੇਠਲੇ ਤੇ ਵੰਡ ਕਰ ਅਗਲਾ ਸੰਵਾਰੀਯੇ ।
ਭਰੀਏ ਅਗਾੜੀ ਐਸੇ ਕ੍ਰਮ ਤੇ ਤਿਮਰ ਲੰਗ ਆਦਿ ਤੋਂ ਆਰੰਭ ਗੁਰੂ ਰੂਪ ਸੇ ਵਿਚਾਰੀਯੇ ॥ ੩੩ ॥

ਦੇਖੋ ੬ ਵਰਣ ਦੇ ਤਿਮਰ ਲੰਗ ਦੀ ਵੰਨਗੀ :-

੧ ਸਰਬ ਲਘੂ ਦਾ ਰਿਹਾ

| ੧ ਗੁਰੂ | ੨ ਗੁਰੂ | ੩ ਗੁਰੂ | ੪ਗੁਰੂ | ੫ ਗੁਰੂ | ੬ ਗੁਰੂ |
|---|---|---|---|---|---|
| ੬ | ੧੫ | ੨੦ | ੧੫ | ੬ | ੧ |
| ੬ | ੫ | ੪ | ੩ | ੨ | ੧ |
| ੧ | ੨ | ੩ | ੪ | ੫ | ੬ |

ਸੁ - ਇਹਦੇ ਲਈ ੩ ਪਾਲਾਂ ਬਣਾ ਕੇ ਹੇਠਲੀ ਪਾਲ ਵਿਚ ੧ - ੨-੩-੪ -੫-੬- (ਵਰਣਾਂ ਜਿੰਨੇ) ਅੰਗ ਲਿਖੇ, ਫੇਰ ਗਭਲੀ ਵਿਚ ਏਹੀ ਅੰਗ ਛੇਕੜੋਂ ਲਿਖੇ, ਫੇਰ ਉਤਲੀ ਇਉਂ ਭਰੀ ਕਿ ਪਹਿਲੇ ਕੋਠੇ ਵਿਚ ਗਭਲੀ ਦਾ ਪਹਿਲਾ ਲਿਖਿਆ, ਫੇਰ ਏਸੇ ਪਹਿਲੇ ਨੂੰ ਦੂਜੀ ਦੇ ਦੂਜੇ ਨਾਲ ਗੁਣਕੇ (੬×੫=੩੦ ਕਰਕੇ) ਤੀਜੀ ਦੇ ਦੂਜੇ ਅੰਗ ਉਤੇ ਵੰਡਕੇ ਦੂਜੇ ਕੋਠੇ ਵਿਚ ੧੫ ਲਿਖੇ, ਫੇਰ ਪਹਿਲੀ ਦਾ ਦੂਜਾ ੧੫×੪(ਦੂਜੀ ਦਾ ਤੀਜਾ) = ੬੦÷੩(ਹੇਠਲੀ ਦਾ ਤੀਜਾ)=੨੦ ਤੀਜੇ ਵਿਚ ਲਿਖੇ, ਫੇਰ ੨੦×੩÷੪=੧੫ ਫੇਰ ੧੫×੨÷੫=੬ ਅਤੇ ੬×੧÷੬=੧ ਲਿਖਿਆ, ਇਹਨਾਂ ਤੋਂ ਮਾਲੂਮ ਹੋਯਾ ਕਿ ੧ ਭੇਦ ਸਭ ਗੁਰੂ ਦਾ, ੬ ਭੇਦ ੫ ਗੁਰੂ ਦੇ, ੧੫ ਭੇਦ ੪ ਗੁਰੂ ਦੇ ੨੦ ਭੇਦ ੩ ਗੁਰੂ ਦੇ ੧੫ ਭੇਦ ੨ ਗੁਰੂ ਦੇ ਅਤੇ ੬ ਭੇਦ ੧ ਗੁਰੂ ਦਾ ਹੈ, ੧ *ਭੇਦ ਸਰਬ ਲਘੁ ਦਾ ਆਪ ਹੀ ਰਹਿ ਗਿਆ।

ਏਹ ਲੇਖਾ ਇਉਂ ਸਮਝੋ ਕਿ ਪਹਿਲੀ ਦੇ ਅੰਤ ਦਾ ਅੰਗ ੧ ਹੈ, ਉਸਨੂੰ ਤੀਜੀ ਦੇ ਛੇਕੜਲੇ ਅੰਗ '੬' ਨਾਲ ਮੇਲ ਕਰਕੇ ਅਤੇ ਫੇਰ ਪਹਿਲੀ ਦੇ ਫਾਡੀ ਤੋਂ ਦੂਜੇ ੬ ਨੂੰ ਤੀਜੀ ਦੇ ਫਾਡੀ ਖੱਬੇ ੫ ਅੰਗ ਨਾਲ ਮੇਲ ਕੇ ਕਰੋ ਕਿ ੧ ਭੇਦ ੬ ਗੁਰੂ ਦਾ ਹੈ, ੬ ਭੇਦ ੫ ਗੁਰੂ ਦੇ ਹਨ, ਏਸ ਤਰ੍ਹਾਂ ਹੀ ਅਗਲੇ ਅੰਗਾਂ ਨੂੰ ਮੇਲੋ ਅਥਵਾ 'ਪਹਿਲੀ ਦੇ ਅੰਤ ਦਾ ਦੂਜੀ ਦੇ ਆਦਿ ਦਾ' ਏਸ ਢੰਗ ਨਾਲ ਮੇਲ ੨ ਕੇ ਲੇਖਾ ਜਾਣੋਂ। ਸਰਬ ਲਘੁ ਦਾ ੧ ਭੇਦ ਅਵੱਸ਼ ਹੁੰਦਾ ਹੈ ਸੋ ਉਤੋਂ ਸਮਝ ਕੇ ਓਹਦਾ ਖੱਬੇ ਪਾਸੇ ਰੱਖਿਆ ਹੈ।

## (੯) ਵਰਣ ਪਤਾਕਾ ਵਰਣਨ, ਲੱਛਣ

ਗੱਦਯ - ਜੀਹਦੇ ਨਾਲ ਵਰਣ ਮੇਰੂ ਨਾਲ ਕੱਢੇ ਹੋਏ ਰੂਪਾਂ ਵਿਚ ਜੇਹੜੇ ਭੇਦੀਂ (੫ਵੇਂ ਜਾਂ ੬ਵੇਂ ਆਦਿ ਦੇ) ਲਘੁ ਗੁਰੂ ਦੇ ਥਾਉਂ ਲੱਭੀਏ ਓਹ ਪਾਤਾਕਾ ਹੈ।

[ਇਹਦੇ ਬਣੌਣ ਦਾ ਢੰਗ]

ਕੋਠਾ ਇਕ ਵੱਧ ਹੀ ਬਣਾਇ ਪੁਛੇ ਵਰਣਾ ਤੋਂ ਹੇਠ ਵਲੋਂ ਇੱਕ ਧਰ ਸੂਚੀ ਅੰਗ ਧਾਰੀਏ ।
ਸਿਖਰੰਗ ਬਿਨਾਂ ਸੱਜੇ ਸਭ ਦੇ ਵਧਾਇ ਪਾਲਾਂ ਮੇਰੂ ਭੇਦਾਂ ਤੁੱਲ ਕ੍ਰਮ ਤੇ ਪਸਾਰੀਏ ।
ਮੀਰੀ ਵਿੱਚੋਂ ਇੱਕ ਛੱਡ ਹੇਠਲੇ ਘਟਾਇ ਭਰੋ ਦੂਯੋਂ ਤੀਯੋਂ ਕੱਟ ਏਵੇਂ ਪਾਲੀਏ ਸਵਾਰੀਏ ।
ਘਟ ਜਾਏ ਅੰਗ ਕੇਰਾਂ ਲਿਆਵੀਏ ਨਾ ਦੂਜੀ ਵਾਰ ਮਾਤ੍ਰਕ ਪਤਾਕਾ ਸਮ ਫਲ ਨੂੰ ਚਿਤਾਰੀਏ ॥ ੬੪ ॥

---

* ਜੇਕਰ ਉਤਲੀ ਪਾਲੀ ਦੇ ਅੰਗਾਂ ਨੂੰ ਜੋੜੀਏ ਤਾਂ ੬੩ ਰੂਪ ਹੁੰਦੇ ਹਨ, ਸੋ ੬ ਵਰਣਾਂ ਦੇ ੬੪ ਰੂਪ ਹੋਣ ਕਰਕੇ ੧ ਭੇਦ ਥੁੜਿਆ ਜੋ ਕਿ ਸਰਬ ਲਘੁ ਦਾ ਹੈ।

Sri Satguru Jagjit Singh Ji eLibrary NamdhariElibrary@gmail.com

ਦੇਖੋ ੫ ਵਰਣ ਦੀ ਪਤਾਕਾ ਦੀ ਬੰਨਗੀ :-

| | | | | | | | | | | | |
|---|---|---|---|---|---|---|---|---|---|---|---|
| IIIII | ੩੨ | ਸਰਬ ਲਘੁ | | | | | | | | | |
| IIIIS | ੧੬ | ੨੪ | ੨੮ | ੩੦ | ੩੧ | ੧ ਗੁਰੂ | | | | | |
| IIISS | ੮ | ੧੨ | ੧੪ | ੧੫ | ੨੦ | ੨੨ | ੨੩ | ੨੬ | ੨੭ | ੨੯ | ੨ਗੁਰੂ |
| IISSS | ੪ | ੬ | ੭ | ੧੦ | ੧੧ | ੧੩ | ੧੯ | ੧੮ | ੨੧ | ੨੫ | ੩ ਗੁਰੂ |
| ISSSS | ੨ | ੩ | ੫ | ੯ | ੧੭ | ੪ ਗੁਰੂ | | | | | |
| SSSSS | ੧ | ਸਰਬ (੫) ਗੁਰੂ | | | | | | | | | |

ਸੂਚਨਾ :- ਇਹ ਇਸ ਤਰ੍ਹਾਂ ਬਣਾਈ ਕਿ ਲੋੜੀਂਦੇ ਵਰਣ ਤੋਂ ੧ ਕੋਠਾ ਵੱਧ ਕਰਕੇ ਖੜਵੇਂ, ਕੋਠੇ ਬਣਾਏ ਉਹਨਾਂ ਵਿੱਚੋਂ ਹੇਠਲੇ ਵਿਚ ਏਕਾ *ਲਿਖਕੇ ਫੇਰ ਉਤਲਿਆਂ ਵਿਚ ਬ੍ਰਿਤ ਅੰਗ ਲਿਖੇ, ਫੇਰ ਉਤਲਾ ਅੰਗ (੩੨) ਛੱਡ ਕੇ ਹੇਠਲੇ ਅੰਗ (੧੬) ਤੋਂ ੪ ਕੋਠੇ ਹੋਰ ਸੱਜੇ ਪਾਸੇ ਵਧਾਏ ਤਾਂ ਏਸ ਪਾਲ ਵਿੱਚ ੫ ਕੋਠੇ ਬਣ ਗਏ, ਕਿਉਂਕਿ ੫ ਵਰਣ ਦੇ ਮੇਰੂ ਵਿੱਚ ਪਹਿਲਾ ਅੰਗ ਛੇਕੜੋਂ ੧ ਹੈ, ਸੋ ਉਹਦੇ ਹੁੰਦਾ ਇਸ ਵਿਚ ਉਤਲਾ ਕੋਠਾ (੩੨ ਅੰਗ ਵਾਲਾ) ਹੈ, ਅੱਗੇ ਮੇਰੂ ਵਿਚ ਦੂਜਾ ਅੰਗ ੫ ਹੈ, ਇਸ ਕਰਕੇ ੧੬ ਅੰਗ ਦੇ ਸਾਮਹਣੇ ੪ ਕੋਠੇ ਬਣਾ ਕੇ ੫ ਪੂਰੇ ਕੀਤੇ, ਫੇਰ ਮੇਰੂ ਦੀ ਤੀਜੀ ਕੋਠੀ ਵਿਚ ੧੦ ਪੂਰੇ ਅੰਗ ਹੈ, ਇਸ ਕਰਕੇ ਇਹਦੇ ਤੀਜੇ ਅੰਗ (੮) ਦੇ ਅੱਗੇ ੯ ਕੋਠੇ ਹੋਰ ਬਣਾ ਕੇ ੧੦ ਪੂਰੇ ਕੀਤੇ, ਏਸੇ ਤਰ੍ਹਾਂ ਹੀ ਸਭ ਪਾਲਾਂ ਦੇ ਕੋਠੇ ਮੇਰੂ ਦੇ ਸਭ ਕੋਠਿਆਂ ਦੇ ਅੰਗਾਂ ਦੇ ਤੁੱਲ ਸਣੇ ਸਣੇ ਬਣਾਏ । ਫੇਰ ਏਹਨਾਂ ਵਿਚ ਅੰਗ ਇਉਂ ਭਰੇ ਕਿ ੩੨ ਦੇ ਹੇਠਲਾ ਅੰਗ ਛੱਡ ਕੇ ੩੨ ਵਿੱਚੋਂ ਹੇਠਲੇ ਸਾਰੇ ਅੰਗ ਘਟਾ ਕੇ ਸਭ ਕੋਠਿਆਂ ਵਿਚ (੩੨-੮=੨੪, ੩੨-੪=੨੮, ੩੨-੨=੩੦, ੩੨-੧=੩੧,) ਭਰੇ, ਫੇਰ ੧੬ ਵਿਚੋਂ ਹੇਠਲਾ '੮' ਛੱਡ ਕੇ ਰਹਿੰਦੇ ਅੰਗ ਘਟਾ ਕੇ (੧੬-੪=੧੨, ੧੬-੨=੧੪, ੧੬-੧=੧੫,) ਦੂਜੀ ਪਾਲ ਭਰੀ, ਜੇਹੜੇ ਕੋਠੇ ਖਾਲੀ ਰਹੇ ਉਹਨਾਂ ਵਿਚ ੧੬ ਅੰਗ ਦੇ ਅਗਲੇ ਅੰਗਾਂ ਵਿਚੋਂ ੪,੨,੧ ਅੰਗ ਘਟਾ ਕੇ ੨੦, ੨੨, ੨੩, ੨੬, ੨੭, ੨੯ ਭਰੇ, ਫੇਰ ਅੱਠ ਵਿਚ ਹੇਠਲਾ ੪ ਛੱਡ ਕੇ ਰਹਿੰਦੇ ਅੰਗ ਘਟਾ ਕੇ ਭਰੇ, ਜੇਹੜੇ ਖਾਲੀ ਰਹੇ ਉਹ ੧੨, ੧੪ ਆਦਿਕਾਂ ਵਚੋਂ ਘਟਾ ਘਟਾ ਕੇ ਭਰੇ । ਇਹ ਯਾਦ ਰਹੇ ਕਿ ਜੋ ਅੰਗ ਇੱਕ ਬਾਰ ਆ ਚੁੱਕਾ ਹੈ ਉਹ ਫੇਰ ਨਹੀਂ ਲਿਖਿਆ। ਏਸ ਤੋਂ ਇਹ ਪਤਾ ਲੱਗਿਆ ਕਿ ਇਕ ਭੇਦ (੩੨ਵਾਂ) ਸਰਬ ਲਘੁ ਦਾ ਹੈ, ਦੂਜੀ ਪਾਲ ਤੋਂ ਇਹ ਪਤਾ ਲੱਗਿਆ ਕਿ ੫ ਵਰਣਾਂ ਦੇ ੧੬, ੨੪, ੨੮, ੩੦, ੩੧ ਵੇਂ ਭੇਦ ਵਿਚ ੧ ਗੁਰੂ ਹੈ । ਅਤੇ ੮, ੧੨, ੧੪, ੧੫,

---

* ਇਕ ਰੂਪ ਸਰਬ ਗੁਰੂ ਦਾ ਹੋਣ ਕਰਕੇ ਏਕਾ ਲਿਖਿਆ ।

Sri Satguru Jagjit Singh Ji eLibrary NamdhariElibrary@gmail.com

੨੦, ੨੨, ੨੩, ੨੬, ੨੭, ੨੯ਵੇਂ (੧੦) ਭੇਦ ਵਿਚ ੨ ਗੁਰੂ ਹਨ। ਇਸੇ ਤਰ੍ਹਾਂ ਸਣੇ ੨ ਕਰਕੇ ੩, ੪ ਅਤੇ ੫ (ਸਰਬ) ਗੁਰੂ ਜਾਣੋਂ ॥

* ਇਤੀ ਪਤਾਕਾ ॥

## (੧੦) ਵਰਣ ਮੱਕੜੀ ਵਰਣਨ ਲੱਛਣ

ਗਦਯ – ਜਿਸ ਕਰਕੇ ਵਰਣ ਬ੍ਰਿਤ ਦੇ ਛੰਦਾਂ ਵਿਚ ਬ੍ਰਿਤ ਸੰਖਿਆ, ਲਘੂ, ਗੁਰੂ ਆਦਿ, ਅੰਤ, ਅਤੇ ਲਘੂ ਗੁਰੂ ਆਦੰਤ, ਗੁਰੂ ਲਘੂ ਗਿਣਤੀ, ਸਰਬ ਕਲਾ, ਅਤੇ ਪਿੰਡ, ਮਲੂਮ ਹੋਣ ਉਹ ਵਰਣ ਮੱਕੜੀ ਹੈ।

### [ਰੀਤੀ ੬ ਪੈਰੀ ਮਕੜੀ] ਕਬਿੱਤ

ਦਿਤੇ ਹੋਏ ਵਰਣਾਂ ਤੋਂ ਡਿੱਗੁਣੇ ਬਣਾਇ ਕੋਠੇ ਵਰਣਾਂ ਦੇ ਅੰਗ ਲਿਖ ਪਹਿਲੀ ਪਾਲ ਭਰੀਯੇ ।
ਸੂਚੀ ਅੰਗ ਦੂਜੀ ਲਿਖ ਤੀਸਰੀ ਦੇ ਆਦਿ ਏਕਾ ਉਤਲੇ 'ਚਿ ਵਿਕਟ ਗੁਣਨ ਰੈਂਦੀ ਧਰੀਏ ।
ਚੌਥੀ 'ਚ ਉਤਾਰ ਲਿਖ ਤਿਗੁਣੇ ਸੁ ਪੰਜਵੀਂ 'ਚਿ ਛੇਵੀਂ ਦੇ ਭਰਨ ਨੂੰ ਤਿਹਾਈ ਘਟਿ ਕਰੀਏ ।
ਬ੍ਰਿਤ ਭੇਦ ਗੁਰੂ ਲਘੂ ਕਲਾ ਸਭ ਵਰਣ ਸੁ ਕ੍ਰਮ ਤੇ ਦਿਸਣ ਜਾਲੁ ਮੱਕੜੀ ਜਾ ਜੜੀਏ ॥ ੩੫ ॥

ਦੇਖੋ ਵੰਨਗੀ ੫ ਵਰਣ ਦੀ ੬ ਪੈਰੀ ਮੱਕੜੀ –

| | | | | | |
|---|---|---|---|---|---|
| ੧ | ੨ | ੩ | ੪ | ੫ | ਬ੍ਰਿਤ । |
| ੨ | ੪ | ੮ | ੧੬ | ੩੨ | ਭੇਦ । |
| ੧ | ੪ | ੧੨ | ੩੨ | ੮੦ | ਗੁਰੂ । |
| ੧ | ੪ | ੧੨ | ੩੨ | ੮੦ | ਲਘੂ । |
| ੩ | ੧੨ | ੩੬ | ੯੬ | ੨੪੦ | ਕਲਾ । |
| ੨ | ੮ | ੨੪ | ੬੪ | ੧੬੦ | ਵਰਣ । |

ਸੂਚਨਾ _ ਇਸ ਦੀ ਪਹਿਲੀ ਪਾਲ ਵਿਚ ਵਰਣ ਲਿਖੇ, ਦੂਜੀ ਵਿਚ ੨, ੪ ਆਦਿਕ ਸੰਖਿਆ ਅੰਗੇ ਲਿਖੇ, ਤੀਜੀ ਵਿਚ ਆਦਿ ੧ ਰੱਖ ਕੇ ਅਗਲਿਆਂ ਵਿਚ ਪਹਿਲੀ ਦੂਜੀ ਦੇ ਅੰਗ ਲਿਖੇ, ਤੀਜੀ ਵਿਚ ਆਦਿ ੧ ਰੱਖ ਕੇ ਅਗਲਿਆਂ ਵਿਚ ਪਹਿਲੀ ਦੂਜੀ ਦੇ ਅੰਗ 'ਹੇਠਲੇ ਨਾਲ ਉਤਲੇ ਦਾ ਸੱਜਾ' (ਵਿਕਟ) ਗੁਣ ਗੁਣ ਕੇ (੨×੨=੪, ੪×੩=੧੨ ਆਦਿ) ਅੰਗ ਭਰੇ, ਚੌਥੀ ਵਿਚ ਏਹੀ ਉਤਾਰ ਉਤਾਰਿਆ, ਪਵੀਂ ਵਿਚ ਚੌਥੀ ਨੂੰ ਤਿਗੁਣਾ

---

* ਇਹਦੀ ਦੂਜੀ ਰੀਤੀ ਭੀ ਹੈ ਪ੍ਰੰਤੂ ਕਠਨ ਕਰਕੇ ਨਹੀਂ ਲਿਖੀ।

Sri Satguru Jagjit Singh Ji eLibrary NamdhariElibrary@gmail.com

ਕਰਕੇ ਲਿਖਿਆ, ੬ਵੀਂ, ਪਵੀਂ ਦੇ ਅੰਗਾਂ ਵਿਚ ਤਿਹਾਈ ਕੱਟ ਕਰਕੇ ਭਰੀ, ਤਾਂ ਇਹ ਮਾਲੂਮ ਹੋਇਆ ਕਿ ਪਹਿਲੀ ਪਾਲ ਵਿਚ ੫ ਵਰਣ ਦੀ ਗਿਣਤੀ ਹੈ, ਦੂਜੀ ਦੇ ਛੇਕੜਲੇ ਕੋਠੇ ਦੇ ਅੰਗ ਜਿੰਨੇ ਵਰਣ ਦੇ ਭੇਦ ਹਨ, ਏਸੇ ਤਰ੍ਹਾਂ ਸਭ ਪਾਲਾਂ ਦੇ ਫਾਡੀ ਕੋਠਿਆਂ ਤੋਂ ਗੁਰੂ ਲਘੂ, ਕਲਾ, ਵਰਣ ਸਣੇ ੨ ਪ੍ਰਗਟ ਹੋਏ।

[ਅੱਠਭੁਜੀ ਮੱਕੜੀ ਰੀਤੀ] ਕਬਿੱਤ

ਅੱਠ ਗੁਣੀ ਕੋਠੀਆਂ ਬਣਾਇ ਦਿੱਤੇ ਵਰਣਾਂ ਤੋਂ ਪਹਿਲੀ ਪਾਲ ਵਰਣ ਭੇਦਾਂਕ ਦੂਜੀ ਧਾਰੀਏ ।
ਏਕਾ ਧਰ ਆਦਿ ਫੇਰ ਸੂਚੀ ਅੰਗ ਤੀਈ ਚੌਥੀ, ਪਹਿਲੀ ਚੌਥੀ ਗੁਣ ਛੇਵੀਂ ਪੰਜਵੀਂ 'ਚਿ ਡਾਰੀਏ ।
ਛੇਵੀਂ ਅੰਗ ਤਿਗੁਣੇ ਬਣਾਇ ਲਿਖ ਸੱਤਵੀਂ 'ਚਿ ਸੱਤੀ 'ਚੋਂ ਤਿਹਾਈ ਕੱਟ ਅੱਠਵੀਂ ਪਸਾਰੀਏ ।
ਬ੍ਰਿਤ, ਭੇਦ, ਅੰਤ, ਆਦਿ, ਲਘੁ, ਗੁਰੂ, ਦਿਸਣ ਸੁ ਕਲਾ, ਪਿੰਡ, ਅੱਠ ਭੁਜੀ ਮੱਕੜੀ ਵਿਚਾਰੀਏ ॥ ੩੬ ॥

ਦੇਖੋ ਵੰਨਗੀ ੫ ਵਰਣ ਦੀ ੮ ਭੁਜੀ ਮੱਕੜੀ ਦੀ :-

| | | | | | |
|---|---|---|---|---|---|
| ੧ | ੨ | ੩ | ੪ | ੫ | ਬ੍ਰਿਤ |
| ੨ | ੪ | ੮ | ੧੬ | ੩੨ | ਭੇਦ |
| ੧ | ੨ | ੪ | ੮ | ੧੬ | O। ਲਘੁ ਅੰਤ |
| ੧ | ੨ | ੪ | ੮ | ੧੬ | O S ਗੁਰੂ ਅੰਤ |
| ੧ | ੪ | ੧੨ | ੩੨ | ੮੦ | ।O ਲਘੁ ਆਦਿ |
| ੧ | ੪ | ੧੨ | ੩੨ | ੮੦ | SO ਗੁਰੂ ਆਦਿ |
| ੩ | ੧੨ | ੩੬ | ੯੬ | ੨੪੦ | ਕਲਾ । |
| ੨ | ੮ | ੨੪ | ੬੪ | ੧੬੦ | ਪਿੰਡ |

ਸੂਚਨਾ : ਇਹਦੀ ਪਹਿਲੀ ਪਾਲ ਵਿਚ ਵਰਣ ਲਿਖਕੇ ਦੂਜੀ ਵਿਚ ਬ੍ਰਿਤ ਅੰਗ, ਤੀਜੀ, ਚੌਥੀ ਦੇ ਆਦਿ ੧ ਲਿਖ ਕੇ ਫੇਰ ਸੂਚੀ ਅੰਗ ਲਿਖੇ, ਪਵੀਂ ੬ਵੀਂ ਵਿੱਚ ਪਹਿਲੀ ਅਤੇ ਚੌਥੀ (ਅਥਵਾ ਤੀਜੀ) ਦੇ ਅੰਗ ਗੁਣ ਗੁਣ ਕੇ ੧-੪-੧੨ ਆਦਿ ਲਿਖੇ, ਛੇਵੀਂ ਦੇ ਤਿਗੁਣੇ ਕਰ ਕੇ ੩-੧੨-੩੬ ਆਦਿਕ ੭ਵੀਂ ਵਿਚ ਲਿਖੇ ਛੇਵੀਂ ਦੀ ਤਿਹਾਈ ਕਟਕੇ ੮ਵੀਂ ਵਿਚ ਲਿਖੇ ਇਹਨਾਂ ਦੇ ਛੇਕੜਲੇ ਕੋਠਿਆਂ ਤੇ ਬ੍ਰਿਤ, ਭੇਦ, ਲਘੁ ਅੰਤ, ਗੁਰੂ ਅੰਤ, ਲਘੂ ਆਦਿ, ਗੁਰੂ ਆਦਿ, ਆਦਿਕ ਪ੍ਰਗਟ ਹੋਏ ਸੋ ਨਾਲ ਹੀ ਦਿਤੇ ਗਏ ਹਨ।

Sri Satguru Jagjit Singh Ji eLibrary NamdhariElibrary@gmail.com

## [੧੦ ਪੈਰੀ ਮੱਕੜੀ ਕਰਨ ਦਾ ਢੰਗ] ਕਬਿੱਤ

ਦਸ ਗੁਣੀ ਕੋਠਿਆਂ ਬਣਾਇ ਦਿਤੇ ਵਰਣਾਂ ਤੋਂ ਮੀਰੀ ਪਾਲ ਵਰਣ ਦੁਈ 'ਚਿ ਸੂਚੀ ਅੰਗ ਧਰ ।
ਅੱਧ ਕਰ ਤੀਈ ਚੌਥੀ ਪੰਜਵੀਂ ਸੰਵਾਰ ਛੇਵੀਂ, ਸੱਤੀਂ ਅੱਠੀਂ ਆਦਿ ਏਕਾ ਕਰ ਸੂਚੀ ਅੰਗ ਫਿਰ ।
ਨੌਂਵੀਂ ਅਰੁ ਦਸਵੀਂ ਦੇ ਆਦਿ ਸ਼ੁੰਨ ਧਾਰ ਕਰ ਸੂਚੀ ਅੰਗ ਅੱਧ ਸਭ ਰੈਂਦ੍ਹੇ ਕੋਠਿਆਂ 'ਚਿ ਭਰ ।
ਬ੍ਰਿਤ, ਭੇਦ, ਆਦਿ ਗੁਰੂ *ਲਘੁ ਅਰ ਅੰਤ **ਸੋਈ, ***ਗੁਰੂ ਆਦਿ ਅੰਤ ਲਘੁ, ****ਗੁਰੂ ਲਘੁ ਲਘੁ ਗੁਰ ॥੩੭॥

ਦੇਖੋ ਵੰਨਗੀ ੫ ਵਰਣ ਦੀ –

[੫ ਵਰਣ ੧੦ ਪ੍ਹੈਰੀ ਮੱਕੜੀ]–

| | | | | | |
|---|---|---|---|---|---|
| ੧ | ੨ | ੩ | ੪ | ੫ | ਬ੍ਰਿਤ |
| ੨ | ੪ | ੮ | ੧੬ | ੩੨ | ਭੇਦ |
| ੧ | ੨ | ੪ | ੮ | ੧੬ | *S* O ਗੁਰੂ ਆਦਿ |
| ੧ | ੨ | ੪ | ੮ | ੧੬ | I O ਲਘੁ ਆਦਿ |
| ੧ | ੨ | ੪ | ੮ | ੧੬ | O *S* ਗੁਰੂ ਅੰਤ |
| ੧ | ੨ | ੪ | ੮ | ੧੬ | OI ਲਘੁ ਅੰਤ |
| ੧ | ੧ | ੨ | ੪ | ੮ | *SOS* ਆਦੰਤ ਗੁਰੂ |
| ੧ | ੧ | ੨ | ੪ | ੮ | IOI ਆਦੰਤ ਲਘੁ |
| ੦ | ੧ | ੨ | ੪ | ੮ | *S*OI ਆਦਿ ਗੁਰੂ ਅੰਤ ਲਘੁ |
| ੦ | ੧ | ੨ | ੪ | ੮ | IO*S* ਆਦਿ ਲਘੁ ਅੰਤ ਗੁਰੂ |

ਸੂਚਨਾ – ਇਹਦੀ ਪਹਿਲੀ ਪਾਲ ਵਿਚ ਵਰਣ, ਦੂਜੀ ਵਿਚ ਸੂਚੀ ਅੰਗ ਲਿਖ ਕੇ ਤੀਜੀ ਤੋਂ ੬ਵੀਂ ਤਕ ਸੂਚੀ ਦੇ ਅੱਧੇ ਅੰਗ ਲਿਖੇ, ੭ਵੀਂ ਅਤੇ ੮ਵੀਂ ਦੇ ਆਦਿ ਏਕਾ ਲਿਖ ਕੇ ਫੇਰ ਸੂਚੀ ਦੇ ਅੱਧੇ ਅੰਗ ਲਿਖੇ, ਫੇਰ ੯ਵੀਂ ਅਤੇ ੧੦ਵੀਂ ਵਿਚ ਆਦਿ ਸ਼ੁੰਨ ਲਿਖ ਕੇ ੮ਵੀਂ ਦੀ ਹੀ ਨਕਲ ਲਿਖੀ ਤਾਂ ਛੇਕੜਲੇ ਕੋਠਿਆਂ ਤੋਂ ਬ੍ਰਿਤ, ਭੇਦ, ਗੁਰੂ

* ਆਦਿ ਲਘੁ ।

** ਗੁਰੂ ਅੰਤ, ਲਘੁ ਅੰਤ ।

*** ਆਦੰਤ ਗੁਰ, ਆਦੰਤ ਲਘੁ ।

**** ਆਦਿ ਗੁਰੁ ਅੰਤ ਗੁਰੁ ਆਦਿ ਲਘੁ ਅੰਤ ਗੁਰੂ ।

Sri Satguru Jagjit Singh Ji eLibrary NamdhariElibrary@gmail.com

ਆਦਿ, ਲਘੂ ਆਦਿ, ਗੁਰੂ ਅੰਤ, ਲਘੂ ਅੰਤ, ਆਦੰਤ ਗੁਰੂ ਆਦਿਕ ਸਣੇ ੨ (ਜੈਸੇ ਕਿ ਨਾਲ ਭੀ ਕੋਠੇ ਵਿਚ ਦਿੱਤੇ ਗਏ ਹਨ) ਪ੍ਰਗਟ ਹੋਏ ।

[ਏਕਾਵਲੀ ਮੱਕੜੀ, ਰੀਤੀ] ਕਬਿੱਤ

ਦਸ ਕੋਠੇ ਖੜੇ ਲਿਖ ਉਤਲੇ ਵਰਣ ਅੰਗ ਦੂਜੇ ਸੂਚੀ ਅੰਗ ਛੇਵੇਂ ਤੱਕ ਅੱਧ ਪਾਈਏ ।
ਛੇਵੇਂ ਦਾ ਬਣਾਇ ਅੱਧ ਦਸਾਂ ਤੱਕ ਭਰ ਕਰ 'ਕੇਹਰਿ' ਸੁ ਮੱਕੜੀ ਏਕੱਲੜੀ ਬਣਾਈਏ ।
ਬ੍ਰਿਤ ਭੇਦ ਆਦਿ ਗੁਰੂ ਲਘੂ ਅਰ ਅੰਤ ਸੋਈ ਗੁਰੁ 'ਆਦਿ ਅੰਤ' ਲਘੂ ਗੁਰੂ ਲਿਆਈਏ ।
ਲਘੂ ਗੁਰੂ ਆਦਿ ਅੰਤ ਕ੍ਰਮ ਤੇ ਪਛਾਣ ਕਰ ਪੁਛੇ ਹੋਏ ਵਰਣ ਇਕੱਲੇ ਦੇ ਬਤਾਈਏ ॥ ੩੮ ॥

ਦੇਖੋ ਕੋਠੇ ਵਿਚ ਵੰਨਗੀ ੪ ਵਰਣ ਦੀ –

| | |
|---|---|
| ੪ | ਬ੍ਰਿਤ । |
| ੧੬ | ਭੇਦ । |
| ੮ | SO ਆਦਿ ਗੁਰੂ । |
| ੮ | IO ਆਦਿ ਲਘੂ |
| ੮ | OS ਅੰਤ ਗੁਰੂ |
| ੮ | OI ਅੰਤ ਲਘੂ |
| ੪ | SOS ਆਦੰਤ ਗੁਰੂ |
| ੪ | IOI ਆਦੰਤ ਲਘੂ |
| ੪ | SOI ਆਦਿ ਗੁਰੂ ਅੰਤ ਲਘੂ |
| ੪ | IOS ਆਦਿ ਲਘੂ ਅੰਤ ਗੁਰੂ |

ਸੂਚਨਾ – ਦਸ ਕੋਠੇ ਖੜੇ ਕਰਕੇ ਉਤਲੇ ਵਿਚ ਵਰਣ ਅੰਗ ਲਿਖੇ, ਦੂਜੇ ਵਿਚ ੧੬ (ਸੂਚੀ ਅੰਗ) ਲਿਖੇ, ਫੇਰ ਤੀਜੇ ਤੋਂ ਛੇਵੇਂ ਤੱਕ ਸੂਚੀ ਦੇ ਅੱਧੇ ਅੰਗ ਲਿਖੇ, ਫੇਰ ਰਹਿੰਦੇ ਕੋਠਿਆਂ ਵਿਚ ਏਹਨਾਂ ਦੇ ਭੀ ਅੱਧੇ (੪) ਅੰਗ ਭਰੇ, ਏਹਨਾਂ ਕੋਠਿਆਂ ਵਿਚੋਂ ਬ੍ਰਿਤ, ਭੇਦ, ਗੁਰੂ ਆਦਿਕ ਕੇਵਲ ੧ ਹੀ ਪੁੱਛੇ ਹੋਏ ਵਰਣ ਤੋਂ ਪ੍ਰਗਟ ਹੁੰਦੇ ਹਨ । ਪਹਿਲੀਆਂ ਵਿਚ ਸਭ ਵਰਣਾਂ ਦੇ ਗੁਰੂ ਆਦਿ ਅੰਤ ਤਕ ਪ੍ਰਗਟ ਹੋਏ ਸੀ, ਏਵੇਂ ਹੀ ਹੋਰ ਲੈਣਾ ।

## * [ਸ਼੍ਰੋਮਣੀ ਮੱਕੜੀ ਰੀਤੀ ।] ਕਬਿੱਤ

ਨਵ ਗੁਣੀ ਕੋਠਿਆਂ ਬਣਾਇ ਦਿੱਤੇ ਵਰਣਾ ਤੋਂ ਪੈਹਲੀ ਪਾਲ ਵਰਣ ਦੂਯੀ 'ਚਿ ਸੂਚੀ ਅੰਗ ਧਰਿ ।
ਅੱਧ ਕੱਟ ਤੀਜੀ ਫੇਰ ਚੌਥੀ ਆਦਿ ਏਕਾ ਧਰੋ ਤੀਸਰੀ ਦਾ ਅੱਧ ਭਰੋ ਅਗਲੀ ਸੰਵਾਰ ਕਰਿ ।
ਪੰਜੀਂ ਆਦਿ ਸ਼ੁੰਨ ਫੇਰ ਅਗਲਾ ਉਤਾਰ ਰੂਪ ਮੀਰੀ ਦੂਜੀ ਗੁਣ ਕਰ ਛੇਵੀਂ ਪਾਲ ਘਰ ਭਰਿ ।
ਸੱਤੀ ਲਿਖੋ ਅੱਧ ਫੇਰ ਤਿਗੁਣੇ ਸੁ ਅੱਠਵੀਂ 'ਚਿ ਅੱਧ ਕਰ ਏਸ ਦਾ ਭੀ ਨੌਵੀਂ ਦਾ ਸਜਾਇ ਘਰ ॥ ੩੯ ॥

## ਏਹਦਾ ਫਲ । ਕਬਿੱਤ

ਪਹਿਲੀ ਪਾਲ ਬ੍ਰਿਤ ਦੂਜੀ ਸੰਖਿਆ ਪ੍ਰਕਾਸ਼ ਕਰੇ ਤੀਜੀ ਗੁਰੂ 'ਆਦਿ' ਲਘੁ, ਗੁਰੂ 'ਅੰਤ' ਲਘੁ ਚਾਰਿ ।
ਆਦਿ ਅੰਤ ਗੁਰੂ ਅਰੁ ਲਘੁ ਕਹੇ ਚੌਥੀ ਪਾਲ ਪੰਜੀ ਕਹੇ ਆਦਿ ਅੰਤ ਗੁਰੂ ਅਤੇ ਲਘੁ ਸਾਰਿ ।
ਛੇਵੀਂ 'ਚਿ ਵਰਣ ਸਭ ਗੁਰੂ ਲਘੁ ਸੱਤਵੀਂ 'ਚਿ ਕਲਾ ਸਭ ਅੱਠਵੀਂ ਤੇ ਨੌਵੀਂ ਰਹੀ ਪਿੰਡ ਧਾਰਿ ।
ਸਭ ਹੁੰਦੀ ਏਹੋ ਦੇਵੇ ਸਾਰ ਕਵਿ 'ਕੇਹਰਿ' ਸਮੁਚਯ ਸਭ ਤੋਂ ਸਿਰੋਮਣੀ ਏ ਮੱਕੜੀ ਵਿਚਾਰਿ ॥ ੪੦ ॥

### ਦੇਖੋ ਵੰਨਗੀ ੫ ਵਰਣ ਦੀ ਸਿਰੋਮਣੀ ਮੱਕੜੀ :-

| | | | | | |
|---|---|---|---|---|---|
| ੧ | ੨ | ੩ | ੪ | ੫ | ਬ੍ਰਿਤ |
| ੨ | ੪ | ੮ | ੧੬ | ੩੨ | ਭੇਦ (ਸੰਖਿਆ) |
| ੧ | ੨ | ੪ | ੮ | ੧੬ | ਗੁਰ ਆਦਿ ਗੁਰੂ ਅੰਤ *SOS*<br>ਲਘੁ ਆਦਿ ਲਘੁ ਅੰਤ ।O। |
| ੧ | ੧ | ੨ | ੪ | ੮ | ਗੁਰੂ ਲਘੁ ਆਦਿ ਅੰਤ *S*।O*S*।<br>ਲਘੁ ਗੁਰੂ ਆਦਿ ਅੰਤ ।*S*O।*S* |
| ੦ | ੧ | ੨ | ੪ | ੮ | ਆਦਿ ਗੁਰੂ ਅੰਤ ਲਘੁ *S*O।<br>ਆਦਿ ਲਘੁ ਅੰਤ ਗੁਰੂ ।O*S* |
| ੨ | ੮ | ੨੪ | ੬੪ | ੧੬੦ | ਸਰਬ ਵਰਣ |
| ੧ | ੪ | ੧੨ | ੩੨ | ੮੦ | ਗੁਰੂ, ਏਨੇ ਹੀ ਲਘੂ |
| ੩ | ੧੨ | ੩੬ | ੯੬ | ੨੪੦ | ਸਰਬ ਕਲਾ |
| ੧ | ੬ | ੧੮ | ੪੮ | ੧੨੦ | ਪਿੰਡ ** |
| ੧ | | | | | |
| ੨ | | | | | |

* ਇਹ ਮੱਕੜੀ ਵੀ ਨਵੀਨ ਰਚੀ ਗਈ ਹੈ ।
** ਲਘੁ ਅੱਖਰ ਦਾ ਅੱਧਾ ਅਤੇ ਗੁਰੂ ਦਾ ਪੂਰਾ ਪਿੰਡ ਗਿਣਿਆ ਜਾਂਦਾ ਹੈ, (ਬਾਕੀ ਅਗਲੇ ਪੰਨੇ ਤੇ) ⇨

Sri Satguru Jagjit Singh Ji eLibrary NamdhariElibrary@gmail.com

ਸੂਚਨਾ - ਇਹਦੀ ਪਹਿਲੀ ਪਾਲ ਵਰਣ, ਦੂਜੀ ਵਿਚ ਸੂਚੀ ਅੰਗ, ਤੀਜੀ ਵਿਚ ਸੂਚੀ ਦੇ ਅੱਧੇ ਅੰਗ, ਚੌਥੀ ਵਿਚ ਆਦਿ ੧ ਫੇਰ ਉਤਲੀ ਦਾ ਅੱਧ, ਪੰਜਵੀਂ ਵਿਚ ਆਦਿ ਸ਼ੁੰਨ ਫੇਰ ਉਤਲਾ ਉਤਾਰ, ੬ਵੀਂ ਵਿਚ ਪਹਿਲੀ ਦੂਜੀ ਗੁਣ ਕੇ ੨-੮-੨੪ ਆਦਿ, ਸੱਤਵੀਂ ਵਿਚ ਇਸ ਦਾ ਅੱਧ ੧-੪-੧੨ ਆਦਿਕ, ੮ਵੀਂ ਵਿਚ ਤਿਗੁਣੇ ਇਹਦੇ ੩-੧੨-੩੬ ਆਦਿਕ, ਫੇਰ ੯ਵੀਂ ਵਿਚ ਅੱਧ ੧.੫, ੬, ੧੮ ਆਦਿਕ ਲਿਖੇ । ਇਸ ਦਾ ਫਲ ਛੇਕੜਲੇ ਕੋਠਿਆਂ ਦੀ ਰਾਹੀਂ ਬਰਾਬਰ ਲਿਖੇ ਹੋਏ ਅਨੁਸਾਰ ਜਾਣਨਾ, ਇਸ ਦੇ ਵਿਚ ਉਤਲੀਆਂ ਸਾਰੀਆ ਮੱਕੜੀਆਂ ਦਾ ਤਾਤਪ੍ਰਯ ਹੈ ।

ਨੋਟ - ਪਤਾਲ ਮੱਕੜੀ ਭੀ ਕਈਆਂ ਕਵੀਆਂ ਨੇ ਮੰਨੀ ਹੈ ਪ੍ਰੰਤੂ ਅਸੀਂ ਪਾਤਾਲ ਪ੍ਰਤਜ ਅੱਡ ਮੰਨਿਆ ਹੈ ਜੋ ਪਹਿਲਾਂ ਆ ਗਿਆ ਹੈ ।

॥ਇਤੀ ਮੱਕੜੀ ਸਭ ਪ੍ਰਕਾਰ ॥

(੧੧) [ਕਾਮਧੇਨ ਪ੍ਰਤਜਯ ਲੱਛਣ] ਦੋਹਿਰਾ

ਪ੍ਰਗਟ ਕਰੇ ਲਾਵਨਜਤਾ, ਸਰਬ ਗੁਰਾਂ ਅਧਿਕਾਰ ।
ਕਾਮਧੇਨ ਸੋ ਜਾਨ ਗੁਰ ਜਿਸ ਬਿਨ ਸਭੇ ਅਸਾਰ ॥ ੧ ॥

ਅਰਥਾਤ - ਜਿਸ ਦੁਆਰਾ ਛੰਦਾਂ ਵਿਚ ਪ੍ਰਸਤਾਰ ਆਦਿ ਪ੍ਰਤਜਯਾਂ ਦੀ ਲਾਵਣਜਤਾ ਅਤੇ ਅਧਿਕਾਰ ਪ੍ਰਗਟ ਕਰਨ ਦਾ ਗਿਆਨ ਹੋਵੇ ਉਹ ਕਾਮਧੇਨ ਹੈ । ਜਦ ਤਕ ਪਿੱਛੇ ਕਹੇ ਹੋਏ ਪ੍ਰਤਜਯਾਂ ਨੂੰ ਇਸ ਦੁਆਰਾ ਵਰਤਿਆ ਨਾ ਜਾਵੇਗਾ ਤਦ ਤਕ ਉਹ ਸਭ ਨਿਸਫਲ ਹਨ ।

---

⇦
ਜੈਸੇ ੩ ਵਰਣਾਂ ਦੇ ਅੱਠਾਂ ਭੇਦਾਂ ਵਿਚ ਗਿਣਕੇ ਦੇਖੋ ਤਾਂ ੧੨ ਗੁਰੂ ਦਿਸਣਗੇ, ੧੨ ਹੀ ਲਘੂ ਦਿਸਣਗੇ, ਸੋ ੧੨ ਗੁਰੂਆ ਦੇ ੧੨ ਹੀ ਪਿੰਡ ਅਤੇ ੧੨ ਲਘੂਆ ਦੇ ੬ ਪਿੰਡ (ਕੁਲ ੧੮) ਬਣ ਗਏ । ੬ ਵਰਣਾਂ ਦੇ ਅੱਠ ਭੇਦ ਏਹ ਹਨ :-

| | | |
|---|---|---|
| S | S | S |
| I | S | S |
| S | I | S |
| I | I | S |
| S | S | I |
| I | S | I |
| S | I | I |
| I | II | |

(੧) ਮਾਤ੍ਰਿਕ ਸਮ ਪ੍ਰਕਰਣ ਦੇ ਮਧੁਭਾਰ ਛੰਦ ਦੇ

੧ ਚਰਣ ਦੀ ਪ੍ਰਸਤਾਰ ਦੀ ਵੰਨਗੀ

| | |
|---|---|
| ੧ | SS–ISI |
| ੨ | IIS–ISI |
| ੩ | ISI–ISI |
| ੪ | SII–ISI |
| ੫ | IIII–ISI |

ਸੂਚਨਾ – ਇਸ ਵਿਚ ਪਹਿਲੇ ਇਉਂ ਸੋਚਿਆ ਕਿ ਮਧੁ ਭਾਰ ਛੰਦ ਦੀਆਂ ੮ ਮਾਤਰਾਂ ਵਿਚੋਂ ਅੰਤਲੀਆਂ ੪ ਮਾਤਰਾਂ ਜਗਣ ਦੇ ਸ੍ਵਰੂਪ ਵਿਚ ਨਿਯਮ ਕਰਕੇ ਹੁੰਦੀਆਂ ਹਨ ਇਸ ਲਈ ਅੰਤਲੀਆਂ ੪ ਮਾਤਰਾਂ ਨਿਪਾਤ (ਜਿਸ ਦਾ ਰੂਪ ਅੱਗੇ ਹੀ ਸਿੱਧ ਹੋਵੇ ਅਤੇ ਹੋਰ ਸਾਧਿਆ ਨ ਜਾਵੇ) ਹੋਣ ਕਰਕੇ ਜਿਉਂ ਦੀ ਤਿਉਂ ਹੀ ਰਹੀਆਂ, ਕੇਵਲ ਆਦਿਲੀਆਂ ੪ ਮਾਤਰਾਂ ਦੇ (ਪ੍ਰਸਤਾਰ ਦ੍ਵਾਰਾ) ੫ ਰੂਪ ਸਿੱਧ ਹੋਏ, ਜਿਸ ਤੋਂ ਜਾਣਿਆਂ ਗਿਆ ਕਿ ਮਧੁਭਾਰ ਛੰਦ ਦੇ ਇਕ ਚਰਣ ਦੇ ੫ ਰੂਪ ਹਨ ਜੇ ਅਤਲੀਆ ੪ ਮਾਤਰਾਂ ਨਿਪਾਤ ਨਾ ਹੁੰਦੀਆਂ ਤਾਂ ਚਾਰ ੨ ਮਾਤਰਾਂ ਦੇ ਦੋ ਬੰਦ ਹੋਣ ਕਰ ਕੇ (੫×੫)=੨੫ ਰੂਪ ਚਾਹੀਦੇ ਸੀ ।

ਜੇਕਰ ਦੋ ਚਰਣ ਦੀ ਪਰਸ਼ਤਾਰ ਕਰਨੀ ਹੋਵੇ ਤਾਂ ਨਿਪਾਤਾਂ ਨੂੰ ਛੱਡ ਕੇ ਦੋਹਾਂ ਤੁਕਾਂ ਦੀਆਂ ਆਦਿਲੀਆਂ ਚਾਰ ਮਾਤਰਾਂ ਦੇ ਹਰੇਕ ਭੇਦ ਨਾਲ ਹਰੇਕ ਭੇਦ ਗੁਣ ਗੁਣਕੇ ਪ੍ਰਸਤਾਰ ਕਰਨਾ ਚਹੀਏ । ਯਥਾ –

ਸੂਚਨਾ –ਅਗਲੇ ਪੰਨੇ ਦੇ ਚਿਤਰ ਦੀ ਪਹਿਲੀ ਤੁਕ ਦੀਆਂ ੪ ਮਾਤਰਾਂ ਦੇ ੫ ਹੀ ਰੂਪਾਂ ਨਾਲ ਦੂਜੀ ਤੁਕ ਦੀਆਂ ੪ ਮਾਤਰਾਂ ਦੇ ਪੰਜਾਂ ਰੂਪਾਂ ਵਿਚੋਂ ਪਹਿਲਾ ਰੂਪ ਲਗਾਯਾ ਤਾਂ ੫ ਰੂਪ ਬਣੇ, ਫੇਰ ਪਹਿਲੀ ਤੁਕ ਦੇ ਪੰਜਹੀ ਰੂਪਾਂ ਨਾਲ ਦੂਜੀ ਦਾ ਦੂਜਾ ਰੂਪ ਲਿਖਿਆ ਤਾਂ ੫ ਹੋਰ ਬਣੇ, ਫੇਰ ਪਹਿਲੀ ਦੇ ਪੰਜਾਂ ਨਾਲ ਦੂਜੀ ਦਾ ਤੀਜਾ ਫੇਰ ਚੌਥਾ ਅਤੇ ਪੰਜਵਾਂ ਰੂਪ ਲਗਾਇਆ । ਇਸ ਤਰ੍ਹਾਂ ਹਰੇਕ ਰੂਪ ਨਾਲ ਹਰੇਕ ਰੂਪ ਲਾ ਕੇ ਅਤੇ ਨਿਪਾਤਾਂ ਨੂੰ ਜਿਉਂ ਦਾ ਤਿਉਂ ਵਿਚਾਲੇ ਛੱਡ ਕੇ ਦੋ ਚਰਣ ਦੀ ਪ੍ਰਸਤਾਰ ਦੇ ੨੫ ਰੂਪ ਬਣਾਏ, ਜੇਕਰ ਮਧੁ ਭਾਰ ਛੰਦ ਨਾ ਹੁੰਦਾ ਤੇ ਅੱਠ ਮਾਤ੍ਰਾ ਦਾ ਕੋਈ ਐਸਾ ਛੰਦ ਹੁੰਦਾ ਜਿਸ ਦਾ ਅੰਤਮ ਯਾ ਗਭਲਾ ਰੂਪ ਗਣ ਦੇ ਬੰਧਣ ਵਿਚ ਹੁੰਦਾ ਤਾਂ ਨਾ ਇੱਕੇ ਚਰਣ ਦੇ ਹੀ ੨੫ ਰੂਪ ਬਣਦੇ, ਪਰ ਜੇ ਯਤੀ ਚਾਰ ਤੇ ਹੁੰਦੀ ।

[ਬੰਨਗੀ]

| | | | |
|---|---|---|---|
| ੧ | S S-ISI+SS-ISI | ੧੬ | SS-ISI+SII-ISI |
| ੨ | IIS-ISI+SS-ISI | ੧੭ | IIS-ISI+SII-ISI |
| ੩ | ISI-ISI+SS-ISI | ੧੮ | ISI-ISI+SII-ISI |
| ੪ | SII-ISI+SS-ISI | ੧੯ | SII-ISI+SII-ISI |
| ੫ | IIII-ISI+SSS-ISI | ੨੦ | IIII-ISI+SII-ISI |
| ੬ | SS-ISI+IIS+ISI | ੨੧ | SS-ISI+IIII-ISI |
| ੭ | IIS-ISI+IIS-ISI | ੨੨ | IIS-ISI+IIII-ISI |
| ੮ | ISI-ISI+IIS-ISI | ੨੩ | ISI-ISI+IIII-ISI |
| ੯ | SII-ISI+IIS-ISI | ੨੪ | SII-ISI+IIII-ISI |
| ੧੦ | IIII-ISI+IIS-ISI | ੨੫ | IIII-ISI+IIII-ISI |
| ੧੧ | SS-ISI+ISI-ISI | | |
| ੧੨ | IIS-ISI+ISI-ISI | | |
| ੧੩ | ISI-ISI+ISI-ISI | | |
| ੧੪ | SII-ISI+ISI-ISI | | |
| ੧੫ | I:II-ISI+ISI-ISI | | |

॥ਇਤੀ ਪ੍ਰਸਤਾਰ॥

[੨, ਸੰਖਿਆ ਕਰਨ ਰੀਤੀ]

ਪਹਿਲੀ ਤੁਕ ਦੇ ਭੇਦਾਂਕ ਨਾਲ ਦੂਜੀ ਤੁਕ ਦੇ ਭੇਦਾਂਕ ਨੂੰ ਗੁਣੇ ਤੇ ਦੋ ਚਰਣ ਦੀ ਸੰਖਿਆ ਨਿਕਲਦੀ ਹੈ ਅਤੇ ਤੀਜੀ ਦੇ ਭੇਦਾਂਕ ਨਾਲ ਗੁਣਿਆ ੩ ਚਰਣਾਂ ਦੀ, ਏਵੇਂ ਹੀ ਚੌਥੀ ਦਿਆਂ ਨਾਲ ਗੁਣਿਆਂ ੪ ਚਰਣਾਂ ਦੀ ਸਮਝਣੀ। ਜੈਸੇ :-

ਮਧੁਭਾਰ ਛੰਦ ਦੀ ਪਹਿਲੀ ਤੁਕ ਦੀ ਛੰਦ ਸੰਖਿਆ ੫ ਹੈ, ਦੂਜੀ ਦੀ ਭੀ ੫ ਹੋਣ ਕਰਕੇ ਦੋਹਾਂ ਦੀ (੫×੫) ੨੫ ਹੋਈ, ੩ ਚਰਣਾਂ ਦੀ (੨੫×੫) = ੧੨੫ ਅਤੇ ੪ ਦੀ (੧੨੫×੫=) ੬੨੫ ਹੈ। ਜੇ ਇਸ ਵਿਚ ਨਿਪਾਤ ਨਾ ਹੁੰਦਾ ਤਾਂ ਪਹਿਲੀ ਦੀ ਹੀ ੨੫ ਹੁੰਦੀ।

[੩. ਉਦਿਸ਼ਟ ਕਰਨ ਰੀਤੀ]

ਨਿਪਾਤਾਂ ਨੂੰ ਜਿਉਂ ਦਾ ਤਿਉਂ ਛੱਡਕੇ ਰਹਿੰਦੇ ਰੂਪਾਂ ਦਾ ਉਦਿਸ਼ਟ ਮਾਤ੍ਰਕ ਸਮ ਪ੍ਰਕਰਣ ਦੇ ਉਦਿਸ਼ਟ ਵਾਂਗ ਹੀ ਕਰੋ। ਜੈਸੇ ਮਧੁਭਾਰ ਛੰਦ ਦੀ ਇਕ ਤੁਕ ਦੇ - "ਕਰਤੇ ਪ੍ਰਣਾਮ" ਇਸ ਰੂਪਾਂ ਦਾ ਉਦਿਸ਼ਟ ਇਉਂ ਕੀਤਾ। ਕਰਤੇ ਪ੍ਰਣਾਮ - ੧ ੨ ੩

।।S-।S।=੫-੩=੨ ਉਤ੍ਰ, ਅਰਥਾਤ ਇਹ ਮਧੁਭਾਰ ਦੇ ਰੂਪ

੫ ਵਿਚੋਂ ਦੂਜਾ ਹੈ। ਦੋ ਚਰਣਾਂ ਦੇ "ਕਰਤੇ ਪ੍ਰਣਾਮ। ਦਾਤੇ ਨਮਾਮ" ਏਸ ਰੂਪ ਦਾ ਉਦਿਸ਼ਟ ਇਉਂ ਕੀਤਾ, ਕਰਤੇ ਪ੍ਰਣਾਮ +

੧ ੨ ੩ * ੮ ੨੧ *

ਦਾਤੇ ਨਮਾਮ = ।।S-।S।+S S-।S।=੩+੮+੨੧=੩੨)

੫ ੧੩ ੩੪

੩੪-੩੨=੨ ਉਤ੍ਰ।

ਅਰਥਾਤ ਉਕਤ ਰੂਪ ਦੂਜਾ ਹੈ। ਦੇਖੋ ਪ੍ਰਸਤਾਰ।

ਨੋਟ - ਇਸ ਵਿਚ ਬੂਟੀ ਵਾਲੇ ਨਿਪਾਤ ਸ੍ਵਰੂਪਾਂ ਨੂੰ ਛੱਡ ਕੇ ਦੋਹਾਂ ਤੁਕਾਂ ਦੀਆਂ ਰਹਿੰਦੀਆਂ ੮ ਮਾਤਰਾਂ ਦਾ ਉਦਿਸ਼ਟ ਕੱਢਿਆ ਹੈ। ਏਵੇਂ ਹੀ ਹੋਰ ਚਰਣਾ ਦੇ ਨਾਲ ਮਿਲਣ ਤੇ ਉਦਿਸ਼ਟ ਹੋ ਸਕਦਾ ਹੈ। "ਕਰਤੇ ਪ੍ਰਣਾਮ" ਆਦਿ ਵਰਣਾਂ ਤੋਂ "।।S" ਇਤਯਾਦੀ ਚਿੰਨ੍ਹ ਇਸ ਲਈ ਕਲਪੇ ਕਿ ਉਕਤ ਵਰਣ ਇਨ੍ਹਾਂ ਉਤੇ ਪੈ ਸਕਦੇ ਹਨ। ਇਤੀ ਉਦਿਸ਼ਟ।

[੪. ਨਸ਼ਟ ਰੀਤੀ]

ਨਿਪਾਤ ਰੂਪ ਨੂੰ ਛੱਡ ਕੇ ਰਹਿੰਦੀਆਂ ਮਾਤਰਾਂ ਜਿੰਨੇ ਲਘੁ ਲਿਖ ਕੇ ਉਹੀ ਕ੍ਰਿਯਾ ਕਰਨੀ ਚਾਹੀਏ ਜੋ ਪਿੱਛੇ ਦੱਸੀ ਗਈ ਹੈ। ਜੈਸੇ ਮਧੁਭਾਰ ਛੰਦ ਦੇ ਦੋ ਚਰਣਾਂ ਦਾ ਦੂਜਾ ਰੂਪ ਇਉਂ ਕੱਢਿਆ :-

| | | | | | | | |
|---|---|---|---|---|---|---|---|
| ੧ | ੨ | ੩ | ੫ | ੮ | ੧੩ | ੨੧ | ੩੪ |
| । | । | । | । | । | । | । | । |

= ੩੪-੨ = ੩੨-੨੧ = ੧੧-੮ = ੩

SOSO S O =੩-੩=੦

=IIS, SS=IIS+SS=IIS-ISI+S S-ISI ਉਤ੍ਰ ॥

ਨੋਟ - ਏਸ ਵਿਚ ਦੋਹਾਂ ਤੁਕਾਂ ਦੇ ਅੰਤਲੇ ਨਿਪਾਤਾਂ ਨੂੰ ਛੱਡ ਕੇ ਆਦਿਲੀਆਂ ਚਾਰ ਚਾਰ ਮਾਤਰਾਂ ਦੀਆਂ ਹੀ ੮ ਮਾਤਰਾਂ (ਇਕੱਠੀਆਂ) ਸਮਝ ਕੇ ਨਿਯਮਾਨੁਸਾਰ "IIS,SS,, ਇਹ ਰੂਪ ਕੱਢਿਆ । ਸੋ ਇਸਤੋਂ

IIS-ISI+SS-ISI

ਕਰਤੇ ਪ੍ਰਣਾਮ+ਦਾ ਤੇ -ਨਮਾਮ "ਕਰਤੇ ਪ੍ਰਣਾਮ । ਦਾਤੇ ਨਮਾਮ" ਇਹ ਦੋ ਤੁਕਾਂ ਬਣੀਆਂ, ਏਸੇ ਤਰ੍ਹਾਂ ਹੀ ਹੋਰ ਚਰਣ ਭੀ ਬਣ ਸਕਦੇ ਹਨ ।

॥ਇਤੀ ਨਸ਼ਟ॥

[ਮਾਤ੍ਰਕ ਅਰਧ ਸਮ ਦੇ ਦੋਹੇ ਦੀ ਸੰਖਿਆ ਕਰਨ ਰੀਤੀ]:-

ਦੋਹਿਰਾ

ਟਗਣ ਡਗਣ ਇਕ ਮੱਤ ਫਿਰ ਣਗਣ ਟੌਂਕ ਦੇ ਜਾਨ ।
ਟਗਣ ਡਗਣ ਇਕ ਜਿਸਤ ਵਿਚ ਸੰਖਿਆ ਸਮੇਂ ਪਛਾਨ ॥੨॥

ਪੁਨਾ ਦੋਹਿਰਾ

ਸਭਨਾ ਤੇ ਭੇਦਾਂਕ ਲਿਖ * ਬਰਜੇ ਭੇਦ ਹਟਾਇ ।
ਗੁਣੋ ਆਦਿ ਤੋਂ ਅੰਤ ਤਕ ਛੰਦ ਸੰਖਿਆ ਆਇ ॥ ੩॥

ਅਰਥਾਤ ਦੋਹੇ ਵਿਚ ਸੰਖਿਆ ਕਰਨ ਸਮੇਂ ਪਹਿਲੇ ਚਰਣ ਟਗਣ, ਫੇਰ ਡਗਣ, ਫੇਰ ਇਕ ਮਾਤ੍ਰਾ, ਫੇਰ ਣਗਣ ਹੁੰਦਾ ਹੈ, ਦੂਜੇ ਟਗਣ ਡਗਣ ਅਤੇ ੧ ਮਾਤ੍ਰਾ ਹੁੰਦੀ ਹੈ, ਇਸੇ ਤਰ੍ਹਾਂ ਤੀਜਾ ਚੌਥਾ ਚਰਣ ਸਮਝਣਾ । ਇਸ ਕਰਕੇ ਦੋਹੇ ਵਿਚਲੇ ਗਣ ਨਿਖੇੜ ੨ ਕੇ ਲਿਖੋ (ਭਾਵੇਂ ਆਦਿ ਪਦ ੩ ਮਾਤਰਾਂ ਦਾ ਹੋਵੇ ਤਾਂ ਭੀ ਪਹਿਲਾਂ ੬ ਮਾਤਰਾਂ ਦਾ (ਟਗਣ) ਗਣ ਜੁਦਾ ਕਰੋ ਫੇਰ ੪ ਮਾਤਰਾਂ ਦਾ ਡਗਣ ਇਤਯਾਦਿਕ) ਫੇਰ ਗਣਾਂ ਉਤੇ ਓਹਨਾਂ ਦੇ ਸੂਚੀ ਅੰਕ ਲਿਖੋ, ਪ੍ਰੰਤੂ ਜਿੰਨੇ ਰੂਪ ਉਤਨੀਆਂ ਮਾਤ੍ਰਾ ਦੇ ਓਸ ਛੰਦ ਵਿਚ ਬਰਜਤ ਹੋਣ, ਓਨੇ ਹੀ ਰੂਪ ਛੱਡ ਕੇ ਲਿਖੋ । (ਸਾਰੇ ਦੋਹੇ ਦੇ ਇਵੇਂ ਹੀ ਬਣਾਕੇ) ਪਹਿਲਾਂ ਪਹਿਲੇ ਚਰਣ ਦਿਆਂ ਨੂੰ ਗੁਣ ਕੇ ਉਹਦੀ ਗੁਣਨ ਸੰਖਿਆਂ ਨੂੰ ਦੂਜੇ ਦੀ ਨਾਲ, ਉਹਨੂੰ ਤੀਜੇ ਚਰਣ ਦੀ ਨਾਲ, ਫੇਰ ਓਹਨੂੰ ਚੌਥੇ ਦੀ ਨਾਲ ਗੁਣੋਂ ਤਾਂ ਦੋਹੇ ਦੀ ਛੰਦ ਸੰਖਿਆਂ ਨਿਕਲ ਆਊ ।

---

* ਜਗਣ ਦਾ ਦੋਹਿਰੇ ਵਿਚ ਨਿਖੇਧ ਹੋਣ ਕਰਕੇ ।

ਦੇਖੋ ਹੇਠਾਂ ਬੰਨਗੀ - ਦੋਹਿਰਾ

੧੩ ੪ ੧ ੨ ੧੩ ੪ ੧

ਬਿਪਤ ਬਿਦਾ-ਰਨ ਦਸ-ਮ-ਗੁਰ-ਬੀਰਨ ਬੀ-ਰ ਅਖੰ-ਡ

੧੩ ੪ ੧੨ ੧੩ ੪ ੧

ਰਿਦੇ ਧਾਰ ਖਾਲ ਖੰ-ਡਨੋ ਖੰਡਨ ਕਰ-ਨ ਪਖੰ-ਡ ॥

ਜਾਂ-

੧੩ ੪ ੧ ੨ ੧੩ ੪ ੧

IIIIS, IIII, II+SIIS, IIS, I

੧੩ ੪ ੧ ੨ ੧੩ ੪ ੧

ISSI, IIS,I,S+SIIII, IIS, I

ਪਹਿਲਾ = ੧੩×੪×੧×੨=੧੦੪

੨ ਜਾ = ੧੩×੪×੧=੫੨

੩ ਜਾ = ੧੩×੪×੧+੨=੧੦੪

੪ ਥਾ = ੧੩×੪×੧=੫੨

= ੧੦੪×੫੨×੧੦੪×੫੨ = '੨੯੨੪੬੪੬੪' ਛੰਦ ਸੰਖਿਆ ਹੈ ।

ਸੁਚਨਾ - ਇਹਦੇ ਵਿਚ ਇਉਂ ਕੀਤਾ ਕਿ ਦੋਹਾ ਲਿਖ ਕੇ ਉਸ ਦੇ ਗਣ ਨਿਖੇੜ ਕੇ ਪਹਿਲੇ ਟਗਣ ਦੀਆਂ ੬ਮਾਤਰਾਂ ਦੇ ੧੩ ਰੂਪ ਉਤੇ ਲਿਖੇ, ਫੇਰ ਡਗਣ ਦੀਆਂ ੪ ਮਾਤ੍ਰਾ ਦੇ ੫ ਰੂਪ ਹੁੰਦੇ ਸੀ, ਪ੍ਰੰਤੂ ਓਹਨਾਂ ਵਿਚੋਂ ੧ ਰੂਪ (ਜਗਣ ਦਾ) ਦੋਹੇ ਵਿਚ ਵਰਜਤ ਹੋਣ ਕਰਕੇ ੪ ਰੂਪ ਉਤੇ ਲਿਖੇ, ਫੇਰ ੧ ਮਾਤਰਾਂ ਦਾ ਰੂਪ ਅਤੇ ਫੇਰ ੨ ਮਾਤ੍ਰਾ ਦੇ ਰੂਪ ਉਪਰ ਲਿਖੇ, ਇਵੇਂ ਹੀ ਅਗਲੇ ਚਰਣਾ ਦੇ ਕੀਤੇ ਤਾਂ ਪਹਿਲੇ ਚਰਣ ਦੀ ਗੁਣਨ ਸੰਖਿਆ ੧੦੪ ਦੂਝੇ ਦੀ ੫੨, ਤੀਜੇ ਦੀ ੧੦੪ ਅਤੇ ਚੌਥੇ ਦੀ ੫੨ ਹੈ, ਏਹਨਾ ਨੂੰ ਆਪੋ ਵਿਚੀ (ਪਹਿਲੀਂ ਨਾਲ ਦੂਜੀ ਅਤੇ ਉਹਦੇ ਨਾਲ ਤੀਜੀ ਆਦਿਕ) ਗੁਣਿਆਂ ਤਾਂ '੨੯੨੪੬੪੬੪' ਇਹ ਉੱਤਰ ਆਇਆ, ਏਸੇ ਤਰ੍ਹਾਂ ਹੀ ਹੋਰਨਾਂ ਛੰਦਾਂ ਦੀ ਕੱਢ ਸਕਦੇ ਹਾਂ ।

Sri Satguru Jagjit Singh Ji eLibrary NamdhariElibrary@gmail.com

(੨) ਪ੍ਰਸਤਾਰ ਕਰਨ ਰੀਤੀ, ਦੋਹਿਰਾ

ਪਹਿਲੇ ਗਣ ਦੇ ਰੂਪ ਸਭ ਧਾਰ ਲਵੋ ਹਰ ਬਾਰ ।
ਹੋਰਾਂ ਇਕ ਇਕ ਵਧਿ ਕਰ ਬਰਜੇ ਠਡ ਪ੍ਰਸਤਾਰ ॥ ੪ ॥

ਅਰਥਾਰ ਜਿਸ ਛੰਦ ਵਿਚ ਜਿਕੁੰ ਗਣ ਦਾ ਨਿਯਮ ਹੋਵੇ, ਉਸੇ ਤਰ੍ਹਾਂ ਬਰਜੇ ਹੋਏ ਰੂਪ ਛੱਡ ਕੇ ਅੱਡ ਅੱਡ ਰੂਪ ਲਿਖ ਕੇ ਪ੍ਰਸਤਾਰ ਦੀ ਮਾਤ੍ਰਾ ਨਾਲ ਪ੍ਰਸਤਾਰ ਕਰੋ । ਜੈਸੇ ਦੋਹੇ ਦੇ ਆਦਿ ੬ ਮਾਤਰਾਂ ਅਤੇ ਉਹਨਾਂ ਦੇ ੧੩ ਰੂਪ ਹਨ, ਦੂਜਾ ਗਣ ੪ ਮਾਤਰਾਂ ਅਤੇ ਉਹਨਾਂ ਦੇ ੫ ਭੇਦ ਹਨ, ਪ੍ਰੰਤੂ ਇਕ ਭੇਦ (ISI) ਜਗਣ ਦਾ ਛੱਡ ਕੇ ੪ ਰੂਪ ਇਉਂ ਕਰੋ – ਕਿ ੬ ਮਾਤ੍ਰਾ ਦੇ ੧੩ ਰੂਪਾਂ ਨਾਲ ਤਾਂ ਆਦਿ ਭੇਦ (੨ ਗੁਰੂ ਦਾ) ਆਵੇਗਾ, ਫੇਰ ੧੩ ਹੀ ਰੂਪਾਂ ਨਾਲ(੨੬ ਤੱਕ) ੨ ਭੇਦ ਅੰਤ ਗੁਰੂ (IIS) ਵਾਲਾ, ੩੯ ਤਕ ੧੩ ਹੀ ਰੂਪਾਂ ਨਾਲ) ਤੀਜਾ ਭੇਦ ਆਦਿ ਗੁਰੂ ਵਾਲਾ ਅਤੇ ਫੇਰ ੫੨ ਤੱਕ (੧੩ ਨਾਲ) ਸਰਬ ਲਘੂ (IIII) ਵਾਲਾ ਚੌਥਾ ਭੇਦ ਆਵੇਗਾ, ਫੇਰ ੫੨ ਤੋਂ ਅੱਗੇ ੧੦੪ ਤਕ (੫੨ ਵਿਚ) ਆਦਿਲੇ ਦੋ ਗਣਾਂ ਦੇ ਓਹੀ ਰੂਪ ਆਉਣਗੇ । ਤੀਜਾ ਗਣ ਇਕ ਮਾਤ੍ਰਾ ਦਾ ਹੋਣ ਕਰਕੇ ਪਹਿਲੇ ਤੋਂ ਲੈ ਕੇ ਛੇਕੜਲੇ ਤਾਈਂ ਲਘੂ (I) ਹੀ ਰਹੂਗਾ ਅਤੇ ੪ ਥਾਂ ਗਣ ੨ ਵਸਤੂ ਹੈ ਮਾਤਰਾਂ ਦਾ ਹੋਣ ਕਰਕੇ ਅੱਧ ਤੱਕ (੫੨ ਤਕ) ਤਾਂ ਆਦਿ ਰੂਪ (ਦੋਨੋਂ ਗੁਰੂ) ਰਹੂ ਅਤੇ ਅੰਤਲੇ ਅੱਧੇ ਵਿਚ ਦੂਜਾ ਰੂਪ ਸਰਬ ਲਘੂ (II) ਦਾ ਰਹੂਗਾ, ਕਿਉਂਕਿ ਇਹਦੇ ਦੋ ਹੀ ਰੂਪ ਹਨ ।

ਦੇਖੋ ਵੰਨਗੀ ਦੋਹੇ ਦੇ ਇਕ ਚਰਣ ਦੇ ਪ੍ਰਸਤਾਰ ਦੀ –

| | | | |
|---|---|---|---|
| ੧ | SSS–S S–I–S | ੧੧ | ISIII–S S-I–S |
| ੨ | IIS S–S S–I–S | ੧੨ | SIIII–S S-I–S |
| ੩ | ISI S–S S–I–S | ੧੩ | IIIIII–S S-I–S |
| ੪ | SII S–S S–I–S | ੧੪ | SSS–I IS -I–S |
| ੫ | IIII S–S S–I–S | ੧੫ | IISS–IIS -I–S |
| ੬ | ISS I–S S–I–S | ੧੬ | ISIS–I IS -I–S |
| ੭ | SISI–S S–I–S | ੧੭ | SIIS–I IS -I–S |
| ੮ | IIISI- S S -I–S | ੧੮ | IIIIS–I IS -I–S |
| ੯ | S S II–S S -I–S | ੧੯ | ISSI–I IS -I–S |
| ੧੦ | ISII–S S-I–S | ੨੦ | SISI–I IS -I–S |

| | | | |
|---|---|---|---|
| ੨੧ | IIISI–IIS -I–S | ੪੩ | SIIS– IIII-I–S |
| ੨੨ | SSII–IIS -I–S | ੪੪ | IIIIS– IIII-I–S |
| ੨੩ | IISII–IIS -I–S | ੪੫ | ISSI– IIII-I–S |
| ੨੪ | IISII–IIS -I–S | ੪੬ | SISI– IIII-I–S |
| ੨੫ | SIIII–IIS -I–S | ੪੭ | IIISI– IIII-I–S |
| ੨੬ | IIIII–IIS -I–S | ੪੮ | SSII– IIII-I–S |
| ੨੭ | SSS–S I I -I–S | ੪੯ | IISII– IIII-I–S |
| ੨੮ | IISS–S I I -I–S | ੫੦ | ISIII– IIII-I–S |
| ੨੯ | ISIS–S I I -I–S | ੫੧ | SIIII– IIII-I–S |
| ੩੦ | SIIS– S I I-I–S | ੫੨ | IIIIII– IIII-I–S |
| ੩੧ | IIIIS– S I I-I–S | ੫੩ | SSS– S S- I–II |
| ੩੨ | ISSI– S I I-I–S | ੫੪ | IISS– S S- I–II |
| ੩੩ | SISI– S I I-I–S | ੫੫ | ISIS– S S- I–II |
| ੩੪ | IIISI– S I I-I–S | ੫੬ | SIIS– S S- I–II |
| ੩੫ | SSII– S I I-I–S | ੫੭ | IIIIS– S S- I–II |
| ੩੬ | IISII– S I I-I–S | ੫੮ | ISSI– S S- I–II |
| ੩੭ | ISIII– S I I-I–S | ੫੯ | SISI– S S- I–II |
| ੩੮ | SIIII– S I I-I–S | ੬੦ | IIISI– S S- I–II |
| ੩੯ | IIIIII– S I I-I–S | ੬੧ | SSII– S S- I–II |
| ੪੦ | SSS– IIII-I–S | ੬੨ | IISII– S S- I–II |
| ੪੧ | IISS– IIII-I–S | ੬੩ | ISIII– S S- I–II |
| ੪੨ | ISIS– IIII-I–S | ੬੪ | SIIII– S S- I–II |

| | | | |
|---|---|---|---|
| ੬੫ | IIIIII- S S- I-II | ੮੭ | SSII- SII- I-II |
| ੬੬ | SSS- IIS- I-II | ੮੮ | IISII- SII- I-II |
| ੬੭ | IISS- IIS- I-II | ੮੯ | ISIII- SII- I-II |
| ੬੮ | ISIS- IIS- I-II | ੯੦ | SIIII- SII- I-II |
| ੬੯ | SIIS- IIS- I-II | ੯੧ | IIIII- SII- I-II |
| ੭੦ | IIIIS- IIS- I-II | ੯੨ | SSS- IIII- I-II |
| ੭੧ | ISSI- IIS- I-II | ੯੩ | IISS- IIII- I-II |
| ੭੨ | SISI- IIS- I-II | ੯੪ | ISIS- IIII- I-II |
| ੭੩ | IIISI- IIS- I-II | ੯੫ | SIIS- IIII- I-II |
| ੭੪ | SSII- IIS- I-II | ੯੬ | IIIIS- IIII- I-II |
| ੭੫ | IISI- IIS- I-II | ੯੭ | ISSI- IIII- I-II |
| ੭੬ | ISIII- IIS- I-II | ੯੮ | SISI- IIII- I-II |
| ੭੭ | SIIII- IIS- I-II | ੯੯ | IIISI- IIII- I-II |
| ੭੮ | IIIII- IIS- I-II | ੧੦੦ | SSII- IIII- I-II |
| ੭੯ | SSS- SII- I-II | ੧੦੧ | IISII- IIII- I-II |
| ੮੦ | IISS- SII- I-II | ੧੦੨ | ISIII- IIII- I-II |
| ੮੧ | ISIS- SII- I-II | ੧੦੩ | SIII- IIII- I-II |
| ੮੨ | SIIS- SII- I-II | ੧੦੪ | IIIII- IIII- I-II |
| ੮੩ | IIIIS- SII- I-II | | |
| ੮੪ | ISSI- SII- I-II | | |
| ੮੫ | SISI- SII- I-II | | |
| ੮੬ | IIISI- SII- I-II | | |

ਸੂਚਨਾ – ਇਹਦੇ ਵਿਚ ਪਹਿਲੇ ਗਣ ਦੇ ੧੩ ਰੂਪ ਬਣਾ ਕੇ ਉਹਨਾਂ ਦੇ ਬਰਾਬਰ ਬਰਾਬਰ ਦੂਜੇ ਗਣ ਦਾ ਆਦਿ ਰੂਪ ਬਣਾਇਆ, ਫੇਰ ੨੬ ਤੱਕ ਆਦਿਲੇ ਦੇ ੧੩ ਰੂਪਾਂ ਨਾਲ ਦੂਜੇ ਦਾ ਦੂਜਾ ਰੂਪ ਬਣਾਇਆ, ਫੇਰ ਤੀਜਾ ਰੂਪ ਦੂਜੇ ਗਣ ਦਾ ਜਗਣ (।S।) ਹੋਣ ਕਰਕੇ ਛੱਡ ਦਿੱਤਾ, ਇਸ ਕਰਕੇ ਪਹਿਲੇ ਗਣ ਦੇ ੧੩ ਰੂਪਾਂ ਦੇ ਬਰਾਬਰ (੩੯ ਸੰਖਿਆ ਤੱਕ) ਦੂਜੇ ਗਣ ਦਾ ੪ਥਾ ਰੂਪ (S।।) ਬਣਾਇਆ ਫੇਰ ੫੨ ਸੰਖਿਆ ਤੱਕ ਪਹਿਲੇ ਗਣ ਦੇ ੧੩ ਰੂਪਾਂ ਨਾਲ ਦੂਜੇ ਗਣ ਦਾ ੫ਵਾਂ ਰੂਪ ਸਰਬ ਲਘੁ (।।।।) ਦਾ ਲਾਇਆ, ਦੂਜਾ ਗਣ ਮੁੱਕ ਗਿਆ। ਅੱਗੇ ਇਕ ਮਾਤ੍ਰਾ ਦਾ ਇਕ ਹੀ ਰੂਪ ਹੋਣ ਕਰਕੇ ਕੁੱਲ ਰੂਪਾਂ ਦੇ ਲਘੂ (।) ਹੀ ਨਾਲ ਨਾਲ ਲਾਯਾ, ਫੇਰ ਚੌਥਾ ਗਣ ਦੋ ਮਾਤਰਾਂ ਦਾ ਹੋਣ ਕਰਕੇ ਅੱਧਿਆਂ ਰੂਪਾਂ ਤੱਕ ਗੁਰੂ (S) ਲਾਇਆ, ਫੇਰ ਅੰਤ (੫੨ ਤੋਂ ੧੦੪) ਤੱਕ ਸਰਬ ਲਘੁ (।।) ਲਾਇਆ ਅਤੇ ਏਹਨਾਂ ਦੇ ਨਾਲ ਪਹਿਲਿਆਂ ਗਣਾਂ ਦੀ ਕ੍ਰਿਆ ਭੀ ਉਸੇ ਤਰ੍ਹਾਂ ਹੀ ਕੀਤੀ, ਇਹ ਪਹਿਲੇ ਹੀ ਚਰਣ ਦੀ ਪ੍ਰਸਤਾਰ ਹੈ। ਇਸੇ ਤਰ੍ਹਾਂ ਹੋਰਨਾਂ ਦੀ ਜਾਣੋਂ, ਬਹੁਤ ਹੋਣ ਕਰਕੇ ਨਹੀਂ ਲਿਖੀ।

## (੩) ਉਦਿਸ਼ਟ ਰੀਤੀ

ਗੱਦਜ – ਜੇ ਕੋਈ ਪੁੱਛੇ ਕਿ ਦੋਹਿਰੇ ਦਾ 'ਇਹ' ਭੇਦ ਕੌਣ ਸਾ ਹੈ ? ਤਾਂ ਇਸ ਤਰ੍ਹਾਂ ਕਰੋ, ਦੋਹੇ ਦੇ ਬੰਦ (ਗਣ) ਟਗਣ ਆਦਿਕ (ਪਹਿਲਾਂ ਦੀ ਤਰ੍ਹਾਂ) ਨਿਖੇੜ ਲਵੇ, ਫੇਰ ਓਹਨਾਂ ਉਤੇ ਸੂਚੀ ਅੰਗ ਲਿਖੋ ਤਾਂ ਹੇਠਾਂ ਪ੍ਰਸਤਾਰ ਦੁਆਰਾ ਜੇਹੜਾ ਉਹਨਾਂ ਦਾ ਰੂਪ ਹੋਵੇ ਓਹ ਅੰਗ ਲਿਖੋ, ਫੇਰ ਉਪਰਲੇ (ਸੂਚੀ) ਅੰਗਾਂ ਵਿਚੋਂ ਹੇਠਲੇ ਅੰਗ (ਰੂਪਾਂ ਦੇ) ਘਟਾ ਕਰ ਓਹਨਾਂ (ਰੂਪਾਂ ਦੇ) ਦੇ ਅੰਗਾਂ ਹੇਠਾਂ ਲਿਖੋ, ਫੇਰ ਜੇਹੜਾ ਅੰਗ ਛੇਕੜਲੇ ਗਣ ਤੇ ਉੱਤੇ ਹੈ ਉਸਨੂੰ ਗਣ ਦੇ ਹੇਠਲੇ (ਰੂਪ ਅੰਗ) ਅੰਗ ਨਾਲ ਗੁਣ ਕੇ ਉਹਦੇ ਵਿਚੋਂ ਸਭ ਤੋਂ ਹੇਠਲਾ ਅੰਗ ਘਟਾਓ, ਜੋ ਪਿੱਛੇ ਰਹੇ ਓਹਨੂੰ ਗਣ ਦੇ ਸੂਚੀ ਅੰਗ ਦੇ ਸਿਰ ਲਿਖੋ, ਫੇਰ ਉਸ ਉਪਰਲੇ ਅੰਗ ਦੂਜੇ (ਖੱਬੇ) ਗਣ ਦਾ ਸਿਖਰੰਗ ਗੁਣ ਕੇ ਉਹਦੇ ਵਿਚੋਂ ਓਸ (ਖੱਬੇ) ਗਣ ਦਾ ਸਭ ਤੋਂ ਹੇਠਲਾ ਅੰਗ ਘਟਾ ਕੇ ਸਿਖਰ (ਪਹਿਲੇ ਵਾਂਗ) ਲਿਖੋ, ਇਸੇ ਤਰ੍ਹਾਂ ਸੱਜਿਓਂ ਖੱਬੇ ਪਾਸੇ ਨੂੰ ਕਰਦੇ ਜਾਵੋ (ਕਿਉਂਕਿ ਅੰਗਾਂ ਦੀ ਚਾਲ ਸੱਜਿਓਂ ਖੱਬੇ ਨੂੰ ਹੁੰਦੀ ਹੈ) ਜੋ ਅੰਤਲਾ (ਸਿਖਰਲਾ) ਅੰਗ ਆਵੇਗਾ ਓਹ ਉਤਰ ਹੋਊਗਾ।

[ਦੇਖੋ ਵੰਨਗੀ] ਦੋਹਿਰਾ

ਬਿਪਤ ਬਿਨਾਸਨ ਦਸਮ ਗੁਰ, ਬੀਰਨ ਬੀਰ ਅਖੰਡ।
ਰਿਦੇ ਧਾਰ ਖਲ ਖੰਡਨੋ ਖੰਡਨ ਕਰਨ ਪਖੰਡ ॥

ਉਦਿਸ਼ਟ ਚਿੱਤ੍ਰ

| ਉੱਤ੍ਰ ਰੂਪ ਅੰਗ | ੧੩੫੯੭੪੭੨ | ੧੦੪੫੯੬੦ | ੨੬੧੪੯੦ | ੨੬੧੪੯੦ | ੧੩੦੭੪੫ | ੧੦੦੫੮ | ੨੫੧੫ |
|---|---|---|---|---|---|---|---|
| ਸੂਚੀ ਅੰਗ | ੧੩ | ੪ | ੧ | ੨ | ੧੩ | ੪ | ੧ |
| ਤੁਕ ਦੇ ਰੂਪ | IIIIS, | IIII, | I, | II+, | SIIS, | IIS, | I |
| ਰੂਪਾਂ ਦੇ ਭੇਦ | ੫ | ੪ | ੧ | ੨ | ੪ | ੨ | ੧ |
| ਘਟੇ ਹੋਏ ਅੰਗ | ੮, | ੦ | ੦ | ੦+ | ੯ | ੨ | ੦ |
| ਉੱਤ੍ਰ ਰੂਪ ਅੰਗ | ੨੫੧੫ | ੧੯੪ | ੪੯ | ੪੯ | ੨੧ | ੨ | ੧ |
| ਸੂਚੀ ਅੰਗ | ੧੩ | ੪ | ੧ | ੨ | ੧੩ | ੪ | ੧ |
| ਤੁਕ ਦੇ ਰੂਪ | ISSI, | IIS, | I, | S,+S | I!II, | IIS, | I |
| ਰੂਪਾਂ ਦੇ ਭੇਦ | ੬ | ੨ | ੧ | ੧+ | ੧੨ | ੨ | ੧ |
| ਘਟੇ ਹੋਏ ਅੰਗ | ੭ | ੨ | ੨ | ੧+ | ੧ | ੨ | ੦ |

ਹੱਲ' =੧ ੧=੦, ੪-੨=੨, ੧੩-੧੨=੧, ੨-੧=੧,
੧-੧=੦, ੪-੨=੨, ੧੩-੬=੭,

੧-੧=੦, ੪-੨=੨, ੧੩-੪=੯, ੨-੨=੦, ੧-੧=੦,
੪-੪=੦, ੧੩-੫=੮,

੧×੧=੧-੦=੦, ੧×੪=੪-੨=੨, ੨×੧੩=੨੬-੧=੨੫,
੨੫×੨=੫੦-੧=੪੯, ੪੯×੧=੪੯-੦=੪੯,
੪੯×੪=੧੯੬-੨=੧੯੪ ॥

=੧੯੪×੧੩=੨੫੨੨-੭=੨੫੧੫, ੨੫੧੫×੪=੧੦੦੬੦-੨=੧੦੦੫੮,
੧੦੦੫੮×੧੩=੧੩੦੭੫੪-੯=੧੩੦੭੪੫, ੧੩੦੭੪੫×੨-
੦=੨੬੧੪੯੦×੧-੦=੨੬੧੪੯੦, ੨੬੧੪੯੦×੪-੦=੧੦੪੫੯੬੦,
੧੦੪੫੯੬੦×੧੩-੮=੧੩੫੯੭੪੭੨ ਵਾਂ ਉੱਤਰ।

ਸੁਚਨਾ - ਇਹ ਇਉਂ ਕੱਢਿਆ : - ਕਿ ਪਹਿਲਾਂ ਗਣਾਂ ਦੇ ਰੂਪ ਨਿਖੇੜ ਕੇ (।।।S ਆਦਿਕ) ਲਿਖੇ, ਓਹਨਾਂ ਉਤੇ ੧੩ ਆਦਿਕ ਸੂਚੀ ਦੇ ਅੰਗ ਲਿਖੇ, ਫੇਰ ਉਹਨਾਂ ਸਾਰਿਆਂ ਗਣਾਂ ਹੇਠ ਉਹਨਾਂ ਦੇ ਰੂਪਾਂ ਦੇ ਅੰਗ ( ਕਿ ਇਹ ਸ਼ਕਲ ਐਸ ਰੂਪ ਦੀ ਹੈ) ੫-੪ ਆਦਿਕ ਲਿਖੇ, ਫੇਰ ਸੂਚੀ ਅੰਗਾਂ ਵਿਚੋਂ ਏਹਨਾਂ (ਰੂਪਾਂ ਦਿਆਂ) ਅੰਗਾਂ ਨੂੰ ਘਟ ੨ ਕੇ ਹੇਠ ੮,0 ਆਦਿਕ ਅੰਗ ਲਿਖੇ, ਫੇਰ ਸੱਜੇ ਪਾਸੇ ਜੇਹੜਾ ਪੰਗਤੀ ਦੇ ਛੇਕੜ ਗਣ (।) ਹੈ ਉਹਦੇ ਉਤਲੇ ੧ ਨੂੰ ਉਹਦੇ ਹੇਠਲੇ ੧ ਨਾਲ ਗੁਣਕੇ ਹੇਠਲੇ ੧ ਦੇ ਹੇਠਲਾ '0' ਘਟਾ ਕੇ ਉਸੇ (ਸਿਖਰਲੇ) ੧ ਦੇ ਉਤੇ (੧) ਪਾਇਆ, ਫੇਰ ਏਸ (ਸਭ ਤੋਂ ਉਪਰਲੇ) ੧ ਨੂੰ ਖੱਬੇ ਪਾਸੇ ਦੇ ਗਣ ਦੇ ਸਿਖਰੰਗ ੪ ਨਾਲ ਗੁਣ ਕੇ ਉਸੇ ਗਣ ਦੇ ਸਭ ਤੋਂ ਹੇਠਲਾ ਅੰਗ ਉਹਦੇ ਵਿਚੋਂ ਘਟਾਇਆ ਤਾਂ ੨ ਰਹੇ, ਸੋ ਸਭ ਤੋਂ ਉਪਰ (ਉਸੇ ਗਣ ਦੇ) ਪਾਏ, ਫੇਰ ਦੋ ਨਾਲ ਤੀਜੇ ਗਣ ਉਪਰਲੇ ੧੩ ਗੁਣੇ ਤਾਂ ੨੬ ਹੋਣੇ ਇਹਨਾਂ ਵਿਚੋਂ ਉਸੇ ਗਣ ਦਾ ਹੇਠਲਾ ਅੰਗ ੧ ਘਟਾਇਆ ਤਾਂ ੨੫ ਰਹੇ, ਸੋਈ ਉਸੇ ਗਣ ਦੇ ਉੱਪਰ ਪਾਏ, ਫੇਰ ੨੫×੨-੧=੪੯ ਚੌਥੇ ਗਣ ਦੇ ਸਿਖਰ ਪਾਏ। ਫੇਰ ੪੯ ਨੂੰ ੫ ਵੇਂ ਗਣ ਦੇ ਉਤਲੇ ੧ ਨਾਲ ਗੁਣ ਕੇ ਉਹਦੇ ਵਿਚੋਂ '0' ਘਟਾਇਆ ਤਾ ੪੯ ਰਹੇ, ਸੋ ਪਵੇਂ ਗਣ ਦੇ ਉਪਰ ਪਾਏ, ਫੇਰ ੪੯ ਨੂੰ ੪ (ਜੋ ਛੇਵੇਂ ਗਣ ਉਪਰ ਹੈ) ਨਾਲ ਗੁਣਿਆਂ ਤਾਂ ੧੯੬ ਹੋਏ ਇਹਨਾਂ ਵਿਚ ਉਸ ਗਣ ਦਾ ਸਭ ਤੋਂ ਹੇਠਲਾ ਅੰਗ ੨ ਘਟਾਇਆ ਤਾਂ ੧੯੪ ਰਹੇ, ਉਸੇ ਗਣ ਦੇ ਸਿਖਰ ਲਿਖੇ ਫੇਰ ੧੯੪ ਨਾਲ ੧੩ (ਜੇਹੜੇ ਸੱਤਵੇਂ ਗਣ ਉਤੇ ਹਨ) ਗੁਣ ਕੇ ਉਹਨਾਂ ਵਿਚੋਂ ੭ (ਜੇਹੜੇ ਉਸੇ ਗਣ ਦੇ ਸਭ ਤੋਂ ਹੇਠਲੇ ਅੰਗ ਹਨ) ਘਟਾਏ ਤਾਂ ੨੫੧੫ ਰਹੇ, ਓਹ ਉਪਰ ਲਿਖੇ। ਇਹ ਪਿਛਲੀ ਪੰਗਤੀ ਦੀ ਕ੍ਰਿਆ ਹੋਈ, ਏਵੇਂ ਹੀ ੨੫੧੫ ਨੂੰ ਲੈ ਕੇ ਅਗਲੀ ਪੰਗਤੀ ਭੀ ਕੀਤੀ ਤਾਂ ਅੰਤਲਾ ਅੰਗ ੧੩੫੯੭੪੭੨ ਆਇਆ, ਏਹੀ ਉਤਰ ਹੈ।

## (੪) ਨਸ਼ਟ ਰੀਤੀ

ਜੇ ਕੋਈ ਪੁੱਛੇ ਕਿ ਦੋਹੇ ਦਾ ਫਲਾਨਾ ਭੇਦ ਕਿਹੜਾ ਹੈ ? ਤਾਂ ਇਉਂ ਕਰੋ - ਅੱਗੇ ਦੀ ਤਰ੍ਹਾਂ ਟਗਣ ਆਦਿਕ ਗਣ ਮਥ ਛੱਡੋ ਅਤੇ ਪੁੱਛੇ ਹੋਏ ਅੰਗ ਨੂੰ ੧੩ ਉੱਤੇ (ਜੇਹੜੇ ਕਿ ਪਹਿਲੇ ਗਣ ਦੇ ਸੂਚੀ ਅੰਗ ਹਨ) ਵੰਡੋ ਫੇਰ ਜਿੰਨਾਂ ਲਭਧ ਆ ਕੇ ਬਾਕੀ ਰਹੇ ਓਹੀ ਸ੍ਰੂਪ ੬ ਕਲਾ (ਟਗਣ) ਦਾ ਲਿਖ ਲਵੇ, ਫੇਰ ਅਗਲੇ ਗਣ ਦਾ ਰੂਪ ਬਣੌਣ ਲਈ ਜੇਹੜਾ ਪਿੱਛੇ ਲਭਧ ਆਇਆ ਸੀ ਉਹਦੇ ਵਿੱਚ ਇਕ ਰਲਾ ਕੇ ਉਹਨੂੰ ਦੂਜੇ ਗਣ (ਡਗਣ) ਦੇ ਸੂਚੀ ਅੰਗ (੪) ਉਤੇ ਵੰਡੋ, ਜੋ ਲਭਦ ਆ ਕੇ ਬਾਕੀ ਰਹੇ ਉਂਨਾਂ ਰੂਪ ਹੀ ਉਸ ਗਣ ਦਾ ਜੇਹੜਾ ਹੋਵੇ ਲਿਖ ਲਵੇ, ਇਸੇ ਤਰ੍ਹਾਂ ਲਭਧ ਰਹੇ ਵਿੱਚ ਇਕ ਰਲਾ ਰਲਾ ਕੇ ਓਹੀ ਕ੍ਰਿਆਂ ਕਰਦੇ ਜਾਓ ਅਤੇ ਸਾਰਾ (ਦੋਹਿਰੇ ਦਾ) ਰੂਪ ਬਣਾ ਲਵੇ। ਜਦ ਕਿਤੇ ਵੰਡਦੇ ਹੋਇਆਂ ਪੂਰੀ ਹੀ ਵੰਡ ਪਵੇ ਤਾਂ ਉਥੋਂ ਇਉਂ ਕਰਨਾ ਕਿ ਔਂਦੇ ਲਭਦ ਨਾਲੋਂ ਇਕ ਘੱਟ ਲਭਧ ਮੰਨਣਾ ਅਤੇ ਉਸ ਬਚਦੇ ਹੁੰਦਾ ਉਸੇ ਗਣ ਦਾ ਸੂਚੀ ਅੰਗ ਜਿੰਨਾਂ (ਅਰਥਾਤ ਜਿਹਦੇ ਉੱਤੇ ਵੰਡਦੇ ਹਾਂ) ਰੂਪ ਰੱਖ ਲੈਣਾ, ਜੈਸ ੬੫ ਨੂੰ ੧੩ ਉਤੇ ਵੰਡਦਿਆਂ ੫ ਔਂਦੇ ਹਨ ਤਾਂ ਲਭਧ ੪ ਹੀ ਮੰਨਕੇ

ਅੱਗੇ ਉਸ ਗਣ ਦਾ ਸੂਚੀ ਅੰਗ ਜਿੰਨਾਂ (੧੩ਵਾਂ ਹੀ) ਰੂਪ ਲਗਾ ਲੈਣਾ, ਫੇਰ ੪ ਵਿੱਚ ਇੱਕ ਜੋੜ ਕੇ ਅਗਲੇ ਗਣ ਦੇ ਰੂਪ ਲਈ ਓਹੀ ਕ੍ਰਿਯਾ ਕਰਨੀ। ਜੇਕਰ ਲਭਧ ਵਿਚ ਇਕ ਰਲਾਇਆਂ ਅਗਲੇ ਗਣ ਦੇ ਸੂਚੀ ਅੰਗਾਂ ਉਤੇ ਵੰਡਨਾ ਪੈ ਸਕੇ ਤਾਂ ਉਸੇ ਅੰਗ ਜਿੰਨਾਂ ਰੂਪ ਉਸ ਗਣ ਦਾ ਲਿਖ ਲਵੋ, ਰਹਿੰਦਿਆਂ ਗਣਾਂ ਲਈ ਉਹਨਾਂ ਦੇ ਆਦਿ ਰੂਪ ਹੀ ਲਿਖੋ।

ਦੇਖੋ ਦੋਹੇ ਦੇ ੨੫ ਵੇਂ ਭੇਦ ਦੀ ਵੰਨਗੀ

੨੫÷੧੩=੧-੧੨ ਤਾਂ ੧੨ਵਾਂ = *S*।।।। (ਟਗਣ ਦਾ)

੧+੧=੨ ਤਾਂ ਦੂਜਾ ।।*S*(ਡਗਣ ਦਾ)

ਫੇਰ..... । (੧ ਮਾਤ੍ਰਾ ਦਾ)

ਫੇਰ *S*(ਣਗਣ ਦਾ ਆਦਿ ਰੂਪ)

ਰਹਿੰਦੀ ਪਾਲ ਤੇ ਦੂਜੀ ਪਾਲ = *SSS*, *SS*, ।-*SSS*,*SS*,

।*S*+*SSS*, *SS*, । (ਸਭ ਦੇ ਆਦਿ ਰੂਪ)

---

ਤਾਂ *S*।।।।, ।।*S*, ।*S*+*SSS*, *S S*, ।

*S S S*, *SS*, ।*S*,+*SSS*, *SS*, । ਉਤ੍ਰ

ਸੂਚਨਾ – ੨੫ ਨੂੰ ੧੩ ਉਤੇ ਵੰਡਿਆਂ ੧ ਲਭਧ ਆ ਕੇ ੧੨ ਬਚੇ ਸੋ ੧੨ਵਾਂ ਰੂਪ ੬ ਕਲਾਂ (ਟਗਣ) ਦਾ '*S*।।।।' ਇਹ ਹੈ, ਫੇਰ ੧ (ਲਭਧ) ਵਿੱਚ ੧ ਰਲਾਇਆ ਤਾਂ ੨ ਹੋਏ, ਸੋ ਡਗਣ ਦੇ ੪ ਰੂਪਾਂ ਉਤੇ ਵੰਡ ਨਹੀਂ ਹੁੰਦੇ, ਏਸ ਕਰਕੇ ਡਗਣ ਦਾ ਦੂਜਾ ਹੀ ਰੂਪ (ਏਸੇ ਅੰਗ ਜਿਨਾ) '।।*S*' ਇਹ ਲਿਖਿਆ, ਫੇਰ ਸਭ ਗਣਾਂ ਦੇ ਆਦਿ ਰੂਪ ਹੀ ਲਿਖੇ ਅਰਥਾਤ ੧ ਮਾਤ੍ਰਾ ਦਾ ਇਕੋ (।) ਰੂਪ, ੨ ਮਾਤ੍ਰਾ ਦਾ ਆਦਿ ਰੂਪ '*S*' ਇਹ ਲਿਖਿਆ, ਦੂਜੇ ਚਰਣ ਵਿੱਚ ੬ ਕਲਾਂ ਦਾ ਆਦਿ ਰੂਪ '*SSS*' ਇਹ ਲਿਖਿਆ, ਫੇਰ ਡਗਣ ਦਾ ਆਦਿ ਰੂਪ '*SS*' ਇਹ ਲਿਖਿਆ, ਫੇਰ ੧ ਮਾਤ੍ਰਾ ਦਾ ਇਕੋ ਲਘੁ (।) ਲਿਖਿਆ ਪਹਿਲੀ ਪੰਗਤੀ ਪੂਰੀ ਹੋਈ, ਇਸੇ ਤਰ੍ਹਾਂ ਹੀ ਦੂਜੀ ਪੰਗਤੀ ਦੇ ਵਿਚਲੇ ਸਭ ਗਣਾਂ ਦੇ ਆਦਿ ਰੂਪ ਹੀ ਲਿਖਕੇ ਉੱਪਰ ਲਿਖੀ ਹੋਈ ਸ਼ਕਲ ਦੋਹੇ ਦੀ ਬਣਾਈ ਜਿਸਦਾ ਇਹ ਦੋਹਾ ਭੀ ਬਣ ਸਕਦਾ ਹੈ –

| ਵਰਣ | ਕੇ | ਹ | ਰਿ | ਸ | ਤਿ | ਗੁ | ਰ | ਹਾ | ਥ | ਤੇ | ਛੁੱ | ਟੀ | ਤੇ | ਗਾ | ਜੋ | ਇ |
|---|---|---|---|---|---|---|---|---|---|---|---|---|---|---|---|---|
| ਰੂਪ | S | । | । | । | । | । | । | S | । | S+ | S | S | S | S | S | । |
| ਵਰਣ | ਜੈ | ਜੈ | ਕ੍ਰੈ | ਦੇ | ਦੇ | ਵ | ਤੇ | | ਹੈ | ਹੈ | ਪਾ | ਪੀ | ਸੋ | ਇ | | |
| ਰੂਪ | S | S | S, | S | S, | । | S | + | S | S | S | S | S | । | | |

ਹੁਣ ਨਿਸ਼ਚਜ ਲਈ ਇਸੇ ਦੋਹੇ ਦਾ ਉਦਿਸ਼ਟ ਬਣਾਯਾ। ਯਥਾ -

੨੫ ੨ ੧੧ ੧ ੧ ੧

੧੩ ੪ ੧ ੨ ੧੩ ੪ ੧

S।।।। ।।S।S, SSS S S ।

ਕੇਹਰ ਸਤਿ' ਗੁਰਾਂ ਹਾਥ'ਤੇ ਛੁੱਟੀ ਤੇ' ਗਾ ਜੋ' ਇ।

੧੨ ੨ ੧ ੧ ੧ ੧ ੧

੧ ੨ ੦ ੧ ੧੨ ੩ ੧

---

੧ ੧ ੧ ੧ ੧ ੧ ੧

੧੩ ੪ ੧ ੨ + ੧੩ ੪ ੧

SSS SS।S SSS SSS S S ।

ਜੈ ਜੈ ਕ੍ਰੈਂ ਦੇ ਦੇ' ਵ' ਤੇ' ਹੈ ਹੈ ਪਾ' ਪੀ ਸੋ' ਇ।

੧ ੧ ੧ ੧ ੧ ੧ ੧

੧੨ ੩ ੦ ੧ ੧੨ ੩ ੦

ਉਦਿਸ਼ਟ ਦਾ ਹਲ = ੧੩-੧੨-੧, ੪-੨=੨, ੧-੧=੦, ੨-੧=੧+੧੩-੧=੧੨, ੪-੧=੩, ੧-੧=੦} ੧੩-੧=੧੨ ੪-੧=੩, ੧-੧=੦, ੨-੧=੧+੧੩-੧=੧੨, ੪-੧=੩, ੧-੧=੦} ਫੇਰ ੧×੧-੦=੧. ੧×੪-੩=੧, ੧×੧੩-੧੨=੧, ੧×੨-੧=੧, ੧×੧-੦=੧, ੧×੪-੩=੧, ੧×੧੩-੧੨=੧, ੧×੨-੧=੧, ੧×੧-੦=੧, ੧×੪-੨=੨, ੨×੧੩=੨੬-੧=੨੫ ਉਤ੍ਰ ਆਯਾ।

(੧) ਵਰਣ ਬ੍ਰਿਤ ਦੇ ਸਮ ਪ੍ਰਕਰਣ ਦੇ ਛੰਦਾਂ ਦੀ ਪ੍ਰਸਤਾਰ

| | | | |
|---|---|---|---|
| ੧ | SSSS-SSSS | ੨੨ | ISIS-ISSS |
| ੨ | ISSS-SSSS | ੨੩ | SIIS-ISSS |
| ੩ | SISS-SSSS | ੨੪ | IIIS-ISSS |
| ੪ | IISS-SSSS | ੨੫ | SSSI-ISSS |
| ੫ | SSIS-SSSS | ੨੬ | ISSI-ISSS |
| ੬ | ISIS-SSSS | ੨੭ | SISI-ISSS |
| ੭ | SIIS-SSSS | ੨੮ | IISI-ISSS |
| ੮ | IIIS-SSSS | ੨੯ | SSII-ISSS |
| ੯ | SSSI-SSSS | ੩੦ | ISII-ISSS |
| ੧੦ | ISSI-SSSS | ੩੧ | SIII-ISSS |
| ੧੧ | SISI-SSSS | ੩੨ | IIII-ISSS |
| ੧੨ | IISI-SSSS | ੩੩ | SSSS-ISSS |
| ੧੩ | SSII-SSSS | ੩੪ | ISSS-ISSS |
| ੧੪ | ISII-SSSS | ੩੫ | SISS-SISS |
| ੧੫ | SIII-SSSS | ੩੬ | IISS-SISS |
| ੧੬ | IIII-SSSS | ੩੭ | SSIS-SISS |
| ੧੭ | SSSS-ISSS | ੩੮ | ISIS-SISS |
| ੧੮ | ISSS-ISSS | ੩੯ | SIIS-SISS |
| ੧੯ | SISS-ISSS | ੪੦ | IIIS-SISS |
| ੨੦ | IISS-ISSS | ੪੧ | SSSI-SISS |
| ੨੧ | SSIS-ISSS | ੪੨ | ISSI-SISS |

Sri Satguru Jagjit Singh Ji eLibrary NamdhariElibrary@gmail.com

| | | | |
|---|---|---|---|
| ੪੩ | SISI-SISS | ੫੪ | ISIS-IISS |
| ੪੪ | IISI-SISS | ੫੫ | SIIS-IISS |
| ੪੫ | SSII-SISS | ੫੬ | IIIS-IISS |
| ੪੬ | ISII-SISS | ੫੭ | SSSI-IISS |
| ੪੭ | SIII-SISS | ੫੮ | ISSI-IISS |
| ੪੮ | IIII-SISS | ੫੯ | SISI-IISS |
| ੪੯ | SSSS-IISS | ੬੦ | IISI-IISS |
| ੫੦ | ISSS-IISS | ੬੧ | SSII-IISS |
| ੫੧ | SISS-IISS | ੬੨ | ISII-IISS |
| ੫੨ | IISS-IISS | ੬੩ | SIII-IISS |
| ੫੩ | SSIS-IISS | ੬੪ | IIII-IISS |

ਜੇ ਇਕ ਚਰਣ ਦੀ ਪ੍ਰਸਤਾਰ (ਅੱਗੇ ਵਾਂਗ) ਕਰਨੀ ਚਾਹੀਏ ਜਿਤਨੇ ਉਸ ਚਰਣ ਵਿੱਚ ਹੋਣ, ਅਤੇ ਜੇ ਦੋ ਚਰਣਾਂ ਦੀ ਕਰਨੀ ਹੋਵੇ ਤਾਂ ਦੋਹਾਂ ਦੇ ਵਰਣ ਮਿਲਾਕੇ ਓਹਨਾਂ ਦੀ ਪ੍ਰਸਤਾਰ ਕਰਨੀ ਚਾਹੀਏ । ਜੈਸੇ ਚਾਰ ਚਾਰਵਰਣ ਦੇ ਚਰਣਾਂ ਦੀ ਪ੍ਰਸਤਾਰ ਦੀ ਵੰਨਗੀ ਉਪਰ ਦਿਤੀ ਗਈ ਹੈ –

ਸੂਚਨਾ – ਇਸ ਪ੍ਰਕਾਰ ਚਾਰ ਵਰਣਾਂ ਦੇ ੧੬ ਰੂਪਾਂ ਨਾਲ ਅਗਲੀਆਂ ਤੁਕਾਂ ਦੇ ੪ ਵਰਣ ਦੇ ੧੬ ਰੂਪਾਂ ਵਿਚੋਂ ਪਹਿਲਾ ਦੂਜਾ ਅਤੇ ਤੀਜਾ ਚੌਥਾ ਰੂਪ ਲਿਖ ਕੇ ੬੪ ਰੂਪ ਬਣੇ ਹਨ, ਅੱਗੇ ਏਸ ਤਰ੍ਹਾਂ ਹੀ ਹਰ ਇਕ ਰੂਪ ਨਾਲ ਚੌਥਾ ਪੰਜਵਾਂ ਆਦਿਕ (੧੬ ਰੂਪਾਂ ਪ੍ਰਯੰਤ) ਰਲਾ ੨ ਲਿਖਣ ਤੋਂ (੧੬×੧੬=) ੨੫੬ ਰੂਪ ਹੁੰਦੇ ਹਨ, ਮਗਰ ਵਿਸਤਾਰ ਹੋ ਜਾਣ ਕਰਕੇ ਨਹੀਂ ਲਿਖੇ ਗਏ ।

॥ ਇਤੀ ਪ੍ਰਸਤਾਰ ॥

## (੨) ਸੰਖਿਆ ਰੀਤੀ

ਪਹਿਲੇ ਵਾਂਗ ਹੀ ਜਿਤਨੇ ਦੀ ਸੰਖਿਆ ਕਰਨੀ ਹੋਵੇ ਉਤਨੀਆਂ ਨੂੰ ਚਾਰ ਉਤੇ ਵੰਡੋ, ਜੇਹੜਾ ਅੰਗ ਹੱਥ ਆਵੇ ਉਤਨੇ ਹੀ ਸੋਲ੍ਹਿਆਂ ਨੂੰ ਆਪਸ ਵਿਚੀਂ ਗੁਣ ਕੇ ਉੱਤਰ

Sri Satguru Jagjit Singh Ji eLibrary NamdhariElibrary@gmail.com

ਲਵੋ, ਜੇ ਵੰਡ ਪੈ ਕੇ ਕੁਝ ਬਾਕੀ ਰਹਿ ਜਾਵੇ ਤਾ ਬਾਕੀ ਰਹੇ ਜਿੰਨੇ ਦੂਇਆਂ (੨) ਨੂੰ ਉਸ ਅੰਗ ਨਾਲ ਗੁਣੋਂ ਜੋ ਕਿ ਸੋਲ੍ਹਿਆਂ ਦਾ ਗੁਣਨਫਲ ਹੈ।

੪ ਵਰਣ ਵਾਲੇ ਚਰਣ ਦੀ ਸੰਖਿਆ ਦੀ ਵੰਨਗੀ :-

੪÷੪-੧=੧੬ ਉੱਤਰ ॥ ੮ ਵਰਣ ਦੀ ਵੰਨਗੀ ਯਥਾ - ੮÷੪=੨=੧੬×੧੬=੨੫੬ ਉੱਤਰ। ੧੦ ਵਰਣ ਦੀ ਵੰਨਗੀ।

੧੦÷੪=੨-੨=੧੬×੧੬×੨×੨=੧੦੨੪ ਉੱਤਰ ॥

## (੩) ਉਦਿਸ਼ਟ ਰੀਤੀ

ਸਭ ਤੁਕਾਂ ਦੇ ਵਰਣ ਮਿਲਾ ਕੇ ਵਰਣੇ ਦਿਸ਼ਟ ਦੇ ਅਨੁਸਾਰ ਉਦਿਸ਼ਟ ਕਰੋ "ਚੇਤ ਨਾਥਾ। ਟੇਕੀਂ ਮਾਥਾ" ਇਹਦਾ ਉਦਿਸ਼ਟ ਇਉਂ ਕੀਤਾ :-

੧ ੨ ੪ ੮ ੧੬ ੩੨ ੬੪ ੧੨੮

*SISS+SSSS*= *S* I *S* *S* *S* *S* *SS* = ੧+੪+੮+੧੬+੩੨+੬੪+੧੨੮=੨੫੩= ੨੫੬=੨੫੬-੨੫੩=੩ ਅਰਥਾਤ ਤੀਜਾ ਰੂਪ।

ਸੂਚਨਾ - ਇਸ ਵਿਚ ਦੋਹਾਂ ਤੁਕਾਂ ਦੇ ੮ ਵਰਣ ਮਿਲਾ ਕੇ ਇਹ ਨਿਸ਼ਚਾ ਕੀਤਾ ਕਿ ਇਹਨਾਂ ਦੇ ੨੫੬ ਰੂਪਾਂ ਵਿਚੋਂ ਉਕਤ ਤੀਜਾ ਰੂਪ ਹੈ।

॥ਇਤਿ ਉਦਿਸ਼ਟ॥

## (੪) ਨਸ਼ਟ ਰੀਤੀ

ਸਭ ਚਰਣਾਂ ਦੇ ਵਰਣਾ ਨੂੰ ਮਿਲਾ ਕੇ ਪੂਰਬ ਕਹੀ ਰੀਤੀ ਅਨੁਸਾਰ ਨਸ਼ਟ ਤਿਆਰ ਕਰਨਾ ਚਾਹੀਏ। ੬ ਅੱਖਰਾਂ ਵਾਲੇ ੨ ਚਰਣਾਂ ਦਾ ੧੭੫੬ ਵਾਂ ਰੂਪ ਇਉਂ ਕੱਢਿਆ :-

੧ ੨ ੪ ੮ ੧੬ ੩੨ ੬੪ ੧੨੮ ੨੫੬ ੫੧੨ ੧੦੨੪ ੨੦੪੮

I I I I I I+ I I I I I I

=੨੦੪੮×੨=੪੦੯੬-੧੫੫੬=੨੩੪੦ ਸੋ ਇਹ, ੪,੩੨, ੨੫੬, ੪੮ ਦਾ ਜੋੜ ਹਨ (੪+੩੨+੨੫੬+੨੦੪੮=੨੩੪੦) ਸੋ ਇਹਨਾਂ ਅੰਕਾਂ ਹੇਠਲੀਆਂ ਮਾਤਰਾਂ ਨੂੰ ਦੀਰਘ ਕੀਤਾ ਤਾਂ ॥ *S* ॥ *S*+॥*S*-॥*S* ਇਹ ਰੂਪ ਬਣੀਆਂ। ਇਸ ਪ੍ਰਕਾਰ ਇਸ ਰੂਪ ਉਤੇ "ਨਰਦਾਨ ਕਰੇ। ਕੁਛ ਗਯਾਨ ਕਰੇ" ਇਹ ਛੰਦ ਪਿਆ।

Sri Satguru Jagjit Singh Ji eLibrary NamdhariElibrary@gmail.com

ਨੋਟ – ਗਣਕ ਛੰਦ ਪ੍ਰਸਤਾਰ ਨਹੀਂ ਨਿਕਲ ਸਕਦੀ ਕਿਉਂਕਿ ਉਹ ਤਾਂ ਉਤਨੇ ਵਰਣ ਸਮੁਦਾਯ ਦਾ ਆਪ ਹੀ ਰੂਪ ਵਿਸ਼ੇਸ਼ ਹੈ, ਅਤੇ ਸੰਖਿਆ ੧ ਚਰਣ ਦੀ ੧, ਦੋ ਦੀ ੨, ਤਿੰਨ ਦੀ ੩ ਅਤੇ ੪ ਦੀ ਚਾਰ ਹੈ, ਕਿਉਂਕਿ ਸਭ ਰੂਪ ਨਿਪਾਤ (ਬੰਨ੍ਹਵੇਂ) ਹਨ। ਉਦਿਸ਼ਟ ਦੁਆਰਾ ਇਹਦੀ ਭੇਦ ਸੰਖਿਆ ਅਤੇ ਨਸ਼ਟ ਦੁਆਰਾ ਇਹਦਾ ਰੂਪ ਨਿਕਲ ਸਕਦਾ ਹੈ।

॥ਇਤਿ ਨਸ਼ਟ॥

ਇਸੀ ਪ੍ਰਕਾਰ ਇਨ੍ਹਾਂ (ਸਭ ਪ੍ਰਕਰਣਾਂ ਦੇ) ਛੰਦਾਂ ਦੇ ਮੇਰੂ ਆਦਿ ਭੀ ਕੀਤੇ ਜਾ ਸਕਦੇ ਹਨ ਪ੍ਰੰਤੂ ਇਸ ਪੋਥੀ ਵਿੱਚ ਇੰਨੇ ਹੀ ਦੱਸਣੇ ਯੋਗ ਸਮਝੇ ਗਏ ਹਨ ਓਹ ਕਿਤੇ ਫੇਰ (ਪਿੰਗਲ ਦੇ ਗੁੱਝੇ ਭੇਦਾਂ ਨਾਲ) ਕੀਤੇ ਜਾਣਗੇ।

[ਅਲੌਕਿਕ ਛੰਦਾਂ ਉਤੇ ਪ੍ਰਤਜਯਾਂ ਦੀ ਵਰਤੋਂ]

(ਮਾਤ੍ਰਕ ਸਮ ਪ੍ਰਕਰਣ)

ਊਚ ਅਪਾਰ ਬਿਅੰਤ ਸੁਆਮੀ ਕੌਣ * ਜਾਣੇ ਗੁਣ ਤੇਰੇ।

[ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ]

ਇਸ ਅਲੌਕਿਕ ਵਾਕਯ ਵਿਚ ੨੮ ਮਾਤ੍ਰਾ ਹਨ। ਸੋ ੨੮ ਮਾਤਰਾਂ ਦੇ ੫੧੪੨੨੯ ਰੂਪ ਹੁੰਦੇ ਹਨ, ਜਿਨ੍ਹਾਂ ਵਿਚ ਉਕਤ ਵਾਕਯ ਭੀ ਹੈ। ਹੁਣ ਦੇਖਣਾ ਹੈ ਕਿ ਏਸ ਵਾਕਯ ਦੀ ਸੰਖਿਆ ਕਿੰਨੀ ਹੈ ? ਅਰਥਾਤ ਪੂਰਬੋਕਤ ਭੇਦਾਂ ਵਿਚੋਂ ਇਹ ਕਿੰਨਵਾਂ ਭੇਦ ਹੈ ? ਤਾਂ ਓਸਦੇ ਵਾਸਤੇ ਇਸ ਪ੍ਰਕਾਰ ਉਦਿਸ਼ਟ ਕੀਤਾ –

ਨੋਟ – ਸਾਰੀਆਂ ਤੁਕਾਂ ਨੂੰ ਮਿਲਾ ਕੇ ਹੋਰ ਰੂਪ ਸਿੱਧ ਹੋਵੇਗਾ, ਪ੍ਰੰਤੂ ਵਿਸ਼ੇਸ਼ ਪ੍ਰਸ਼੍ਰਮ ਛੱਡ ਕੇ ਰੀਤੀ ਮਾਤ੍ਰ ੧ ਤੁਕ ਦਾ ਹੀ ਉਦਿਸ਼ਟ ਕੀਤਾ ਹੈ। ਨਿਸ਼ਚਯ ਲਈ ਉਲਟਾ ਕੇ 'ਨਸ਼ਟ' ਭੀ ਕਰ ਲੈਣਾ ਚਾਹੀਏ। ਅਰਥਾਤ ੫੩੩੦੨ ਵਾਂ ਰੂਪ ਇਸ ਪ੍ਰਕਾਰ ਕੱਢਣਾ–

੧
੮
੫੫
੩੭੭
੯੮੭
੨੫੮੪
੧੭੭੧੧
੧੨੧੩੯੩
੩੧੭੮੧੧
-----------
੪੬੦੯੨੭

---

* 'ਜਾ' ਨੂੰ ਲਘੂ ਪੜ੍ਹਕੇ ੨੮ ਮਾਤਰਾਂ ਹਨ।

Sri Satguru Jagjit Singh Ji eLibrary NamdhariElibrary@gmail.com

| | | |
|---|---|---|
| ੩੧੭੮੧੧ | S | ੫੧੪੨੨੯ |
| ੧੨੧੩੯੩ | S | ੧੯੬੪੧੮ |
| ੭੫੦੨੫ | । | |
| ੪੬੩੭੮ | । | |
| ੧੭੭੧੧ | S | ੨੮੬੫੭ |
| ੧੦੯੪੬ | । | |
| ੫੬੭੬ | । | |
| ੩੮੫੨ | S | ੪੧੧੮ |
| ੭੮੯ | S | ੭੯੫੧ |
| ੭੭੩ | S | ੦੧੬ |
| ੩੩੨ | । | |
| ੪੪੧ | । | |
| ੫੫ | S | ੯੮ |
| ੪੩ | । | |
| ੧੨ | । | |
| ੮ | S | ੩੧ |
| ੫ | । | |
| ੩ | । | |
| ੧ | S | ੨ |

=੫੧੪੨੨੯-੪੬੦੯੨੭=੫੩੩੦੨ ਉੱਤ੍ਰ

| | | |
|---|---|---|
| ੫੧੪੨੨੯ | - | ੦ |
| ੩੧੭੮੧੧ | - | ੨ |
| ੧੯੬੪੧੮ | - | ੦ |
| ੧੨੧੩੯੩ | - | ੨ |
| ੭੫੦੨੫ | - | |
| ੪੬੩੬੮ | - | |
| ੨੮੬੫੭ | - | ੦ |
| ੧੭੭੧੧ | - | ੨ |
| ੧੦੯੪੬ | - | |
| ੬੭੬੫ | - | |
| ੪੧੮੧ | - | ੦ |
| ੨੫੮੪ | - | ੨ |
| ੧੫੯੭ | - | ੦ |
| ੯੮੭ | - | ੨ |
| ੬੧੦ | - | ੦ |
| ੩੭੭ | - | ੨ |
| ੨੩੩ | - | |
| ੧੪੪ | - | |
| ੮੯ | - | ੦ |
| ੫੫ | - | ੨ |
| ੩੪ | - | |
| ੨੧ | - | |
| ੧੩ | - | ੦ |
| ੮ | - | ੨ |
| ੫ | - | |
| ੩ | - | |
| ੨ | - | ੦ |
| ੧ | - | ੨ |

੫੧੪੨੨੯-੫੩੩੦੨(ਪ੍ਰਸ਼ਨਾਂਗ)
= ੪੬੦੯੨੭-੩੧੭੮੧੧ =
੧੪੩੧੧੬-੧੨੧੩੯੩ =
੨੧੭੨੩-੧੭੭੧੧ = ੪੦੧੨-
੨੫੪੮= ੧੪੨੮-੯੨੭ =
੪੪੧-੩੭੭ = ੬੪-੫੫ = ੯-
੮ = ੧-੧ = ੦ = $S||S||S||SS$,
$S||S||SS$ ਇਹ ਚਿੰਨ੍ਹ ਆਏ ਇੰਨ੍ਹਾਂ ਉੱਤੇ
"ਊਚ ਅਪਾਰ ਬੇਅੰਤ ਸੁਆਮੀ ਕੌਣ ਜਾਣੈ ਗੁਣ
ਤੇਰੇ"। ਏਹ ਵਾਕਯ ਪਿਆ।

ਅਰਧ ਸਮ ਪ੍ਰਕਰਣ ਦਾ ਸਲੋਕ :-

"ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ।
ਸਰਣਿ ਤੁਮਾਰੀ ਆਇਓ ਨਾਨਕ ਕੇ ਪ੍ਰਭ ਸਾਥ ॥"

[ਗਉੜੀ ਸੁਖਮਨੀ ਸਲੋਕ ੨]

ਏਸ ਪ੍ਰਵਿੱਤ੍ਰ ਸਲੋਕ ਦੇ ਪਹਿਲੇ, ਤੀਜੇ ਚਰਣ ਵਿਚ ੧੩ ਅਤੇ ਦੂਜੇ ਚੌਥੇ ਵਿਚ ੧੧ ਮਾਤ੍ਰਾ ਹੋਣ ਕਰਕੇ ਇਹ ਅਰਧ ਸਮ ਪ੍ਰਕਰਣ ਦਾ ਹੈ। ਅਤੇ ਜੇ ਏਸਦਾ ਰੂਪ ਲਿਖਣਾ ਹੋਵੇ ਤਾਂ ਪਹਿਲਾਂ ਟਗਣ (੬ ਮਾਤ੍ਰਕ) ਫੇਰ ਡਗਣ (੪ ਮਾਤ੍ਰਕ) ਫੇਰ ਇਕ ਮਾਤ੍ਰਕ ਅਤੇ ਫੇਰ ਣਗਣ(ਦੋ ਮਾਤ੍ਰਕ) ਦਾ ਬੰਦ ਪਹਿਲੇ ਚਰਣ ਵਿਚ ਅਤੇ ਦੂਜੇ ਵਿਚ ਟਗਣ, ਡਗਣ ਅਤੇ ਫੇਰ ੧ ਮਾਤ੍ਰਾ ਦਾ ਜੋੜ ਪਵੇਗਾ। ਏਵੇਂ ਹੀ ਤੀਜੇ ਚੌਥੇ ਸਮਝੋ।

ਏਸਦੀ ਪ੍ਰਸਤਾਰ ਪਹਿਲੀ ਕਹੀ ਹੋਈ ਰੀਤੀ ਅਨੁਸਾਰ (ਹਰੇਕ ਗਣ ਦੇ ਭੇਦਾਂ ਨੂੰ ਪਰਸਪਰ ਗੁਣਕੇ) ਕਰਨੀ ਚਾਹੀਏ ਅਤੇ ਸੰਖਿਆ ਭੀ ਪਹਿਲਾਂ ਵਾਂਗ ਹਰੇਕ ਚਰਣ ਦੀਆਂ ਸੰਖਿਆਵਾਂ ਨੂੰ ਗੁਣ ਕੇ ੨੯੨੪੬੪੬੪ ਹੁੰਦੀ ਹੈ। ਹੁਣ ਇਹ ਦੇਖਣਾ ਹੈ ਕਿ ਇਹ ਸ਼ਲੋਕ ਕਿੰਨਵਾਂ ਭੇਦ ਹੈ ? ਇਸਦੇ ਵਾਸਤੇ ਉਦਿਸ਼ਟ ਰੀਤੀ ਇਉਂ ਵਰਤੀ :-

| | | | | | | |
|---|---|---|---|---|---|---|
| ੯੦੨੨੩੩੭ | ੬੯੪੦੨੬ | ੧੭੩੫੦੭ | ੧੭੩੫੦੭ | ੮੬੭੫੪ | ੭੬੬੮ | ੧੬੬੮ |
| ੧੩ | ੪ | ੧ | ੨ | ੧੩ | ੪ | ੧ |
| $S||||$, | $||S$, | $|$, | $S+||||S$, | | $||S$, | $|$ |
| ੧੨ | ੨ | ੧ | ੧ | ੫ | ੨ | ੧ |
| ੧ | ੨ | ੦ | ੧ | ੮ | ੨ | ੦ |

Sri Satguru Jagjit Singh Ji eLibrary NamdhariElibrary@gmail.com

| | | | | | | |
|---|---|---|---|---|---|---|
| ੭੬੬੧ | ੭੨੧ | ੩੩ | ੩੩ | ੨੧ | ੨ | ੧ |
| ੨੩ | ੪ | ੧ | ੨ | ੧੩ | ੪ | ੧ |
| ।।।।S, | SS, | ।, | S, | +S।।S, | ।।S, | । |
| ੫ | ੧ | ੧ | ੧ | ੪ | ੨ | ੧ |
| ੮ | ੩ | ੦ | ੧ | ੯ | ੨ | ੦ |

= ੧×੧= ੧- ੦= ੧, ੧×੪= ੪-੨= ੨, ੨×੧੩ = ੨੬-੯ = ੧੭, ੧੭×੨ = ੩੪-੧ = ੩੩, ੩੩×੧ = ੩੩-੦ = ੩੩, ੩੩×੪ = ੧੩੨-੩ = ੧੨੯, ੧੨੯×੧੩ = ੧੬੭੭-੮ = ੧੬੬੯, ੧੬੬੯×੧-੦ = ੧੬੬੯, ੧੬੬੯×੪= ੬੬੭੬-੨ = ੬੬੭੪, ੬੬੭੪×੧੩ = ੮੬੭੬੨-੮ = ੮੬੭੫੪, ੮੬੭੫੪×੨ = ੧੭੩੫੦੮-੧ = ੧੭੩੫੦੭, ੧੭੩੫੦੭×੧ = ੧੭੩੫੦੭-੦ = ੧੭੩੫੦੭, ੧੭੬੫੦੭ ×੪ = ੬੯੪੦੨੮-੨ = ੬੯੪੦੨੬, ੬੯੪੦੨੬×੧੩ = ੯੦੨੨੩੩੮-੧ = ੯੦੨੨੩੩੭ ਉੱਤ੍ਰ

ਸੂਚਨਾ - ਪਹਿਲਾਂ ਏਸ ਸਲੋਕ ਦੇ ਅੱਖਰਾਂ ਦੇ ਚਿੰਨ੍ਹ ਲਿਖਕੇ ਉਨ੍ਹਾਂ ਉਤੇ ਗਣਾਂ ਦੇ ਸੂਚੀ ਅੰਗ (੧੩-੪-੧-੨ ਆਦਿਕ) ਲਾਏ, ਫੇਰ ਹਰ ਰੂਪ ਦੇ ਹੇਠਾਂ ਉਹਦੇ ਭੇਦਾਂ ਦੀ ਸੰਖਿਆ ਦੇ ਬੋਧਕ ਅੰਗ (੧੨-੨-੧-੧ ਆਦਿ) ਲਾਏ, ਫੇਰ ਗਣਾਂ ਦੇ ਉਤਲੇ (ਸੂਚੀ ਦੇ) ਅੰਗਾਂ ਵਿਚੋਂ ਇਹ ਅੰਗ (੧੨-੨-੧-੧ ਆਦਿ) ਘਟਾ ਕੇ ੨ ਕੇ ਹੇਠਾਂ ੧-੨-੦-੧ ਆਦਿਕ ਅੰਗ ਲਿਖੇ, ਅੱਗੇ ਸਭ ਤੋਂ ਛੇਕੜਲੇ ਗਣ ਉਤਲੇ ੧ ਨਾਲ ਹੇਠਲਾ ੧ ਗੁਣਕੇ ਉਸ ਵਿਚੋਂ ਸੁੰਨ ਘਟਾ ਕੇ ੧ ਅੰਗ ਨੂੰ ਉਪਰਲੇ ੧ ਦੇ ਉਤੇ ਲਿਖਿਆ, ਫੇਰ ਏਸ (ਉਤਲੇ) ੧ ਨਾਲ ਦੂਜੇ ਥਾਉਂ ਦੇ ਗਣ (।।S) ਦਾ ਉਤਲਾ ਚੌਂਕਾ ਗੁਣਿਆਂ, ਉਸ ਵਿਚੋਂ ਗਣ ਦੇ ਹੇਠਲਾ ੨ ਘਟਾ ਕੇ ੨ ਅੰਗ ਓਸ ਚੌਂਕੇ ਦੇ ਉਤੇ ਲਿਖਿਆ, ਫੇਰ ਉਸ ੨ ਨਾਲ ਤੀਜੇ ਗਣ ਉਤਲੇ ੧੩ ਗੁਣੇ ਤਾਂ ੨੬ ਹੋਏ, ਇਹਨਾਂ ਵਿਚੋਂ ਥੱਲੇ ਦਾ ੯ ਘਟਾ ਕੇ ਉਪਰਲੇ ੧੩ ਦੇ ਉਪਰ ੧੭ ਲਿਖੇ, ਅੱਗੇ ਏਸੇ ਤਰ੍ਹਾਂ ਉਪਰਲੇ ਅੰਗ ਵਿਚ ਉਰਲੇ (ਖੱਬੇ) ਗਣ ਦੇ ਉਤਲੇ ਅੰਗ ਗੁਣਕੇ ਉਨ੍ਹਾਂ ਵਿਚੋਂ ਗਣਾਂ ਦੇ ਹੇਠਲੇ ਅੰਗਾਂ ਤੋਂ ਭੀ ਹੇਠਲੇ ਅੰਗ ਘਟਾ ੨ ਕੇ ਅਤੇ ਉਪਰ ਲਿਖ ੨ ਕੇ ਅੰਤ ਵਿਚ ੯੦੨੨੩੩੭' ਇਹ ਅੰਗ ਲਿਆਦਿਾਂ । ਏਹੀ ਉਤਰ ਹੈ।

[ਨਸ਼ਟ ਰੀਤੀ]

ਜੇ ਕੋਈ ਕਹੇ ਕਿ ਸ਼ਲੋਕ ਦਾ ੯੦੨੨੩੩੭ ਵਾਂ ਰੂਪ ਕੱਢੋ ਤਾਂ ਇਉਂ ਕਰੋ :-

| ਕ੍ਰਿਆ | ਰੂਪ ਬੋਧਕ | ਰੂਪ | ਅੱਖਰ |
|---|---|---|---|
| ੯੦੨੨੩੩੭ / ੧੩ = ੬੯੪੦੨੫- | ੧੨ | S।।।। | ਦੀਨ ਦਰਦ |
| ੬੯੪੦੨੫+੧ = ੬੯੪੦੨੬ / ੪ = ੧੭੩੫੦੬- | ੨ | ।।S | ਦੁਖੰਭ |
| ---------------------------- | ੧ | । | ਜ |
| ੧੭੩੫੦੬+੧ = ੧੭੩੫੦੭ / ੨ = ੮੬੭੫੩ | ੧ | S | ਨਾ |
| ੮੬੭੫੩+੧ = ੮੬੭੫੪ / ੧੩ = ੬੬੭੩ | ੫ | ।।।।S | ਘਟਿ ਘਟਿ ਨਾ |
| ੬੬੭੩+੧ = ੬੬੭੪ / ੪ = ੧੬੬੮ | ੨ | ।।S | ਥ ਅਨਾ |
| ---------------------------- | ੧ | । | ਥ |
| ੧੬੬੮+੧ = ੧੬੬੯ / ੧੩ = ੧੨੮ | ੫ | ।।।।S | ਸਰਣਿ ਤੁਮਾ |
| ੧੨੮+੧ = ੧੨੯ / ੪ = ੩੨ | ੧ | SS | ਰੀ ਆ |
| ---------------------------- | ੧ | । | ਇ |
| ੩੨+੧ = ੩੩ / ੨ = ੧੬ | ੧ | S | ਓ |
| ੧੬+੧ = ੧੭ / ੧੩ = ੧ | ੪ | S।।S | ਨਾਨਕ ਕੇ |
| ੧+੧ = ੨ | ੨ | ।।S | ਪ੍ਰਭ ਸਾ |
| ---------------------------- | ੧ | । | ਥ |

Sri Satguru Jagjit Singh Ji eLibrary NamdhariElibrary@gmail.com

ਸੂਚਨਾ - ਪ੍ਰਸ਼ਨਾਂਗ ਨੂੰ ੧੩ (ਆਦਿਲੇ ਗਣ ਦੇ ਭੇਦਾਂਕ) ਉਤੇ ਵੰਡਿਆ ਤਾਂ ੬੯੪੦੨੫ ਲਭਧ ਆਏ ੧੨ ਪਿਛੇ ਰਹੇ ਤਾਂ ੬ ਮਾਤਰਾਂ ਦੇ ੧੩ ਰੂਪਾਂ ਵਿਚੋਂ ੧੨ਵਾਂ ਰੂਪ (S ||||) ਆਦਿਲੇ ਗਣ ਦਾ ਲਿਖ ਲਿਆ, ਫੇਰ ੬੯੪੦੨੫ ਵਿਚ ੧ ਰਲਾ ਕੇ ਉਨ੍ਹਾਂ ਨੂੰ ੪ (ਦੂਜੇ ਗਣ ਦੇ ਭੇਦਾਂਕ) ਉਤੇ ਵੰਡਿਆ ਤਾਂ ੧੭੩੫੦੬ ਆ ਕੇ ੨ ਬਚੇ, ਇਸ ਬਾਕੀ ਰਹੇ ਅੰਗ ਜਿੰਨਾ ਅਰਥਾਤ ਦੂਜਾ ਰੂਪ ੪ ਮਾਤ੍ਰਾ ਦਾ (||S) ਅੱਗੇ ਲਿਖਿਆ, ਫੇਰ ਇਕ ਮਾਤ੍ਰਾ ਦਾ ਲਘੁ (|) ਹੀ ਲਿਖਿਆ, ਅੱਗੇ ੧੭੩੫੦੬+੧ ਨੂੰ ੨ ਉਤੇ ਵੰਡਿਆ ਤਾਂ ੮੬੭੫੩ ਲਭਧ ਆ ਕੇ ੧ ਬਚਿਆ, ਤਾਂ ਤੇ ਇਸ ਗਣ ਦਾ ਪਹਿਲਾ ਰੂਪ ਹੀ ਲਿਖਿਆ, ਫੇਰ ਲਭਧ ਵਿਚ ੧ ਜੋੜ ਕੇ ੪ ਉਤੇ ਵੰਡਿਆ ਤਾਂ ੧੬੬੮ ਲਭਧ ਆ ਕੇ ੨ ਪਿੱਛੇ ਰਹੇ ਤਾਂ ਦੂਜਾ ਰੂਪ (||S) ਅੱਗੇ ਲਿਖਿਆ, ਫੇਰ ੧ ਮਾਤ੍ਰਾ ਦਾ ਇੱਕ ਲਘੁ (|) ਹੀ ਲਿਖਿਆ ਤਾਂ ਪਹਿਲੀ ਤੁਕ ਬਣੀ, ਫੇਰ ਉਪਰਲੇ ਲਭਦ ਵਿਚ ੧ ਜੋੜ ਕੇ ਉਸ ਨੂੰ ੧੩ (ਟਗਣ ਦੇ ਭੇਦਾਂਕ) ਉਤੇ ਵੰਡਿਆ ਤਾਂ ੧੨੮ ਆ ਕੇ ੫ ਬਚੇ, ਸੋ ਟਗਣ (੬ ਮਾਤ੍ਰਾ) ਦਾ ਪਵਾਂ ਰੂਪ (||||S) ਲਿਖਿਆ, ਫੇਰ ੧੨੮ ਵਿਚ ੧ ਜੋੜ ਕੇ ਉਸ ਨੂੰ ੪ ਉਤੇ ਵੰਡਿਆ ਤਾਂ ੩੨ ਲਬਧ, ੧ ਬਾਕੀ ਆਇਆ ਸੋ ਪਹਿਲਾ ਰੂਪ (SS) ਲਿਖਿਆ, ਅਗੇ ਮਾਤ੍ਰਾ ਦੇ ਸਥਾਨ ਤੇ ੧ ਲਘੁ ਲਾਇਆ ਫੇਰ ੩੨ (ਲਭਧ) ਵਿਚ ੧ ਜੋੜ ਕੇ ਉਹਨੂੰ ੨ (ਅਗਲੇ ਗਣ ਦਾ ਸੂਚੀ ਅੰਗ) ਉਤੇ ਵੰਡਿਆ ਤਾਂ ੧੬ ਲਭਧ ਆ ਕੇ ੧ ਬਚਿਆ ਸੋ ਪਹਿਲਾ ਰੂਪ (S) ਲਾਇਆ, ਅਗੇ ੧੬+੧ ਨੂੰ ੧੩ (ਟਗਣ ਦਾ ਸੂਚੀ ਅੰਗ) ਉਤੇ ਵੰਡਿਆ ਤਾਂ ੧ ਲਭਧ ਤੇ ੪ ਬਾਕੀ ਆਏ, ਇਸ ਲਈ ਚੌਥਾ ਰੂਪ ਓਸ ਗਣ (S||S) ਲਿਖਿਆ, ਫੇਰ ੧+੧=੨ ਨੂੰ ੪ (ਡਗਣ ਦੀ ਭੇਦ ਸੰਖਿਆ) ਉਤੇ ਵੰਡਿਆ ਨਹੀਂ ਜਾਂਦਾ ਇਸ ਕਰਕੇ ਉਸ ਗਣ ਦਾ ਇਸੇ ਅੰਗ ਜਿਤਨਾ ਅਰਥਾਤ ਦੂਜਾ ਰੂਪ ਹੀ ਲਿਖਿਆ, ਫੇਰ ਇਕ ਮਾਤ੍ਰਾ ਦੇ ਸਥਾਨ ਲਘੁ (|) ਲਾਇਆ ਤਾਂ ਇਨ੍ਹਾਂ ਚਿੰਨ੍ਹਾਂ ਵਿਚ ਪੂਰਬੋਕਤ ਸ਼ਲੋਕ ਸਮਾਇਆ ਸਿੱਧ ਹੋਇਆ, ਜੋ ਕਿ ਕ੍ਰਿਤ ਤੋਂ ਪ੍ਰਗਟ ਹੈ ।

[ਵਰਣ ਬ੍ਰਿਤ ਉੱਤੇ ਵਰਤੋਂ]

ਸਮ ਪ੍ਰਕਰਣ ਦਾ 'ਹਰਿ ਬੋਲਮਨਾ ਛੰਦ' ।

ਕਰਨਾਲਯ ਹੈ । ਅਰਿਘਾਲਯ ਹੈ । ਖਲਖੰਡਨ ਹੈ ।
ਮਹਿਮੰਡਨ ਹੈ । [ਜਾਪ ਸਾਹਿਬ,]

ਇਹਦੀ ੧ ਤੁਕ ੬ ਵਰਣ ਦਾ ਕੋਈ ਭੇਦ ਹੈ । ਜਿਸਦਾ ਰੂਪ '||S||S' ਇਹ ਹੈ, ਜੋ ਕਿ ਉਦਿਸ਼ਟ ਦ੍ਵਾਰਾ ੬ ਵਰਣ ਦਾ ੨੮ ਵਾਂ ਹੈ । ਜੇ ਕੋਈ ਪੁੱਛੇ ਕਿ ੬ ਵਰਣ ਦਾ ੨੮ਵਾਂ ਰੂਪ ਦਸੋ ਤਾਂ ਪਹਿਲੀ ਕਹੀ ਹੋਈ ਰੀਤੀ ਨਾਲ '||S||S' ਇਹੀ (ਉਕਤ) ਰੂਪ ਨਿਕਲੂਗਾ । ਇਹਦੀਆਂ ੪ ਤੁਕਾਂ ਨੂੰ ਰਲਾ ਕੇ ਉਨ੍ਹਾਂ ਦੀ ਸੰਖਿਆ ਅਥਵਾ ਉਦਿਸ਼ਟ ਆਦਿ ਕੱਢਣ ਦੀ ਕੋਈ ਲੋੜ ਨਹੀਂ, ਕਿਉਂਕਿ ਸਾਰੀਆਂ ਤੁਕਾਂ ਵਿਚ ਗਣ ਇਕ ਸਾਰ ਹੋਣ ਕਰਕੇ ਇਕ ਤੁਕ ਦੇ ਰੂਪ ਆਦਿ ਕੱਢਣ ਨਾਲ ਸਾਰੀਆਂ ਦੇ ਜਾਣੇ ਜਾਂਦੇ ਹਨ ।

॥ਸੰਪੂਰਣ॥

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਦੂਜਾ ਖੰਡ । (ਸ) ਦੇਸ਼ ॥

[ਮਾਤ੍ਰਕ, ਸਮ, ਸਾਧਾਰਣ ਪ੍ਰਕਰਣ ਦੇ ਛੰਦ ਵਰਣਨ]

ਦੋਹਿਰਾ–

ਮੱਤ ਬੱਤੀਓਂ ਬਧ ਦੇ ਦੰਡਕ ਛੰਦ ਪਛਾਨ ।
ਸਾਧਾਰਣ ਬੱਤੀਸ ਲਗ ਸੋ ਹੁਣ ਕਰਾਂ ਬਖਾਨ ॥ ੧ ॥

੮ ਮਾਤ੍ਰਕ ਛੰਦ ਦੋਹਰਾ

ਅੱਠ ਮਾਤ੍ਰ ਕੇ ਛੰਦ ਦੇ ਚੌਂਤੀ ਭੇਦ ਵਿਚਾਰ ।
'ਕੇਹਿਰ' ਚਟਕ ਪਛਾਣ ਕਰ ਕਹਾਂ ਇੱਕ ਮਧੁਭਾਰ ॥ ੨ ॥

(੧) ਮਧੁਭਾਰ ਲੱਛਣ, ਦੋਹਿਰਾ

ਅੱਠ ਕਲਾ ਇਕ ਚਰਣ ਵਿਚ ਜਗਣ ਅੰਤ ਜਿਨ ਹੋਇ ।
ਸੋਇ ਛੰਦ ਮਧੁਭਾਰ ਹੈ ਕਹਿਣ ਕਵੀ ਸਭ ਕੋਇ ॥ ੩ ॥

ਵੰਨਗੀ :

ਪਰਮ ਕਿਰਪਾਲ, ਹੋਇ ਗੁਰ ਦਜਾਲ, ਨਾਮ * 'ਮਧੁਭਾਰ' ਦਿੱਤਾ ਖੰਡਾਰ ॥ ੪ ॥

(੨) ਧੀਰ ਛੰਦ [ਪ੍ਰਸਤਾਰ ਦ੍ਵਾਰਾ ਨਵੀਨ]

ਲੱਛਣ ਦੋਹਿਰਾ

ਟਗਣ, ਣਗਣ, ਅਰੁ ਡਗਣ ਧਰੁ ਆਦਿ ਨਗਣ ਦਾ ਬੰਦ ।
ਅੰਤ ਗੁਰੂ ਲਘੁ ਰੱਖ ਕੇ ਕਰੋ ਧੀਰ ਸੋ ਛੰਦ ॥ ੫ ॥

ਵੰਨਗੀ

ਕਰਨ ਦਯਾ ਕਰਤਾਰ, ਚਰਨ ਸਰਨ ਬਲਹਾਰ ।
ਭਜਨ ਕਰਤਿ ਜੇ ਬੀਰ, ਕਰਨ ਮੋਖ ਗੁਰ 'ਧੀਰ' ॥ ੬ ॥

* ਮਿਠਾਸ ਪੁੰਜ ।

Sri Satguru Jagjit Singh Ji eLibrary NamdhariElibrary@gmail.com

੧੨ ਮਾਤ੍ਰਕ ਛੰਦ, ਦੋਹਿਰਾ

ਬਾਰਾਂ ਮਾਤ੍ਰਕ ਛੰਦ ਦੇ ਦੋ ਸੈਂ ਤੇਤੀ ਰੂਪ ।
ਗ੍ਰੰਥ ਬਧਣ ਤੇ ਹੋਰ ਛਡ ਤੋਮਰ ਕਿਹਾ ਸ੍ਰੂਪ ॥ ੭ ॥

(੩) ਤੋਮਰ ਲੱਛਣ

ਬਾਰਾਂ ਮਾਤ੍ਰਾ ਚਰਣ ਵਿਚ ਅੰਤ ਗੁਰੂ ਲਘੁ ਜਾਨ ।
ਐਸੇ ਚਾਰੇ ਪਾਦ ਹੈਂ 'ਕੇਹਿਰ' ਕਰੇ ਬਖਾਨ ॥੮॥

ਵੰਨਗੀ

ਗੁਰ ਭਜ ਹੋਇ ਨਿਸਕਾਮ । ਨਿਸਕਾਮ * ਨਹਿ ਸਹਿਕਾਮ ।
ਜਾਂ ਸੁਭ ਕਰਮ ਆਰੂਢ । ਨਾਹਿ ਤੋਮਰ' ਸਮ ਮੂਢ ॥ ੯ ॥

ਸੂਚਨਾ – 'ਤੋਮਰ' ਛੰਦ ਦਾ ਨਾਉਂ ਭੀ ਨਿਕਲ ਆਯਾ ।

(੪) ਜੀਵਣ ਛੰਦ ਨਵੀਨ ਲੱਛਣ । ਦੋਹਿਰਾ

ਟਗਣ, ਜਗਣ, ਅਰੁ ਣਗਣ ਨੂੰ ਇਕ ਚਰਣ ਵਿਚ ਠਾਣ ।
ਦੋਇ ਲਘੂ ਦਾ ਅੰਤ ਕਰਿ ਜੀਵਨ ਛੰਦ ਪਛਾਣ ॥ ੧੦ ॥

ਵੰਨਗੀ

ਭਜ ਨਰ! ਗੁਰ ਨਾਨਕ ਮੁਖ । ਪਾਪਾਂ ਪਰਿ ਹਰ ਪਾ ਸੁਖ ।
ਸਹਿਜੇ ਹਰੁ ਦੇਹੀ ਮਦ । ਸ਼ਰਨ ਪਾਇ 'ਜੀਵਨ' ਪਦ ॥ ੧੧ ॥

੧੫ ਮਾਤਰਾਂ ਦੇ ਛੰਦ ਦੇ ੯੮੭ ਭੇਦਾਂ ਵਿਚੋਂ :-

(੫) ਚੌਪਾਈ, ਲੱਛਣ ਦੋਹਿਰਾ

ਚੌਪਦਿ ਹਰਕਲ ਪੰਦਰਾਂ ਹੋਇ ਗੁਰੂ ਲਘੁ ਅੰਤ ।
ਪਹਿਲਾ ਦੂਜਾ ਅੰਤ ਵਿਚ ਤੀਜਾ ਚੌਥ ਮਿਲੰਤ ॥੧੨॥

ਵੰਨਗੀ

ਵੇਦ ਪੁਰਾਣਾ ਕੰਠ ਧਰੇਇ, ਲੱਖਾਂ ਮਣ ਨਿਤ ਦਾਨ ਕਰੇਇ ।
ਹੋ 'ਚੌਪਾਈ' ਤੀਰਥ਼ ਜਾਇ, ਨਾਮ ਬਿਨਾਂ ਨਰ ਛੂਠ ਸਨਾਇ ॥ ੧੩ ॥

---

* 'ਜੇ' ਅਰ 'ਤਾਂ' ਦਾ ਅਧਿਆਹਾਰ ਕਰਨਾ ।

Sri Satguru Jagjit Singh Ji eLibrary NamdhariElibrary@gmail.com

੧੬ ਮਾਤਰਾਂ ਦੇ ਛੰਦ ਦੇ ੧੯੭ ਰੂਪਾਂ ਵਿਚੋਂ :-

(੬) ਵਿਸ਼ਨੂੰ ਛੰਦ ਲੱਛਣ ਦੋਹਿਰਾ

ਸੋਲਾਂ ਕਲ ਹਰ ਚਰਣ ਵਿਚ ਅੰਤ ਗੁਰੂ ਇਕ ਜਾਨ ।
ਜਗਣ ਤਗਣ ਹੁਇੰ ਅੰਤਨਾ ਵਿਸ਼ਨੁ ਛੰਦ ਇਉਮਾਨ ॥ ੧੪ ॥

ਵੰਨਗੀ

ਕੇਤੇ ਬ੍ਰਹਮਾ 'ਵਿਸ਼ਨ' ਮਹੇਸ਼ਾ । ਕੇਤੇ ਹੀਰ ਵਿਚੰਦ ਧਨੇਸ਼ਾ * ।
ਕੇਤੇ ਕਾਨ੍ਹ ਰਾਮ ਅਵਿਤਾਰਾ । ਕੇਤੇ ਪੀਰ ** ਪੈਗੰਬਰ ਯਾਰਾ ॥ ੧੫ ॥

ਜਿਸ ਦੇ ਭਯ ਤੋਂ ਕਾਰ ਕਮਾਂਦੇ । ਖੋਜ ਥਕੇ ਸਭ ਅੰਤ ਨ ਪਾਂਦੇ ।
ਰੋਮ ਕੋਟ ਬ੍ਰਹਿਮੰਡ ਰਹਾਵਨ । ਮੈ ਸਮ ਮੂਰਖ ਭੇਦ ਕਿ ਪਾਵਨ ॥ ੧੬ ॥

ਪੁਨਾ

ਫੂੱਲਾਂ ਵਿਚ ਜਿਉ ਬਾਸ ਬਸੇਰਾ । ਦੂੱਧ ਮਾਝ ਹੋ ਘੇਉ ਘਨੇਰਾ ।
ਇੱਕੋ ਚੰਦ ਹਜਾਰਾਂ *** ਘਟ ਮੈਂ । ਤਿਉਂ ਇਕ ਆਤਮ ਹੈ ਘਟ ਘਟ ਮੈਂ ॥ ੧੭ ॥

ਸੂਚਨਾ – ਇਸਦਾ ਨਾਉਂ ਰੂਪ ਚੌਪਾਈ ਭੀ ਹੈ । ਕਈਆਂ ਕਵੀਆ ਨੇ ਇਹਦੀ ਬਣਤ ਦੇ ਹੇਠਲੀ ਰੀਤੀ ਅਨੁਸਾਰ (ਦੁਕਲ ਅਤੇ ਤ੍ਰਿਕਲ ਦੇ ਭੇਦ ਕਰਕੇ) ੬ ਭੇਦ ਮੰਨੇ ਹਨ । ਜੈਸੇ :-

੨+੨+੨+੨+੨+੨+੨+੨।

੨+੨+੩+੩+੨+੨+੨+।

੨+੨+੨+੨+੩+੩+੨।

੩+੩+੨+੨+੨+੨+੨।

੩+੩+੨+੩+੩+੨।

੩+੩+੩+੩+੨+੨।

---

* ਕੁਬੇਰ ।

** ਲਘੂ ੧ ਮਾਤ੍ਰਾ ਜਾਨਣੀ ।

*** ਘੜਾ ।

Sri Satguru Jagjit Singh Ji eLibrary NamdhariElibrary@gmail.com

ਪ੍ਰੰਤੂ ਜਦ ਪ੍ਰਸਤਾਰ ਨਾਲ ਢੇਰ ਹੀ ਭੇਦ ਹੋ ਜਾਂਦੇ ਹਨ ਤਾਂ ੬ ਹੀ ਮੰਨਣੇ ਠੀਕ ਨਹੀਂ। ਤਾਂ ਫੇਰ ਪ੍ਰਸਤਾਰ ਕਿਸ ਵਾਸਤੇ ਹੈ ?

੧੯ ਮਾਤਰਾਂ ਦੇ ਛੰਦ ਦੇ ੬੭੬੫ ਭੇਦਾਂ ਵਿਚੋਂ :-

(੭) * ਦਾਸ ਛੰਦ ਲੱਛਣ, ਦੋਹਿਰਾ

ਟਗਣ, ਣਗਣ ਤੇ ਠਹਿਰ ਕੇ ਟਗਣ, ਣਗਣ ਢਗਣਾਣ ।
ਅੰਤ ਗੁਰੂ ਲਘੁ ਰੂਪ ਵਿਚ ਦਾਸ ਛੰਦ ਇਉ ਮਾਨ ॥ ੧੮ ॥

ਵੰਨਗੀ

ਭਜ ਨਰ ! ਸੁਖ ਨਿਧ, ਬਾਰ ਬਾਰ ਹਰਿ ਨਾਮ ,
ਜਾਂਤੇ ਪਾਤਕ, ** ਹਰਨ ਸਕਲ ਸਭ ਕਾਮ ।
ਕਰਣ ਕਰਾਵਣ, ਹਾਰ ਇੱਕ ਦੀ ਆਸ ,
ਰਾਖ ਰਾਖ ਮਨ, ਹੋਇ ਸਰਬ ਦਾ 'ਦਾਸ' ॥ ੧੯ ॥

(੮) ੨੧ ਮਾਤਰਾਂ ਦੇ ੧੭੭੧੧ ਭੇਦਾਂ ਵਿਚੋਂ,

ਪਿੰਗਲਾ ਛੰਦ ਲੱਛਣ: ਦੋਹਿਰਾ

ਗਜਾਰਾਂ ਮਾਤ੍ਰਾਂ ਆਦਿ ਧਰ ਦਸ ਕਲ ਫੇਰ ਮਿਲਾਇ ।
ਅੰਤ ਰਗਣ ਹੋ ਚਾਰ ਤੁਕ ਛੰਦ ਪਿੰਗਲਾ ਲਜਾਇ ॥ ੨੦ ॥

ਵੰਨਗੀ ਪਿੰਗਲਾ ਛੰਦ।

ਅੰਨ੍ਹਾ ਦੇਖੇ ਰੂਪ ਅੱਖੀਆਂ ਪਾ ਲਵੇ ,
ਬੋਲਾ ਸਮਝੇ ਰਾਗ ਸੁ *** ਬਧਰ ਮਿਟਾ ਲਵੇ ।
ਸਤਿਗੁਰ ਸੱਚੇ ਭਾਇ ਤਦੋਂ ਬਰ ਪਾਇ ਕੇ ,
ਚੜ੍ਹੇ ਪਿੰਗਲਾ ਤੁਰਤ ਪਰਬਤੀਂ ਧਾਇ ਕੇ ॥ ੨੧ ॥

ਸੂਚਨਾ – ਇਹਦਾ ਦੂਜਾ ਨਾਉਂ **** 'ਅੜਿੱਲ' ਭੀ ਹੈ, ਪ੍ਰੰਤੂ ਕਈਆਂ ਨੇ ਅੜਿੱਲ ਛੰਦ ਨੂੰ ੧੬ ਮਾਤ੍ਰਾਂ ਦਾ (ਜਗਣ ਦਾ ਨਿਸ਼ੇਧ ਕਰਕੇ) ਮੰਨਿਆਂ ਹੈ, ਪ੍ਰੰਤੂ ਓਹ ਵਿਸ਼ਨੂੰ ਛੰਦ (ਜਾਂ ਰੂਪ ਚੌਪਾਈ) ਦਾ ਭੇਦ ਹੀ ਹੈ।

---

* ਨਵੀਨ    ** 'ਹਰਨ ਦਾ ਅਨ੍ਵਯ ਪਾਤਕ' ਨਾਲ ।

*** ਬੋਲਾਪਨ    **** ਕਿਤੇ ਕਿਤੇ ਇਸ ਅੰਤਲੀ ਤੁਕ ਵਿਚ ਦੋ ਚਾਰ ਮਾਤ੍ਰਾਂ ਵੱਧ ਵੀ ਦੇਖੀਆ ਜਾਂਦੀਆਂ ਹਨ, ਐਸਾ ਹੋਣ ਤੇ ਉਸਨੂੰ ਬਿਖਮ ਬ੍ਰਿਤ ਸਮਝਣਾ ਚਾਹੀਏ ।

੨੨ ਮਾਤਰਾਂ ਦੇ ੧੮੬੫੭ ਵਿਚੋਂ :-

(੯) ਚੱਕਰ ਵਰਤੀ। (ਨਵੀਨ) ਲੱਛਣ ਦੋਹਿਰਾ

ਗਜਾਰਾਂ ਤੇ ਬਿਸਰਾਮ ਕਰੁ ਗਜਾਰਾਂ ਫੇਰ ਸਜਾਇ ।
ਚੱਕਰ ਵਰਤੀ ਛੰਦ ਸੋ ਅੰਤ ਸਗਣ ਦੇ ਭਾਇ ॥ ੨੨ ॥

ਵੰਨਗੀ

ਰਹਿਣਾ ਸਦਾ ਜਹਾਨ, ਮਾਨ ਮਤ ਮਾਨ ਕਰੀਂ,
ਥੋੜੇ ਹੀ ਦਿਨ ਮੀਤ ! ਚੀਤ ਕੁਛ ਗਜਾਨ ਕਰੀਂ ।
'ਚੱਕਰ ਵਰਤੀ' ਰਾਉ, ਦੈਂਤ ਵਡ ਰਾਵਨ ਸੇ ।
ਮਾਰ ਕੰਡੇ ਮੁਨ ਆਦਿ ਗੋਰ ਸਭ ਜਾਇ ਬਸੇ ॥ ੨੩ ॥

੨੪ ਮਾਤਰਾਂ ਦੇ ੭੫੦੨੫ ਭੇਦਾਂ ਵਿਚੋਂ :

(੧੦) ਰੋਲਾ ਛੰਦ, ਲੱਛਣ ਦੋਹਿਰਾ

ਗਜਾਰਾਂ ਤੇ ਬਿਸਰਾਮ ਕਰਿ ਤੇਰਾਂ ਫੇਰ ਬਨਾਇ ॥ ੨੪ ॥
ਚੌਥੀ ਕਲ ਹਰਿ ਚਰਣ ਇਉਂ ਰੋਲਾ ਚਾਰੇ ਪਾਇ ॥

[ਵੰਨਗੀ]

ਮੋਮਨ ਮੱਕੇ ਜਾਣ, ਸੁ ਹਿੰਦੂ ਗੰਗ ਕਿਨਾਰੇ ।
ਭਾਉ ਭਗਤ ਬਿਨ ਦੋਇ, ਬਹੁਤ ਪਾਖੰਡ ਪਸਾਰੇ ।
ਹੈ ਹੈ ਧੁੰਦੂ ਕਾਰ, ਜਗਤ ਵਿਚ ਘੋਲ ਮਥੋਲਾ ।
ਤਦ ਗੁਰ ਕਰਨ ਉਧਾਰ, ਤੋਰਿਆ ਪੰਥ ਨਿ 'ਰੋਲਾ' ॥ ੨੫ ॥

ਸੂਚਨਾ - ਇਹਦੇ ਟੌਂਕ ਪੈਰਾਂ ਦੀ ਬਣੌਟ ੪+੪+੩ (ਪਹਿਲੀ ਤੁਕ ਦੀ ਤਰ੍ਹਾਂ) ਅਥਵਾ ੩+੩+੩ (ਦੂਜੀ ਤੁਕ ਦੀ ਤਰ੍ਹਾਂ) ਹੁੰਦੀ ਹੈ । ਜਿਸਤ ਪੈਰਾਂ ਦੀ ੩+੨+੨ ਯਾ ੩+੨+੪+੪ ਦੀ ਅਕਸਰ ਹੁੰਦੀ ਹੈ । ਇਹਦੇ ਅੰਤ ਵਿਚ ੨ ਗੁਰੂ ਅਵੱਸ਼ ਲੈਣ ਨਾਲ ਚਾਲ ਸੁੰਦ੍ਰ ਬਣਦੀ ਹੈ । ਇਹਦਾ ਦੂਜਾ ਨਾਉਂ 'ਕਾਮਜ' ਭੀ ਹੈ । ਜਿਸਦੀ ੧੧ਵੀਂ ਮਾਤਰਾਂ ਲਘੂ ਹੋਵੇ ਉਸਨੂੰ ਰੋਲਾ 'ਕਾਵਜ' ਕਹਿੰਦੇ ਹਨ । ਜਿਹਾ ਕਿ ਐਸ ਰੋਲੇ ਦੇ ਹੈ ।

(੧੧) ਉਧਾਰਕ ਛੰਦ । (ਨਵੀਨ) ਲੱਛਣ । ਦੋਹਰਾ

ਬਾਰਾਂ ਮਾਤ੍ਰਾਂ ਆਦਿ ਧਰੁ ਬਾਰਾਂ ਫੇਰ ਬਨਾਇ ।
ਛੰਦ ਉਧਾਰਕ ਜਾਨੀਏਂ ਅੰਤੇ ਭਗਨ ਸਜਾਇ ॥੨੬॥

ਬੰਨਗੀ

ਵਰਤੀ ਅੰਧੋ ਧੁੰਦ ਜੁ ਹਰਗੇ ਸਭੇ ਸੁਧਾਰਕ ।
ਪ੍ਰੇਮ ਖੁਸ਼ੀ ਦੇ ਸੌਦਾ ਦਿਸਦਾ ਨਹੀਂ ਪ੍ਰਚਾਰਕ ।
ਤਾਂ ਪ੍ਰਗਟੇ ਜੱਗ ਸਤਿਗੁਰ, ਨਾਨਕ ਪੂਰਣ ਕਾਰਕ ।
ਮਾਲਕ ਜੋ ਪ੍ਰਤਿਪਾਲਕ, ਜੈ ਜੈ ਜਗਤ 'ਉਧਾਰਕ' ॥ ੨੭ ॥

੨੬ ਮਾਤਾਂ ਦੇ ਛੰਦ । ੧੯੬੪੧੮ ਭੇਦਾਂ ਵਿਚੋਂ –

(੧੨) ਸੰਕਰ ਲੱਛਣ । ਦੋਹਰਾ

ਸੋਲਾਂ ਮਾਤਰਾਂ ਆਦਿ ਧਰ ਦਸ ਨੂੰ ਫੇਰ ਮਿਲਾਇ ।
ਐਸੀ ਹੀ ਤੁਕ ਚਾਰ ਕਰਿ ਅੰਤ ਗੁਰੂ ਲਘੂ ਲਜਾਇ ॥ ੨੮ ॥

ਵੰਨਗੀ । ਸੰਕਰ ਛੰਦ ।

ਜਪ ਤਪੁ ਧਾਰਨਾ ਸੋਚ ਕਿਰਿਆ, ਕਰਮ ਪ੍ਰਾਣਾਯਾਮ ।
ਪਾਠ ਸੰਧਿਆ ਸੁ ਤਿਲਕ ਪੂਜਾ, ਸਿਰ * ਵਾਹਿਗੁਰੂ ਨਾਮ ।
ਦੁਖ ਹਰਦਾ ਮਨ ਸ਼ਾਂਤ ਕਰਦਾ, ਕਰਿ ਨਾਸ ਅਭਿਮਾਨ ।
ਸੁਾਸ ਸੁਾਸ ਅੱਭਿਆਸ ਕਰੀਏ, ਪਰਮ 'ਸੰਕਰ' ਜਾਨ ॥ ੨੯ ॥

੨੭ ਮਾਤ੍ਰ ਦਾ ੩੧੭੮੧੧

(੧੩) ** ਹਰਿਪਦ ਲੱਛਣ । ਦੋਹਰਾ

"ਬੀਸ ਸੱਤ ਮਾਤਰਾਂ ਰਚੋ, ਸੋਲਾਂ ਤੇ ਬਿਸਰਾਮ ।
ਛੰਦ ਦੋਪਦਾ ਜਾਣੀਏਂ ਹਰ ਪਦ ਇਸਦਾ ਨਾਮ" ॥ ੩੦ ॥

ਵੰਨਗੀ

'ਭੁਗਤ ਮੁਕਤ ਕੇ ਦਾਤੇ ਸਦਹੀ ਦਾਸਾਂ ਦਰਦ ਨਿਵਾਰ ।
ਹੋਇ ਪਰਾਪਤ ਅਨਦ ਅਨੰਤਾ 'ਹਰਿਪਦ' ਹਿਰਦੇ ਧਾਰ ॥ ੩੧ ॥

---

* 'ਵਾ' ਦੀ ਇਕ ਮਾਤ੍ਰਾ ਸਮਝਣੀ ।

** ਇਹ ਛੰਦ ਭਾਈ ਸਜਨ ਸਿੰਘ ਜੀ (ਉਪਨਾਮ 'ਜਾਚਕ') ਜੀ ਦਾ ਹੈ ।

.Sri Satguru Jagjit Singh Ji eLibrary NamdhariElibrary@gmail.com

੨੮ ਮਾਤ੍ਰਕ ਛੰਦ ਦੇ ੫੧੪੨੨੯ ਰੂਪਾਂ ਵਿਚੋਂ

(੧੪) ਦਵੈਯਾ ਲੱਛਣ । ਦੋਹਿਰਾ

ਸੋਲਾਂ ਤੇ ਬਿਸਰਾਮ ਕਰਿ ਬਾਰਾਂ ਫੇਰ ਬਖਾਨ ।
ਅੰਤ ਗੁਰੂ ਦੋ ਹੋਣ ਸੋ ਛੰਦ ਦਵੈਯਾ ਮਾਨ ।। ੩੨ ।।

ਵੰਨਗੀ ।

ਕੌਣ 'ਜਿਲੇ ਦਾ * ਸਰਜਨ ** ਗੁੱਗਾ ਜਿਸਨੇ ਰੋਗ ਹਟਾਯਾ ।
ਨਬਜ਼ ਓਸਨੇ ਮੂਲ ਨ ਡਿੱਠੀ ਨੁਸਖਾ ਨਹੀਂ ਬਨਾਯਾ ।
ਐਸਾ ਕਿੱਥੇ ਸੀ ਉਹ ਪੜ੍ਹਿਆ ਐਨੇ ਜੋ ਗੁਣ ਵਾਲਾ ।
ਕੇੜ੍ਹਾ ਮੰਤ 'ਦਵੈਯਾ' ਉਹਦਾ ਜਿਸਨੇ ਚਪਲ ਸਿਖਾਲਾ ।। ੩੩ ।।

ਸੂਚਨਾ - ਇਸ ਛੰਦ ਦੇ ਨਾਉਂ ਨੇਂਦੂ (ਬ੍ਰਣਬ੍ਰਿਤ ਵਿਚ) ਲਲਤਪਦ, ਦੋਵੇਂ, ਸਾਰ, ਭੀ ਹਨ । ਇਹ ਪਹਿਲੀ ੧੬ ਮਾਤਰਾਂ ਤੱਕ ਵਿਸ਼ਨੂੰ ਦੀ ਢਾਲ ਉਤੇ ਹੁੰਦਾ ਹੈ ।

੩੦ ਮਾਤ੍ਰਕ ਛੰਦੇ ੧੩੪੬੨੬੯ ਰੂਪ ਵਿਚੋਂ

(੧੫) ਚੌਬੋਲਾ, ਲੱਛਣ । ਦੋਹਰਾ

"ਮੱਤਾਂ ਤੀਸ ਮਿਲਾਵਣੇ ਸੋਲ੍ਹਾਂ ਤੇ ਧਰ ਟੇਕ ।
ਇਹ ਚੌਬੋਲਾ ਦੋਪਦਾ ਰਚ ਲੇਵੇ ਨਰ ਨੇਕ" ।। ੩੪ ।।

ਵੰਨਗੀ ।

'ਆਦਿਰ ਸੇਤੀ ਮਿੱਠਾ ਬੋਲੇ ਏਸ ਵਿੱਚ ਕੀ ਸਰਫੇ ਹੈ ।
ਕਦੇ ਨਾ ਬੋਲੇ 'ਉਚੋਂ ਬੋਲਾ' ਜਾਤੇ ਹਿਰਦੇ ਤਰਫ਼ੇ ਹੈ" ।। ੩੫ ।।

(੧੬) ਪਜਾਰਾ ਛੰਦ ਲੱਛਣ । ਦੋਹਰਾ

"ਮਾਤਰਾਂ ਸੋਲ੍ਹਾਂ ਆਦਿ ਧਰਿ ਚੌਦਾਂ ਫੇਰ ਲਗਾਇ ।
ਚਾਰੇ ਪਦ ਮਿਲਦੇ ਭਲੇ ਛੰਦ ਪਿਆਰਾ ਗਾਇ " ।। ੩੬ ।।

---

* ਸਿਵਲ ਸਰਜਨ (ਡਾਕਟ੍ਰ) ।

** ਜਿਸਦੀ ਸੱਪ ਮੰਨਕੇ ਪੂਜਾ ਹੁੰਦੀ ਹੈ ।

Sri Satguru Jagjit Singh Ji eLibrary NamdhariElibrary@gmail.com

ਵੰਨਗੀ ।

ਕਰਾਂ ਬਿਨੰਤੀ ਸੁਣ ਲੈ ਮਿੱਤਰ ਸੰਤਾਂ ਟਹਲ ਕਮਾਵੀਂ ਤੂੰ ।
ਉਮਰ ਪਿਆਰੀ ਜਾਇ ਬੀਤਦੀ ਗੁਰ ਮਿਲ ਕਾਜ ਕਰਾਵੀਂ ਤੂੰ ।
ਆਗੇ ਰਹਿਣ ਸੁਖਾਲਾ ਹੋਵੇ ਲਾਹਾ ਖਾਟ ਸਿਧਾਵੀਂ ਤੂੰ ।
ਇਹ ਸੰਸਾਰ ਵਿਕਾਰ ਰੂਪ ਹੈ ਪਜਾਰਾਂ ਗਜਾਨ ਰਖਾਵੀ ਤੂੰ ॥ ੩੭ ॥

ਸੂਚਨਾ – ਇਹਨੂੰ 'ਕਾਫੀ' ਭੀ ਕਿਹਾ ਜਾਂਦਾ ਹੈ ।

ਕ੨ ਮਾਤ੍ਰਕ ਛੰਦ ਦੇ ੩੫੨੪੫੭੭

(੧੭) ਤ੍ਰਿਭੰਗੀ, ਲੱਛਣ । ਦੋਹਰਾ

ਦਸ, ਅਠ, ਅਠ, ਲਿਖ ਫੇਰ ਛੇ ਬੱਤੀ ਮੱਤਾਂ ਜਾਨ ।
ਚਾਰ ਵਾਰ ਅਠ ਮੇਲ ਕਰ, ਸੁੰਦਰ ਕਰੋ ਬਖਾਨ ॥ ੩੮ ॥

ਵੰਨਗੀ

* ਸੁਖ ਕੇ ਸਾਗਰ, ਜਗਤ ਉਜਾਗਰ, ਪਰਮ ਹਿਤਾਗਰ,ਬਡ ਕਲਪ ਤਰੂ ।
ਨਿਰਗੁਣ ਰਾਤੇ, ਸਹਿਜੇ ਮਾਤੇ, ਗਜਾਨ ਪ੍ਰਦਾਤੇ, ਜੈ ਜਗਤ ਗੁਰੂ ।
ਬੇਦੀ ਨਾਯਕ, ਦੀਨ ਸਹਾਯਕ, ਅਪਦਾ ਘਾਯਕ, ਜਗ ਬੰਧ ਕਟੇ ।
ਸਤਿਜਨ ਸੰਗੀ, ਦੁਖ ਤ੍ਰੈ** ਚੰਗੀ, ਦੇ ਗਤਿ ਜੰਗੀ, ਕਵਿ, ਚਿੰਤ ਮਿਟੇ ॥ ੩੯ ॥

ਸੂਚਨਾ – ਬਹੁਤੇ ਕਵੀ ਇਹਦਾ ਲੱਛਣ ਤੇ ਵੰਨਗੀ ਪਹਿਲੀ ਕਹੀ ਰੀਤੀ ਅਨੁਸਾਰ ਦਿੰਦੇ ਹਨ ਪ੍ਰੰਤੂ ਮਗਰਲੀ ਰੀਤੀ ਸੁੰਦਰ ਹੈ ਜਿਸਦੀ ਵੰਨਗੀ ਦਿੱਤੀ ਗਈ ਹੈ ।

(੧੯) ਮਾਤ੍ਰਕ ਸਵੈਯਾ । ਲੱਛਣ । ਦੋਹਰਾ

ਬੱਤੀ ਮੱਤਾਂ ਤੁਕ ਵਿਖੇ ਵਿਚ ਕਰੋ ਬਿਸਰਾਮ ।
ਭਗਣ ਅੰਤ ਇਕ ਪਾਵੀਏ ਛੰਦ ਸਵੈਯਾ ਨਾਮ ॥ ੪੦ ॥

ਵੰਨਗੀ

ਹਰਿ ਚਰਨਨ ਪ੍ਰੀਤ ਰੀਤ ਸੁਭ ਹੈ, ਸਦ ਮਨ ਸੰਜਮ ਸੀਲ ਬਿਰਾਜਤ ।
ਚਿਤ ਉਪਕਾਰ ਧਾਰ ਤਨ ਡਾਰੇ, ਪਾਪਾਂ ਤੇ ਨਰ ਹਰ ਦਮ ਲਾਜਤ ।
ਸ੍ਵਾਸ ਸ੍ਵਾਸ ਹੈ ਆਸ ਏਕ ਕੀ, ਭ੍ਰਮ ਭੈ ਨਾਸ ਗੁਰੂ ਸ਼ਰਣਾਗਤ ।
ਐਸਾ ਜਾਨ ਸੁਵੈਯਾ 'ਕੇਹਰਿ' ਨਰਹਰ ਬਰ ਪੈਯਾ ਮਨ ਮਾਂਗਤ ॥ ੪੧ ॥

* ਛੇ ਕਾਨੁਪ੍ਰਾਸਾ ਲੰਕਾਰ ਹੈ । (ਅਲੰਕਾਰ, ਦੂਜੀ ਝਲਕ ਵਿਚ ਨਿਰੂਪਣ ਕੀਤੇ ਜਾਣਗੇ । ** ਤਿੰਨੇ ਤਾਪ ਹਰਤਾ ।

Sri Satguru Jagjit Singh Ji eLibrary NamdhariElibrary@gmail.com

ਸੂਚਨਾ- ਇਹਦਾ ਦੂਜਾ ਨਾਉਂ ਸਵਾਈ ਅਤੇ ਸਮਾਨਯ ਸਵੈਯਾ ਭੀ ਹੈ । ਇਹ ਅਨੇਕ ਭਾਂਤ ਵਿਚ ਲਟਕ ਦਾਰ ਹੁੰਦਾ ਹੈ ।

ਮਾਤ੍ਰਕ ਸਮ ਪ੍ਰਕਰਣ ਵਿਚ ਦੰਡਕ ਪ੍ਰਕਰਣ ।

ਤ੬ ਮਾਤਰਾਂ ਦਾ ਛੰਦ । (੧੯) * ਪ੍ਰੀਤਮ ਲੱਛਣ । ਪ੍ਰੀਤਮ

"ਪਹਿਲੇ ਸੋਲਾਂ ਪੁਨ ਤੂੰ ਬਾਰਾਂ ਅੱਠੇ ਫੇਰ ਲਿਖਾਵੀਂ, ਇਵੇਂ ਭਰਾਵੀਂ ।
ਐਸੇ ਗਿਣ ਛੱਤੀਸ ਕਲਾ ਤੂੰ ਇਕ ਪਦ ਵਿਚ ਟਿਕਾਵੀਂ, ਚਾਰ ਬਣਾਵੀਂ, ਠੀਕ ਮਿਲਾਵੀਂ।
ਪ੍ਰੀਤਮ ! ਪ੍ਰੀਤਮ ਜਾਣ ਛੰਦ ਤੂੰ 'ਪ੍ਰੀਤਮ' ਕਵੀ ਸੁਣਾਵੀਂ, ਯਾਦ ਰਖਾਵੀਂ ॥ ੪੨ ॥

ਫੇਰ

"ਗੰਗਾ ਗਿਆ ਗੁਦਾਵਰਿ ਬੱਦਰੀ ਨਾਥ ਪਹੋਏ ਜਾਵੀਂ, ਬਰਤ ਰਖਾਵੀਂ ।
ਭਾਵੇਂ ਤਪੀ ਕਹਾਇ ਧੂਣੀਆਂ ਤਾਪੀਂ ਜਟਾਂ ਬਧਵੀਂ, ਖਾਕ ਰਮਾਵੀਂ ।
ਚਾਹੋ ਪਿੱਪਲ ਤੁਲਸੀ ਬੱਟੇ ਕਬਰਾ ਪੂਜ ਕਰਾਵੀਂ, ਉਮਰ ਗੁਆਵੀਂ ।
ਬਿਨ ਗੁਰ ਸ਼ਾਂਤਿ ਨ ਆਵੈ 'ਪ੍ਰੀਤਮ' ਭਾਵੇਂ ਜਾਪ ਜਪਾਵੀਂ, ਮੰਨ ਧਰਾਵੀਂ" ॥ ੪੩ ॥

ਸੂਚਨਾ - ਇਹਨੂੰ ਡਿਉਢਾ ਭੀ ਕਹਿੰਦੇ ਹਨ ।

੩੭ ਮਾਤਰਾਂ ਦਾ (੨੦ਵਾਂ) ਝੂਲਣਾ ਲੱਛਣ ।

ਦੋਹਿਰਾ

ਤੀਸ ਮੱਤ ਦਸ ਤੇ ਯਤੀ ਫੇਰ ਸੱਤ ਧਰ ਮੀਤ ।
ਸੈਂਤੀ ਕਲ ਯਗਣਾਂਤ ਹੋ ਇਉਂ ਝੂਲਣਾ ਸੁ ਰੀਤ ॥ ੪੪ ॥

ਵੰਨਗੀ

ਮਨ ਧਨ ਅਰ ਬਾਨੀ, ਸੀਸ ਅਰਪ ਗੁਰ ਨੂੰ, ਪੜ੍ਹ ਗੁਰ ਮੰਤ੍ਰ ਸੱਚ ਬੋਲਣਾ ਜੀ ।
ਮਠ ਪੀਰ ਸੁਲਤਾਨ, ਤਜੋ ਸਭ ਦੀ ਕਾਨ, ਤਜ ਅੰਮ੍ਰਿਤ ਬਿਖ ਨਾ, ਫਿਰੋਲਣਾ ਜੀ ।
ਧਾਰ ਪੰਜ ਕਕਾਰ, ਨਾ ਕਬਹੂੰ ਵਿਸਾਰ, ਲਖਨ ਪਰ ਨਰ ਨਾਰ, ਡੋਲਣਾ ਜੀ ।
ਕੁਲ ਵਰਣ ਭੂਲਣਾ, ਇਕ ਗੋਦ 'ਝੂਲਣਾ', ਪਹਿਰਕੇ ਸਿਦਕ ਦਾ ਚੋਲਣਾ ਜੀ ॥ ੪੫ ॥

ਸੂਚਨਾ - ਚੌਥੇ ਪਦ ਵਿਚ 'ਝੂਲਣਾ' ਸ਼ਲੇਸ਼ ਨਾਲ ਛੰਦ ਦਾ ਨਾਉਂ ਨਿਕਲਿਆ ਹੈ, ਕਈ ਗ੍ਰੰਥ ਕਾਰਾਂ ਨੇ ਇਸ ਨੂੰ ੨੬ ਮਾਤਰਾਂ ਦਾ ਮੰਨਿਆ ਹੈ ਅਤੇ ਕਈਆਂ ਨੇ ਇਹਦੇ

---

* ਇਹ ਛੰਦ ਸੰਤ ਅਮਰਦਾਸ ਜੀ ਰਚਿਤ ਹੈ ।

Sri Satguru Jagjit Singh Ji eLibrary NamdhariElibrary@gmail.com

੨ ਹੀ ਚਰਣ ਰੱਖ ਕੇ ਝੂਲਣਾ ਮੰਨਿਆ ਹੈ ਪ੍ਰੰਤੂ ਇਹ ਭੇਦ (ਤੀਜਾ) ਸੋਹਣਾ ਜਾਣ ਕੇ ਰੱਖਿਆ ਹੈ। ਵਰਣਕ ਝੂਲਣਾ ਭੀ ਵਰਣ ਬ੍ਰਿਤ ਵਿਚ ਆਊਗਾ।

ੳ੬ ਮਾਤ੍ਰਾਂ ਦਾ (੨੧) ਚਰਚਰੀ ਲੱਛਣ।

ਦੋਹਿਰਾ

"ਬਾਰਾਂ ਬਾਰਾਂ ਵਾਰ ਤ੍ਰੈ ਅੰਤ ਵਿਖੇ ਦਸ ਮੱਤ।
ਕਲਾ ਛਿਆਲੀ ਛੰਦ ਸੋ ਨਾਮ ਚਰਚਰੀ ਸੱਤ" ॥ ੪੬ ॥

ਵੰਨਗੀ

"ਤਜੋ ਲੋਕ ਚਾਲੀਆਂ ਮਥੋਨਾ ਖੁਸਾਲੀਆਂ ਵੇਹ ਦੀ ਪਿਆਲੀਆਂ ਲੱਜਤ ਬਰੀਕ ਹੈ।
ਸਾਥ ਨਹੀਂ ਦੇਣ। ਲੋਕ ਏਹੋ ਹੀ ਬਹੁਤ ਸ਼ੋਕ ਸਦਾ ਸਦਾ ਪੌਣ ਰੋਕ ਆਖਣ ਸ਼ਰੀਕ ਹੈ।
ਧਾਰੋ ਧਰਮ ਖਾਲਸਾ ਕੂੜੀ ਤਜੋ ਲਾਲਸਾ ਸੇਵੀਏ ਅਕਾਲ ਵਿਚ ਸਤਿਸੰਗ ਮੀਤ ਹੈ।
ਵਾਹਿਗੁਰੂਨਾਮਜਾਪ "ਜਾਚਕ" ਸਦੀਵਆਪ ਨਹੀ ਵਿਖੇਵੀ 'ਚਰਚਰੀ' ਤੇ ਇਹੋ ਠੀਕ ਹੈ" ॥੪੭॥

ਮੁਕਤਕ (੨੨) ਪ੍ਰਕਾਰ ਛੰਦ ਲੱਛਣ।

ਦੋਹਿਰਾ

ਚਾਲੀ ਜਾਂ ਇਕ ਵੱਧ ਘਟ ਗੱਭੇ ਬਿਸਰਾਮ।
ਅੰਤ ਗੁਰੂ ਹੋ ਅੰਤ ਇਉਂ ਛੰਦ ਪੁਕਾਰ ਸੁਨਾਮ ॥ ੪੮ ॥

ਵੰਨਗੀ

ਰੱਬ ਰੱਬ ਤਾਂ ਆਖਦਾ ਜੱਗ ਸਾਰਾ ਕਿਨ੍ਹੇ ਰੱਬ ਦੀ ਮੂਲ ਨਾ ਸਾਰ ਲੀਤੀ।
ਕੇਤੇ ਭਾਲਦੇ ਜਾਇਕੇ ਜੰਗਲਾਂ ਮੈਂ ਕਿਨੇ ਨਗਨ ਹੀ ਧਾਰਨਾ ਧਾਰ ਲੀਤੀ।
ਕੇਤੇ ਭਾਲਦੇ ਪੱਥਰ੍ਹਾਂ ਮੰਦਰਾਂ ਚੋਂ ਕੇਤੇ ਮੂਰਖਾਂ ਹਾਇ ! ਨਿਕਾਰ ਕੀਤੀ।
ਰੱਬ ਵਜ਼ਾਪਦਾ ਸਰਬ ਦੇ ਚਿੱਤ ਅੰਦਰ ਸੱਚੇ ਗੁਰਾਂ ਨੇ ਦੇਖ ! 'ਪੁਕਾਰ' ਕੀਤੀ ॥ ੪੯॥

ਸੂਚਨਾ – (੧) ਇਹਦਾ ਦੂਜਾ ਨਾਉਂ ਬੈਂਤ ਭੀ ਹੈ, ਪ੍ਰੰਤੂ ਇਹ ਯਮਨ ਭਾਸ਼ਾ ਹੈ, ਇਸ ਕਰਕੇ ਸਾਧੂ ਸੰਗਤ ਸਿੰਘ ਜੀ ਨੇ ਇਹਦਾ ਨਾਉਂ 'ਬਿਜੈ ਦੰਡਕ' ਸਭ ਤੋਂ ਪਹਿਲੇ ਰੱਖਿਆ, ਇਹ ਨਾਉਂ ਵੱਡਾ ਅਤੇ ਠੇਠ ਪੰਜਾਬੀ ਨਾ ਹੋਣ ਕਰਕੇ ਅਸੀਂ 'ਪੁਕਾਰ' (ਚਾਲ ਅਨੁਸਾਰ) ਨਾਉਂ ਰੱਖਿਆ ਹੈ।

(੨) ਕਈਆਂ ਨੇ ਇਸਦੇ ਅੰਤ ਵਿਚ ਲਘੂ ਰੱਖਿਆ ਹੈ, ਉਸ ਨਾਲ ਇਸਦੀ ਲਯ ਵਿਗੜ ਜਾਂਦੀ ਹੈ, ਹੋਰ ਕੋਈ ਦੋਸ਼ ਨਹੀਂ।

(੩) ਇਸ ਦੀਆ ਮਾਤ੍ਰਾਂ ੪੦ ਭੀ ਹੁੰਦੀਆਂ ਹਨ, ਇਸ ਕਰਕੇ ਇਸਨੂੰ ਮੁਕਤਕ ਕਹਿ ਸਕਦੇ ਹਾਂ।

(੪) ਇਸ ਦੀਆਂ ਤੁਕਾਂ ਦੀ ਗਿਣਤੀ ਦਾ ਪੱਕਾ ਨਿਯਮ ਕੋਈਂ ਨਹੀਂ ਹੈ, ਪ੍ਰੰਤੂ ਵਿਸ਼ੇਸ਼ ਕਰਕੇ ਕਵੀਆਂ ਨੇ ਚਾਰ ਹੀ ਮੰਨੀਆ ਹਨ ॥

[ਮਾਤ੍ਰਕ ਅਰਧ ਸਮ ਪ੍ਰਕਰਣ] ਦੋਹਿਰਾ

ਮਤ ਸਮ ਅਰਧ ਪ੍ਰਕਰਣ ਵਿਚ ਦੋਹਾ ਕਰਾਂ ਬਖਾਨ ।
ਫਿਰ ਦੋਹਾ ਚੰਡਾਲਣੀ ਹੋਰ ਸੋਰਠਾ ਜਾਨ ॥ ੫੦ ॥

(੨੩) ਦੋਹਿਰਾ ਲੱਛਣ । ਦੋਹਿਰਾ

ਤੇਰਾਂ ਮਾਤਰਾਂ ਟੌਂਕ ਵਿਚ ਗਜਾਰਾਂ ਜਿਸਤੇ ਜਾਨ ।
ਕਿਸੇ ਚਰਣ ਦੇ ਆਦਿ ਵਿਚ ਦੋਇ ਜਗਣ ਨਾ ਆਨ ॥ ੫੧ ॥

ਵੰਨਗੀ

ਬਿਪਤ ਵਿਦਾਰਨ ਦਸਮ ਗੁਰੁ, ਬੀਰਨ ਬੀਰ ਅਖੰਡ ।
ਰਿਦੇ ਧਾਰ ਖਲ ਖੰਡਨੋ, ਖੰਡਨ ਕਰੂੰ ਪਖੰਡ ॥ ੫੨ ॥

ਸੂਚਨਾ – ਜਿਸ ਦੋਹੇ ਦੇ ਆਦਿ ਵਿਚ ਗੁਰੂ ਲਘੁ (*S*I) ਯਾ ਲਘੁ ਗੁਰੂ (I*S*) ਅਥਵਾ ੩ ਲਘੁ (III) ਹੋਣ ਉਹ ਟੌਂਕੀ ਦੋਹਾ ਕਹਾਉਂਦਾ ਹੈ, ਉਹਦੀ * ਬਣਾਉਟ ੩+੩+੨+੩+੨ ਇਉਂ ਹੁੰਦੀ ਹੈ, ਇਹ ਟੌਂਕ ਚਰਣਾਂ ਦੀ ਬਣੌਟ ਹੈ । ਅਤੇ ਜੀਹਦੇ ਆਦਿ ੨ ਲਘੁ ੧ ਗੁਰੂ (II*S*) ਯਾ '*S*II' ਰੂਪ ਹੋਵੇ ਉਹਦੀ ਬਣੌਟ ੪+੪+੩+੨ ਇਉਂ ਹੁੰਦੀ ਹੈ । ਏਵੇਂ ਹੀ ਜਿਸਤ ਭੇਦਾਂ ਦੇ ਭੀ ੪+੪+੩ ਅਤੇ ੩+੩+੨+੩ ਆਦਿ ਭੇਦ ਹਨ ।

(੨੪) ਦੋਹਾ ਚੰਡਾਲਣੀ (ਦੋਸ਼ੀ ਦੋਹਾ) ਲੱਛਣ ।

ਦੋਹਿਰਾ

ਕਿਸੇ ਚਰਣ ਦੇ ਆਦਿ ਵਿਚ ਦੋਇ ਜਗਣ ਜਦ ਔਣ ।
ਸੋ ਦੋਹਾ ਚੰਡਾਲਣੀ ਦੋਸੀ ਕਰ ਦਿਖਲੌਣ ॥੫੩॥

---

* ਇਸ ਪ੍ਰਕਾਰ ਪ੍ਰਸਤਾਰ ਦ੍ਵਾਰਾ ਇਹਦੇ ੧੦੮ ਭੇਦ ਹਨ, ਦੂਜੀ ਰੀਤੀ ਨਾਲ ੧੦੪ ਭੇਦ ਹਨ ਜੋ 'ਕਾਮਧੇਨ' ਪ੍ਰਤਯ ਵਿਚ ਵਰਤੀ ਗਈ ਹੈ ।

Sri Satguru Jagjit Singh Ji eLibrary NamdhariElibrary@gmail.com

ਵੰਨਗੀ

ਅਜਾਨ ਪਛਾਨ ਦਾਨ ਕਰਿ, ਮੁਰਾਰ ਉਚੀ ਮੱਤ ॥ ੫੪ ॥

ਸੂਚਨਾ – (੧) ਇਹਦੇ ਵਿਚ ੨ ਜਗਣ ਅਤੇ ਦੂਜੇ ਚਰਣ ਦੇ ਆਦਿ ੧ ਜਗਣ ਨੇ ਹੀ ਦੂਸ਼ਤ ਕਰ ਦਿਤਾ, ਕਿਤੇ ਕਿਤੇ ੧ ਜਗਣ ਆਦਿ ਲਾਯਾਂ ਨਹੀਂ ਭੀ ਦੂਸ਼ਤ ਹੁੰਦਾ, ਯਥਾ :–

ਜਹਾ ਨਾ ਹੋਵੇ ਸਾਧ ਸੰਘ ਤਹਾਂ ਬਸੋ ਨਾ ਮੀਤ ॥ ੫੫ ॥

ਇਸ ਕਰਕੇ ਦੋ ਜਗਣ ਇਕੱਠੇ ਔਣ ਕਰਕੇ ਲਯ ਵਿਗੜ ਜਾਂਦੀ ਹੈ, ਸੋ ਲੈਂਣੇ ਨਹੀਂ ਚਾਹੀਦੇ ।

ਸੂਚਨਾ – (੨) ਇਹਦੇ ਕਈਆਂ ਗ੍ਰੰਥ ਕਾਰਾਂ ਨੇ ੬੧ ਅਤੇ ਕਈਆਂ ਨੇ ੨੩ ਮੁਖ ਭੇਦ ਮੰਨੇ ਹਨ, ਪ੍ਰੰਤੂ ਇਹਦੇ ਪ੍ਰਸਤਾਰ ਦੀ ਰੀਤੀ ਨਾਲ ਹਜ਼ਾਰਾਂ ਹੀ ਭੇਦ ਹੁੰਦੇ ਹਨ । ਇਸੇ ਕਰਕੇ ੧ ਹੀ ਦਿਖਾ ਦਿੱਤਾ ਹੈ ।

(੨੫) ਸੋਰਠਿ ਲੱਛਣ । ਦੋਹਿਰਾ

ਗਯਾਰਾਂ ਮਾਤਰਾਂ ਟੌਂਕ ਵਿਚ ਤੇਰਾਂ ਜਿਸਤੇ ਪਾਇ ।
ਛੰਦ ਸੋਰਠਾ ਸਾਜਯੇ ਦੋਹੇ ਨੂੰ ਉਲਟਾਇ ॥੫੬॥

ਵੰਨਗੀ

ਸੁਣੋ ਮੀਤ * ਮੈਂ ਬਾਣ, ਚਿਤ ਚਾਹਤ ਹੀ ਪਾਇੰਗਾ ।
ਚਰਣ ਸ਼ਰਣ ਗੁਰ ਆਨ, ਤਨ ਮਨ ਸਦ ਅਰਪਨ ਕਰੋ ॥ ੫੭ ॥

ਫੇਰ :– ਸੋਰਠਾ

ਕਰੀਏ ਕੂਕ ਪੁਕਾਰ, ਬੋਲਾ ਅਥਵਾ ਦੂਰ ਹੋ ।
ਸਾਈਂ ਚਿੱਤ ਮਝਾਰ, ** 'ਸੋਰ ਠਾਨ' ਕਿਉਂ ਥੱਕੀਏ ॥ ੫੮ ॥

ਸੂਚਨਾ – ਇਹਦੇ ਵਿਚ ਭੀ ਦੋਹੇ ਦੀ ਤਰ੍ਹਾਂ ਯਥਾ ਯੋਗਯ ਜਗਣ ਦਾ ਨਿਖੇਧ ਹੈ॥

* ਮੇਰੀ (ਗੁਰੂ ਕੋਸ਼ ਵਿਚ ਇਹ ਅਰਥ ਹਨ) ।

** ਰੌਲਾ ਪਾਕੇ ।

Sri Satguru Jagjit Singh Ji eLibrary NamdhariElibrary@gmail.com

ਮਾਤ੍ਰਕ ਬਿਖਮ ਪ੍ਰਕਰਣ । ਕੁੰਡਲੀਆ ਛੰਦ

ਲੱਛਣ, ਦੋਹਿਰਾ

ਪਹਿਲੇ ਦੋਹਾ ਰੱਖ ਕੇ ਅੰਤਮ ਪਦ ਪੜ੍ਹ ਫੇਰ ।
ਰੋਲਾ ਛੰਦ ਬਨਾ ਧਰੋ ਆਦਿ ਅੰਤ ਇਕ * ਹੇਰ ॥ ੫੯ ॥

ਵੰਨਗੀ

ਮਾਤਾ ਪੰਜੇ ਜਗਤ ਵਿਚ, ਪਹਿਲੀ ਜਨਨੀ ਜਾਨ ।
ਭੂਪਤ ਰਾਣੀ ਸੱਸੁ ਅਰੁ, ਗੁਰੂ ਸੁਪਤਨੀ ਮਾਨ ।

ਗੁਰੂ ਸੁਪਤਨੀ ਮਾਨ, ਇਸ਼ਟ ਦੇਵ ਕੀ ਭਾਰਜਾ ।
ਜੋ ਨਰ ਕਰੇ ਕੁਦ੍ਰਿਸ਼ਟ ਨਰਕ ਰਹੇ ਯੁਗ ਆਰਜਾ ।

** ਕੁੰਡਲਯਾ' ਡੰਡੌਤ, ਜੋ ਸਿਰ ਇਨ੍ਹੈਂ' ਨ ਮਾਤਾ ।
ਜੋ ਚਾਹੇ ਸੋ ਦੇਇ ਜਗਤ ਵਿਚ ਪੰਜੇ ਮਾਤਾ ॥ ੬੦ ॥

ਸੂਚਨਾ – ਕਈਆਂ ਨੇ ਦੂਜੇ ਪਦ ਦਾ ਤੀਜੇ ਨਾਲ ਅਤੇ ਤੀਜੇ ਦਾ ਚੌਥੇ ਨਾਲ ਭੀ ਸਿੰਘਾਵਿਲੋਕਨ ਕੀਤਾ ਹੈ, ਪ੍ਰੰਤੂ ਇਹਦੇ ਵਿੱਚ ਕੋਈ ਬਹੁਤ ਲਾਭ ਨਹੀਂ ।

(੨੭) ਛਪਯ ਛੰਦ ਲੱਛਣ । (੬ ਤੁਕਾਂ ਵਿੱਚ ੧੫੨ ਮਾਤਰਾਂ)

ਦੋਹਿਰਾ

ਰੌਲਾ ਆਦਿ ਬਣਾਇ ਕਰ ਧਰਯੋ ਤੁਕ ਫਿਰ ਦੋਇ ।
ਕਲਾ ਅਠਾਈ ਇੱਕ ਵਿਚ ਛਪੈ ਛੰਦ ਸੋ ਹੋਇ ॥ ੬੧ ॥

ਵੰਨਗੀ

ਗੁੰਗ ਉਚਾਰੇ ਛੰਦ, ਅੰਧ ਛਿਨ ਰੂਪ ਬਤਾਵੈ ।
ਬੋਲਾ ਸਮਝੇ ਰਾਗ, ਪਿੰਗ ਪਰਬਤ ਚੜ੍ਹ ਜਾਵੇ ।

ਕੀੜੀ ਮਿਣੇ ਸਮੁੰਦ, *** ਸਜਾਰ ਫੜ ਸ਼ੇਰਾਂ ਖਾਵੇ ।
ਸਤਿਗੁਰ ਨੂੰ ਜੇ ਭਾਇ, ਲਾਖ ਸੌਂ' ਇੱਕ ਲੜਾਵੇ ।

ਮੁਏ ਨੂੰ ਫਿਰ ਜੀਵਾਲੇ, ਬੰਧਜਾ ਨੂੰ ਸੁਤ ਬਖਸ਼ੇ ਛਿਨ ।
ਤ੍ਰੈ ਗੁਣ ਤੇ ਸੋਇ ਭਿੰਨ ਪ੍ਰਭ, ਪ੍ਰਗਟ 'ਛਪੈ' ਨਹੀਂ ਸੰਤਮਨ ॥ ੬੨ ॥

---

* ਜਾਣ । ** ਕੁੰਡਲ ਵਾਂਗ । *** ਗਿੱਦੜ ।

Sri Satguru Jagjit Singh Ji eLibrary NamdhariElibrary@gmail.com

ਸੂਚਨਾ - (੧) ਕਈਆਂ ਕਵੀਆਂ ਨੇ ਇਹਦੀਆਂ ਪਿਛਲੀਆਂ ਦੋ ਤੁਕਾਂ ਵਿੱਚ ਛੱਬੀ ਛੱਬੀ ਮਾਤਰਾਂ ਮੰਨੀਆਂ ਹਨ, ਪ੍ਰੰਤੂ ਵੀਹ ਵਿਸਵੇ ੨੮ ਹੀ ਦੇਖੀਆਂ ਜਾਂਦੀਆਂ ਹਨ।

(੨) ਇਹਦੇ ਕਈਆਂ ਨੇ ੭੧ ਭੇਦ ਮੰਨੇ ਹਨ, ਪ੍ਰੰਤੂ ਪ੍ਰਸਤਾਰ ਦੀ ਰੀਤੀ ਨਾਲ ਇਸ ਦੇ ਲੱਖਾਂ ਹੀ ਭੇਦ ਹੁੰਦੇ ਹਨ। ਵਿਸਥਾਰ ਭਯ ਤੇ ੧ ਹੀ ਦਿਖਾਇਆ ਹੈ।

(੨੮) * ੮ ਚਰਣ ਦਾ ਜੋਧਾ ਛੰਦ (ਅੰਮ੍ਰਿਤ ਧੁਨ)

ਲੱਛਣ, ਦੋਹਿਰਾ

ਦੋਹਾਂ ਅੰਤ ** ਉਲਾਲ ਕਰ ਚਾਰ ਚਰਣ ਧਰ ਔਰ ।
ਅਠ ਅਠ ਕਲ ਦੀ ਯੁਮਕ ਤ੍ਰੈ ਆਦਿ ਅੰਤ ਇਕ ਡੌਰ ॥ ੬੩ ॥

ਵੰਨਗੀ

'ਜੋਧਾ' ਜੁੰ ਬਸ, ਜੰਗ ਅਰੁ, ਫੇਰ ਧਰਮ ਦੀ ਵੰਡ ।
ਰਹਿਣ ਪਾਪ ਕਿਉਂ ਜਗਤ, ਜਦ ਦਸਮ ਗੁਰੂ ਬਲਵੰਡ ।
ਦਸਮ ਗੁਰੂ ਬਲਵੰਡਨ, ਦੁਸ਼ਟਨ ਖੰਡਨ ਦੰਡਨ ।
ਖੰਡਨ ਚੰਡਨ ਜਗਤ ਬਿਮੁੰਡਨ ਜੈ ਜੈ ਝੰਡਨ ।
ਗੜ ਦੜ ਟੁੱਟਣ ਤੋਪਾਂ ਛੁੱਟਣ ਧੜਨ ਧੜੋਧਾ ।
ਫੱਟਣ ਗਿਰਵਰ ਅੱਟਣ ਸਰ ਸੜ ਲੜ ਬਡਿ ਜੋਧਾ ॥ ੬੪ ॥

ਸੂਚਨਾ - ਇਹ ਛੰਦ ਵੀਹ ਵਿਸਵੇ ਬੀਰ ਰਸ ਵਿੱਚ ਪੈਂਦਾ ਹੈ, ਇਹਦੀਆਂ ਹੋਰ ਚਾਲਾਂ ਭੀ ਹਨ, ਪਰੰਤੂ ਸਭ ਤੋਂ ਰੋਚਕ ਇਹੀ ਹੈ।

॥ਇਤੀ ਮਾਤ੍ਰਕ ਛੰਦ ॥

---

* ਦੋਹੇ ਦੇ ਚਰਣ ਈ ਚਾਰ ਭੀ ਗਿਣ ਕੇ ਇਹਦੀਆਂ ੮ ਤੁਕਾਂ।

** ਉਲਟਾ ਕੇ।

Sri Satguru Jagjit Singh Ji eLibrary NamdhariElibrary@gmail.com

੧ਓ ਸਤਿਗੁਰ ਪ੍ਰਸਾਦਿ ॥

# ਹ, ਦੋਸ਼ । ਵਰਣ ਬ੍ਰਿਤ ਵਰਣਨ

[ਵਰਣ ਬ੍ਰਿਤ ਦੇ ਲੱਛਣ ਦੀ ਵਿਚਾਰ] ਦੋਹਿਰਾ

ਵਰਣ ਬ੍ਰਿਤ ਪਰਕਰਣ ਵਿਚ ਦਸ ਅੱਖਰ ਪਹਿਚਾਨ ।
ਮਯਰਸਤਜ ਅਰੁ ਭਨ ਲਗੋ ਲੱਛਣ ਕਰਨ ਬਖਾਨ ॥ ੧ ॥

ਗਣ ਹੀ ਲਿਖ ਲੱਛਣ ਕਰੇ ਅੱਖਰ ਰੀਤ ਮਿਟਾਇ ।
ਪਹਿਲਾਂ ਗਣ ਸਭ ਰੱਖ ਕੇ ਗੁਰ ਲਘੁ ਛੇਕੜ ਪਾਇ ॥ ੨ ॥

ਸੂਚਨਾ – ਵਰਣ ਬ੍ਰਿੱਤ ਦਾ ਲੱਛਣ ਕਰਨ ਲਈ ਕਵੀਆਂ ਨੇ ਮ, ਯ, ਆਦਿਕ ਅੱਖਰ ਵਰਤੇ ਹਨ ਅਰਥਾਤ 'ਮ' ਮਗਣ ਗਣ ਲਈ 'ਯ' ਯਗਣ ਲਈ 'ਲ' 'ਗ' ਲਘੁ ਗੁਰੂ ਦੇ ਥਾਉਂ ਰੱਖੇ ਹਨ, ਅਤੇ ਕਈਆਂ ਨੇ ਪਹਿਲੇ ਲਘੁ ਗੁਰੂ ਰੱਖ ਕੇ ਫੇਰ ਗਣਾਂ ਦੀ ਵਾਰੀ ਦੱਸੀ ਹੈ, ਪ੍ਰੰਤੂ ਇਹ ਰੀਤਾਂ ਅਸ਼ੁੱਧ ਹਨ, ਕਿਉਂਕਿ ਪਹਿਲੀ ਵਿੱਚ ਤਾਂ ਅੱਖਰਾਂ ਤੋਂ ਪੂਰਾ ਨਾਉਂ ਲੈਣਾ ਦੋਸ਼ ਹੈ, ਦੂਜੀ ਵਿੱਚ ਗਣ ਪਿੱਛੋਂ ਰੱਖਣੇ ਨਿਯਮ ਤੋਂ ਵਿਰੁੱਧ ਹਨ । ਗਣ ਤੋਂ ਪਿਛੋਂ ਜੇਹੜੇ ਅੱਖਰ (੧ ਜਾਂ ੨) ਗਣ ਤੋਂ ਘੱਟ ਹੋਣ ਉਹਨਾਂ ਨੂੰ ਲਘੁ ਦੀਰਘ ਮੰਨੇ । ਜੈਸੇ ਕਵਿ ਭਿਖਾਰੀ ਦਾਸ ਨੇ 'ਵਿਸ਼ਵਾ ਦੇਵੀ' ਛੰਦ ਦਾ ਲੱਛਣ ਇਉਂ ਕੀਤਾ ਹੈ :– "ਗਗੋ ਮੋਰੂ ਯੋਗੋ ਯਗਾਨੋ ਯਗਾਨੇ" (ਛੰਦਾਰਣਵ ਪਿੰਗਲ) ਅਰਥਾਤ ਪਹਿਲਾਂ ਦੋ ਗੁਰੂ ਫੇਰ ਇਕ ਮਗਣ ਫੇਰ ੧ ਗੁਰੂ ਫੇਰ ੨ ਯਗਣ ਦੀ ਤੁਕ ਹੋਵੇ । ਹੁਣ ਇਸ ਵਿੱਚ ਨਾਲੇ ਤਾ 'ਨਗਣ' ਦਾ ਕੇਵਲ ੧ ਅੱਖਰ 'ਮ' ਹੀ ਰੱਖਿਆ ਹੈ ਅਤੇ ਨਾਲੇ ਪਹਿਲੇ ਅੱਖਰਾਂ ਦਾ ਕ੍ਰਮ ਫੇਰ ਗਣ ਦਾ ਫੇਰ ਅੱਖਰ ਦਾ ਅਤੇ ਫੇਰ ਗਣਾਂ ਦਾ ਰੱਖ ਕੇ ਬੇ ਹਿਸਾਬਾ ਕੰਮ ਕੀਤਾ ਹੈ । ਜੇਕਰ ਦੋ ਮਗਣ ਅਤੇ ਦੋ ਯਗਣ ਰੱਖ ਕੇ ਲੱਛਣ ਕੀਤਾ ਜਾਂਦਾ ਤਾਂ ਠੀਕ ਸੀ । ਇਸ ਕਰਕੇ ਅਸੀਂ ੧ ਅੱਖਰ ਦੀ ਥਾਂ ਗਣ ਦਾ ਪੂਰਾ * ਨਾਉਂ ਲੈ ਕੇ ਅਤੇ ਜੇਹੜੇ ਗਣ ਬਣਦੇ ਹੋਣ ਓਹ ਬਣਾ ਕੇ ਪਿੱਛੇ ਲਘੁ ਦੀਰਘ ਮੰਨੇ ਹਨ । ਜੈਸੇ –

---

* ਜਿੱਥੇ ਗਣ ਦਾ ਇਕੋ ਅੱਖਰ ਰੱਖਿਆ ਹੈ ਉਥੇ ਓਹ ਨਿਰਾਰਥਕ ਨਹੀਂ, ਕਿੰਤੂ ਸੁਲੇਖ ਦੁਆਰਾ ਹੋਰ ਅਰਥ ਭੀ ਹੋਣ ਕਰਕੇ ਦੂਸ਼ਨ ਨਹੀਂ । ਜੈਸੇ 'ਮੰਜ ਭਾਸ਼ਨੀ' ਅਤੇ ਰਾਗ ਦਾ ਲੱਛਣ – "ਸਜੇ ਸਜ ਗੁਰੂ ਸੁਧਾਰੀਏ ਰਜ ਰਜ ਗੁਰੂ ਚਿਤਾਰ" । ਇਥੇ 'ਸਜ ਸਜ' ਅਤੇ 'ਰਜ ਰਜ' ਸਲਿਸ਼ਟ ਹਨ ।

Sri Satguru Jagjit Singh Ji eLibrary NamdhariElibrary@gmail.com

ਦੋਹਿਰਾ

ਰਗਣ ਜਗਣ ਦੋ ਬਾਰ ਕਰਿ ਲਘੁ ਗੁਰੂ ਫਿਰ ਧਾਰ ।
ਚੌਦਾਂ ਵਰਣ ਸੁ ਚਰਣ ਜਿਸ ਛੰਦ ਅਨੰਦ ਉਚਾਰ ॥

ਸਮ, ਸਾਧਾਰਣ, ਬਰਣ ਬ੍ਰਿੱਤ ਵਰਣਨ ।

(੧) ਸ੍ਰੀ ਛੰਦ । ਲੱਛਣ ਅਤੇ ਵੰਨਗੀ, ਦੋਹਿਰਾ

ਇੱਕ ਗੁਰੂ ਹੀ ਚਰਣ ਵਿਚ ਰੱਖੇ ਕਵਿ ਠਹਿਰਾਇ ।
'ਸ੍ਰੀ' 'ਜੀ' ! ਐ, ਲੈ, ਆਖੀਏ ਸਿਰੀ ਛੰਦ ਇਹ ਭਾਇ ॥ ੩ ॥

੬ ਵਰਣ ਦਾ

(੨) ਗੁਰਮੁਖਿ ਛੰਦ ਲੱਛਣ

(SII,IIS) (ਨਵੀਨ) ਵੰਨਗੀ –

ਅੰਮ੍ਰਿਤ ਛਕ ਕੇ, ਪਾਤਕ ਧਕ ਕੇ ।
ਹੈ ਸਦ ਸਖੀਏ, ਜੋ 'ਗੁਰਮੁਖੀਏ' ॥ ੪ ॥

(੩) ਸਸਿਬਦਨਾ ਛੰਦ (III, ISS) ਵੰਨਗੀ –

ਸਤਿਗੁਰ ਸੂਰੇ, ਸਰਵਰ ਪੂਰੇ ।
ਹਰਮਦਨਾ ਹੈ, 'ਸਸਿਬਦਨਾ' ਹੈ ॥ ੫ ॥

(੪) ਤਿਲਕਾ ਛੰਦ (IIS, IIS) ਵੰਨਗੀ –

ਨਰ ਦਾਨ ਕਰੇ, ਕੁਛ ਗਜਾਨ ਕਰੇ ।
ਮਨ ਨਾਮ ਧਰੇ, 'ਤਿਲਕਾਮ' ਕਰੇ ॥ ੬ ॥

(੫) ਚਿੱਤ੍ਰਪਦਾ ਛੰਦ (SI, SII, SS)

ਉੱਪਰ ਝਾਲ ਸੁਨੈਰੀ ਹੈ ਹਰਿ ਮੰਦਰ ਪੈਰੀ ।
ਅੰਮ੍ਰਿਤ ਤਾਲ ਚੁਫੇਰੇ । 'ਚਿੱਤ੍ਰ ਪਦਾਰਥ' ਘੇਰੇ ॥੭॥

(੬) ਸੋਹਾਗ ਛੰਦ (SII, SSI, IS)

ਕੱਤਕ ਪਜਾਰਾ ਸਭ ਕੋ । ਮੰਦਰ ਮਾੜੀ ਨਭ ਕੋ ।
ਚੰਦ ਸੁਹਾਵੀ ਛਬਿ ਰੀ । ਰਾਤ 'ਰਿ! 'ਸੁਹਾਗ' ਭਰੀ ॥ ੮ ॥

Sri Satguru Jagjit Singh Ji eLibrary NamdhariElibrary@gmail.com

ਨੋਟ – ਇਸ ਨੂੰ ਮਾਣਵਕ ਭੀ ਕਹਿੰਦੇ ਹਨ।

(੭) ਸਮਾਨਕਾ ਛੰਦ (SIS, ISI, SI)

ਉਚ ਨੀਚ ਰਾਉ ਰੰਕ । ਸੂਰਮੇ ਹਰੇ ਨਿਸੰਕ ।
ਬੀਰ ਧੀਰ ਜ੍ਵਾਨ ਲਾਲ । ਕੌਣ ਹੈ 'ਸਮਾਨ ਕਾਲ' ॥ ੯ ॥

(੮) ਪ੍ਰਮਾਣਕਾ ਛੰਦ (ISI, SIS, IS)

* ਸੁਬਿੱਜ ਜਜੋਂ ਪ੍ਰਹਾਰਨੀ । ਕ੍ਰਿਪਾਨ ਘਾਤ ਕਾਰਨੀ ।
** ਜੁ ਤੀਰ ਹੈ ਕਮਾਨ ਕਾ । ਸੁ ਨਾਗ ਕੇ 'ਪ੍ਰਮਾਣਕਾ' ॥੧੦॥

(੯) ਬਾਣ ਛੰਦ (SISISISI)

ਲੋਭ ਮੋਹ ਕ੍ਰੋਧ ਮਾਰ । ਈਰਖਾ ਹੰਕਾਰ ਭਾਰ ।
ਟੁੱਟਗੇ ਸੁ ਗਜਾਨ ਤਾਣ । ਕਾਮ ਦੇ ਅਖੰਡ ਬਾਣ ॥ ੧੧ ॥

ਇਹਨੂੰ ਮੱਲਕਾ ਛੰਦ ਭੀ ਕਹਿੰਦੇ ਹਨ।

*** ੯ ਵਰਣ (੧੦) ਭੁਯੰਗ ਸ਼ਿਸ਼ੂ ਲੱਛਣ

(III, III, SSS) ਦੋਹਿਰਾ

"ਦੋਇ ਨਗਣ ਧਰ ਆਦਿ ਵਿਚ ਇਕ ਮਗਣ ਧਰਿਅੰਤ ।
ਚੌਪਦ ਸ਼ਿਸ਼ੂ ਭੁਯੰਗ ਇਉਂ ਰਚਨਾ ਛੰਦ ਚਲੰਤ" ॥ ੧੨ ॥

ਵੰਨਗੀ

"ਪਰਹਿਤ ਵਿਸਰੇ ਆਪੇ । ਰਿਦ ਮਹਿ ਹਰਿ ਕੋ ਜਾਪੇ ।
ਨਿਸਦਿਨ ਸਤਿਸੰਗੀ ਜੋ । ਪ੍ਰਗਟ "ਸ਼ਿਸ਼ੂ ਭੁਯੰਗੀਸੋ" ॥੧੩॥

ਸੂਚਨਾ – ਇਹਨੂੰ 'ਭੁਯੰਗ ਸ਼ਿਸ਼ੂ ਸੁਤਾ', 'ਭੁਯੰਗ ਸ਼ਿਸ਼ੂ ਭ੍ਰਿਤਾ ਅਤੇ 'ਯੁਕਤਾ ਭੀ ਕਹਿੰਦੇ ਹਨ।

---

* ਪੂਰਨੋਪ ਅਲੰਕਾਰ ।
** ਲੁਪਤੋਪ ਅਲੰਕਾਰ ।
*** ਜਾਚਕ ਕਵੀ ਰਚਤ ।

(੧੧) ਹੁਕਮ ਛੰਦ (।।।, ।SS, ।।S) ਵੰਨਗੀ।

ਹੁਕਮ ਉਪਾਵੇ ਜਗਤਾ। ਹੁਕਮ ਸਮਾਵੇ ਸਗਤਾ।
ਹੁਕਮ ਰਜਾਈ ਪਲਣਾ। 'ਹੁਕਮ' ਚਲਾਵੇ ਚਲਣਾ।। ੧੪ ।।

ਇਹਨੂੰ ਸਾਰੰਗਕ ਭੀ ਕਹਿੰਦੇ ਹਨ।

੧੦ ਵਰਣ ਦਾ (੧੨) ਸਾਰਵਤੀ ਲੱਛਣ।

(S।।, S।।, S।।, S) ਦੋਹਿਰਾ

ਤਿੰਨ ਭਗਣ ਗਣ ਧਾਰ ਕੇ ਅੰਤ ਗੁਰੂ ਇਕ ਲਾਇ ।
ਸਾਰਵਤੀ ਸੋ ਛੰਦ ਹੈ 'ਕੇਹਰਿ' ਸੁੰਦਰ ਭਾਇ ।। ੧੫ ।।

ਵੰਨਗੀ

ਕਾਵਜ ਵਿਚਾਰ ਸਵਾਰਗਤੀ। ਗਜਾਨ ਗੁਰੂ ਸੁਚਿਤਾਰਮਤੀ।
ਵਾਹਿਗੁਰੂ ਜਪਨਾਲਰਤੀ। 'ਕੇਹਰਿ' ਸੋਮਤਿਸਾਰਵਤੀ ।। ੧੬ ।।

ਸੂਚਨਾ – ਇਹਦਾ ਹੋਰ ਨਾਉਂ ਹਾਕਲੀ ਭੀ ਹੈ।

(੧੩) ਮੋਰ ਛੰਦ, ਲੱਛਣ (S।S, S।S, S।S, S)

ਯਥਾ ਦੋਹਿਰਾ

ਰਗਣ ਜਗਣ ਨੂੰ ਜੋੜ ਕੇ ਰਗਣ ਗੁਰੂ ਇਕ ਠਾਣ ।
ਮੋਰ ਛੰਦ ਇਉਂ ਜਾਣੀਏ ਪਿੰਗਲ ਕਰੇ ਬਖਾਣ ।। ੧੭ ।।

ਵੰਨਗੀ

ਆਪ ਨਾਦ ਹੋਤ ਮੈ ਕੁਰੰਗਾ। ਦੀਅਰਾ ਹਜ਼ੂਰ ਮੈ ਪਤੰਗਾ।
* ਆਪ ਹੋ ਜੇ ਚੰਦ ਮੈਂ ਚਕੋਰਾ। ਮੇਘ ਆਪ ਦਾਸ ਜਾਨ 'ਮੋਰਾ' ।। ੧੮ ।।

ਸੂਚਨਾ – ਇਹਦਾ ਦੂਜਾ ਨਾਉਂ ਮਯੂਰ ਸਾਰਨੀ ਹੈ।

(੧੪) ਚੰਪਕ ਮਾਲਾ ਛੰਦ, (S।।, SSS, ।।S, S)

[ਮਨੋਰਮਾ ਸਣੇ ਇਕੱਠਾ ਲੱਛਣ] ਦੋਹਿਰਾ

ਡਗਣ ਮਗਣ ਅਰੁ ਸਗਣ ਗੁਰ ਚੰਪਕਮਾਲਾ ਮਾਨ।
ਨਗਣ ਰਗਣ ਫਿਰ ਜਗਣ ਗੁਰਮਨੋ ਰਮਾਵਿਚ ਆਨ ।।੧੯।।

---

* ਪਰੰਪ੍ਰਤ ਰੂਪ ਕਾਲੰਕਾਰ।

Sri Satguru Jagjit Singh Ji eLibrary NamdhariElibrary@gmail.com

ਚੰਪਕਮਾਲਾ ਵੰਨਗੀ

* ਜਾਪ ਹਰੀ ਕਾ ਕਾਪੜ ਤੇਰੇ । ਭੂਖਣ ਹੈਂ ਜੋ ਕਾਮ ਭਲੇਰੇ ।
ਗਜ਼ਾਨ ਗੁਰੂ ਹੈ ਅੰਜਨ ਸ਼ਾਲਾ । ਤੀਖਨ ਬੁੱਧੀ ** 'ਚੰਪਕਮਾਲਾ' ॥ ੨੦ ॥

(੧੫) ਮਨੋਰਮਾ ਛੰਦ (III, *S* IS, IS I, *S*) ਵੰਨਗੀ

*** ਮਹਿਲ ਲਾਲ ਸੋਂ ਮੜ੍ਹੇ ਰਹੇ । ਰਤਨ ਦ੍ਵਾਰ ਤੇ ਜੜੇ ਰਹੇ ।
ਕਰਨ ਕਾਰ ਨੂੰ ਕਰੀ ਜਮਾ । ਫੜ ਨਿਕੇਲ ਤੇ **** ਮਨੋਰਮਾ' ॥ ੨੧ ॥

੧੧ ਵਰਣ (੧੬) ਮੀਤ ਛੰਦ ਲੱਛਣ

(*S*I*S*I*S*I*S*I*S*I*S*) ਦੋਹਿਰਾ

"ਪੰਚ 'ਗੁਰੂ ਲਘੁ' ਆਦਿ ਧਰਿ ਅੰਤੇ ਗੁਰੂ ਲਗਾਇ ।
ਵਰਣ ਗਿਆਰਾਂ ਚਾਰ ਪਦ ਮੀਤ ਛੰਦ ਇਹ ਭਾਇ " ॥ ੨੨ ॥

ਵੰਨਗੀ

ਸੱਤ ਨਾਮ ਦੇਵ ਕੋ ਸਦਾ ਜਪੋ । ਹੋਰ ਕੂੜ ਕਾਜ ਮਾਹ ਨਾ ਖਪੋ ।
ਵਾਹਿ ਵਾਹਿ ਜੋ ਗੁਰੂ ਅਨੰਤ ਹੈ । ਮੀਤ 'ਜਾਚਕਾ' ਵਿਚਾਰ ਸੰਤ ਹੈ" ॥ ੨੩ ॥

(੧੭) ਦੋਧਕ ਛੰਦ ਲੱਛਣ, (*S*II, *S*II, *S*II, *SS*)

ਦੋਹਿਰਾ

ਤਿੰਨ ਭਗਣ ਗਣ ਆਦਿ ਵਿਚ ਦੋ ਗੁਰ ਰਾਖੋ ਫੇਰ ।
ਐਸੇ ਹੀ ਤੁਕ ਚਾਰ ਕਰਿ ਦੋਧਕ ਛੰਦਹਿ ਹੇਰ ।।੨੪।।

ਵੰਨਗੀ

ਚਾਤ੍ਰਕ ਜਜੋ ਘਨ ਬੂੰਦ ਬਿਨਾ ਹੈ । ਭੌਰ ਜਿਵੇ ਫੁਲ ਬਾਝ ਭਯਾ ਹੈ ।
***** ਦੋਧਕ ਦੋ' ਬਿਨ ਗੋਨ ਰਹਾਵਾ । ਤੈਂ ਬਿਨ ਮੈਂ ਤਿਵ ਸਾਂਤ ਨ ਪਾਵਾ ॥ ੨੪ ॥

---

* ਨਿਰਦਸ਼ਨਾਲਕਾਂਰ ।
** ਚੰਬੇ ਦੀ ਮਾਲਾ ।
*** ਉਦਾਤਾਲੰਕਾਰ ।
**** ਜਾਣੀਦਾ, ਲੱਛਮੀ ।
***** ਬੱਛਾ ।

Sri Satguru Jagjit Singh Ji eLibrary NamdhariElibrary@gmail.com

ਸੂਚਨਾ – ਇਹਦਾ ਨਾਉਂ ਬੰਧੁ ਭੀ ਹੈ, ਕਈਆਂ ਨੇ ਇਸਨੂੰ ੧੨ ਅੱਖਰਾਂ ਦਾ (੪ ਭਗਣ ਕਰਕੇ) ਮੰਨਿਆ ਹੈ, ਪ੍ਰੰਤੂ ਇਹ ਬਹੁ ਸੰਮਤੀ ਨਹੀਂ ਹੈ। ੪ ਭਗਣ ਦਾ ਮੋਦਨ ਅਥਵਾ ਮੋਦਕ ਬ੍ਰਿੱਤ ਹੈ।

(੧੮) ਅਨੁਕੂਲਾ ਲੱਛਣ (*S*II, *SS*I, III, *SS*) ਦੋਹਿਰਾ

ਭਗਣ ਤਗਣ ਫਿਰ ਨਗਣ ਕਰ ਦੋ ਗੁਰ ਲਾਓ ਅੰਤ ।
ਸੋ ਅਨੁਕੂਲਾ ਛੰਦ ਹੈ 'ਕੇਹਰਿ' ਆਖਣ ਸੰਤ ॥ ੨੬ ॥

ਵੰਨਗੀ

ਦੀਨ ਵਿਸਾਰੇ ਪਸੁ ਜਿਉ ਸੋਵੇਂ । ਆਪ ਸਰਾਹੇਂ ਅਵਰ ਵਿਗੋਵੇਂ ।
ਠੌਰ ਨ ਪਾਵੇ ਭਟਕਤਿ ਭੂਲਾ । ਰਾਮ ਨ ਚੇਤੇ ਸਦ ਅਨੁਕੂਲਾ ॥ ੨੭ ॥

ਸੂਚਨਾ – ਇਸਦਾ ਨਾਉਂ ਮੌਕਤਕ ਮਾਲਾ ਭੀ ਹੈ।

(੧੯) ਕਮਾਣ ਛੰਦ ਤੇ ਨਾਗ ਛੰਦ ਦਾ ਇਕੱਠਾ ਲੱਛਣ।

{ III, I*S*I, I*S*I, I*S*
—————————
*S*I*S*, I*S*I, *S*I*S*, I*S* }

ਯਥਾ ਦੋਹਰਾ

ਨਗਣ, ਜਗਣ ਦੋ, ਲਘੁ ਗੁਰੂ, ਜਾਣੋ ਛੰਦ ਕਮਾਣ ।
ਰਗਣ ਜਗਣ ਫਿਰ ਰਗਣ ਲਘੁ ਗੁਰੂ ਨਾਗ ਪਹਿਚਾਣ ॥ ੨੮ ॥

ਵੰਨਗੀ ਕਮਾਣ ਛੰਦ

ਚਪਲ ਸੁ ਕਾਮ ਨਿਲਾਜ ਵਡਾ । ਮਸਤਕ ਨਾਰ ਸਵਾਰ ਸਦਾ ।
ਜਦ ਨਰ ਰੂਪ ਤਕੌਣ ਲਗਾ । ਤੁਰਤ ਕਮਾਣ ਚਵੌਣ ਲਗਾ ॥ ੨੯ ॥

ਨੋਟ – ਇਹਨੂੰ ਸੁਮੁਖੀ ਭੀ ਕਹਿੰਦੇ ਹਨ।

Sri Satguru Jagjit Singh Ji eLibrary NamdhariElibrary@gmail.com

(੨੦) ਨਾਗ ਛੰਦ

* ਬਾਲਮੀਕ ਤਿੰਨ ਲੋਕ ਹੈ ਬਨੇ । ਦੂਖੇ ਤਾਪ ਹੈ ਫੁਕਾਟੜੇ ਘਨੇ ।
ਆਸ ਤੇ ਨਿਰਾਸਤਾ ਜ਼ਬਾਨ ਏ । 'ਨਾਗ' ਸੋ ** ਕਰਾਲ ਕਾਲ ਮਾਨੀਏ *** ॥ ੩੦॥

ਨੋਟ – ਇਹਦਾ ਦੂਜਾ ਨਾਉਂ ਸਜੇਨਕਾ ਭੀ ਹੈ ।

੧੨ ਅੱਖਰੇ (੨੧) ਭੁਯੰਗ ਪ੍ਰਯਾਤ ਲੱਛਣ

(ISS, ISS, ISS, ISS) ਦੋਹਿਰਾ

ਚਾਰ ਯਗਣ ਧਰਿ ਤੁਕ ਵਿਖੇ ਹੋਰ ਭੇਦ ਕੁਝ ਨਾਹਿ ।
ਛੰਦੁ ਭੁਯੰਗ ਪ੍ਰਯਾਤ ਹੈ ਚਾਲ ਸਰਪ ਦੀ ਆਹਿ ॥ ੩੧ ॥

ਵੰਨਗੀ

ਸੁ ਸੂਰੇ ਗੁਰੂ ਨੇ ਜਬੀ ਬਾਣ ਮਾਰਾ । ਗਿਰਾ ਪ੍ਰੇਮ ਭੂਮੀ ਕਲੇਜਾ ਉਖਾਰਾ ।
**** ਨਹੀਂ ਕਾਣ ਮਾਨੀ ! ਨਹੀਂ ਕਾਣ ਮਾਨੀ, ਨਹੀਂ ਆਨ ਜਾਨੀ ਨਹੀਂ ਆਨ ਜਾਨੀ ॥ ੩੨ ॥

ਫੇਰ :-

ਕਦੇ ਰਾਗ ਗਾਵਾਂ ਕਦੇ ਛੰਦ ਜੋੜਾਂ । ਕਦੇ ਬੰਦਨਾ ਠਾਣ ਹੀਆ ***** ਸਰੋਰਾਂ ।
ਗੁਰੂ ਆਪ ਦੀ ਗੋਦ ਚਾਹਾਂ ਕਦਾਹੀ । 'ਭੁਯੰਗੀ ਪ੍ਰਯਾ ਭੋਹ' ਲੱਗਾਂ ਸਦਾ ਹੀ ॥ ੩੩ ॥

(੨੨) ਤੋਟਕ ਲੱਛਣ ।

(IIS, IIS, IIS, IIS) ਦੋਹਿਰਾ

ਚਾਰ ਸਗਣ ਦਾ ਚਰਣ ਇਕ ਕਰਨ ਚਾਰ ਤੁਕ ਸੰਤ ।
ਪਹਿਲੀ ਸੇ ਦੂਜੀ ਮਿਲੇ ਤੀਜੀ ਚੌਥੀ ਅੰਤ ॥ ੨੦ ॥

---

* ਬਰਮੀ ।
** ਡਰਾਉਣਾ ।
*** ਤਦਰੂਪ ਰੂਪਾਲੰਕਾਰ ।
**** ਇਨ੍ਹਾਂ ਦੋਹਾਂ ਤੁਕਾਂ ਵਿੱਚ ਲਾਟਾਨੁ ਪ੍ਰਸਾਲੰਕਾਰ ।
***** ਪ੍ਰਸੰਨ ਕਰਾਂ ।

Sri Satguru Jagjit Singh Ji eLibrary NamdhariElibrary@gmail.com

ਵੰਨਗੀ

ਮੁਖ ਬੋਲ ਸਕੇ ਦ੍ਰੁਤਿ ਆਖਨ ਮੇਂ । ਜਰੁ ਕਾਲ ਲਗੇ ਨਹਿੰ ਜਾਂ ਤਨ ਮੇਂ ।
ਜਬ ਲੌ ਤਨ ਮੇਂ ਸਭ ਹੀ ਸ਼ਕਤੀ । ਕਰੀਏ ਸਦ ਹੀ ਗੁਰ ਕੀ ਭਗਤੀ ।। ੩੪ ।।

ਫੇਰ :-

ਸੁਣ ਮੂਢ ਬਿਹਾਲ ਬਿਤਾਲ ਮਨਾ । ਤਜ ਹੌਂਦ ਹੰਕਾਰ ਸੁਭਾਰ ਘਨਾ ।
ਤਨ ਕੱਚ ਤਜੋ ਬਣ ਲਾਲ ਮਣੀ । ਗੁਰ ਕੀ ਅਬ 'ਤੇ ਟਕ' ਸਾਲ ਬਣੀ ।। ੩੫ ।।

(੨੩) ਤਰਲ ਨਜਨ ਛੰਦ ਲੱਛਣ ।

(।।।, ।।।, ।।।, ।।।) ਦੋਹਿਰਾ

ਬਾਰਾਂ ਲਘੁ ਸੁ ਪੈਰ ਵਿਚ ਚਾਰ ਨਗਣ ਦੇ ਰੂਪ ।
ਤਰਲ ਨਜਨ ਸੋ ਛੰਦ ਹੈ ਜਿਸਦੀ ਚਾਲ ਅਨੂਪ ।। ੩੬ ।।

[ਵੰਨਗੀ]

ਕਿਉਂ ਨਰ ਗਰਬ ਕਰਤਿ ਧਨ । ਅਘਨ ਕਰਨ ਅਰਪਹਿ ਮਨ ।
ਕਿਉਂ ਭਜ ਨਰ 'ਤਰਲ' * ਨਜਨ । ਭਜਿ ਸਤਿਗੁਰ ਮੁਕਤ ਦਯਨ ।। ੩੭ ।।

ਜਹਾਨ ਪਾਲਕਾ ਅਤੇ ਮ੍ਰਿਦੰਗ ਦਾ ਇਕੱਠਾ ਲੱਛਣ ।

(ਜਹਾਨ ਪਾਲਿਕ ਛੰਦ)

ਜਗੰਨ ਤੇ ਰਗੰਨ ਦੇਇ ਦੋ ਕਹੋ । ਜਹਾਨ ਪਾਲਕਾ ਸੋ ਛੰਦ ਏ ਲਖੋ ।
ਨਗੰਨ ਦੋ ਜਗੰਨ ਤੇ ਯਗੰਨ ਹੋ । ਮ੍ਰਿਦੰਗ ਛੰਦ ਕਾਵਯ ਬੀਚ ਮੌਨ ਸੋ ।। ੩੮ ।।

ਵੰਨਗੀ । (੩੪) ਜਹਾਨ ਪਾਲਕਾ

(। S ।, S । S, । S ।, S।S)

ਮਹਾਂ ਮੁਬਾਰਿਕਾ ਕ੍ਰਿਪਾਲ ਧਾਰਿਕਾ । ਅਨੰਦ ਕਾਰਿਕਾ ਸਮੁੰਦ ਤਾਰਿਕਾ ।
ਕਰੋ ਸੁ ਘਾਲਿਕਾ ਬਨਾਉ ਬਾਲਿਕਾ । ਸੁ ਪ੍ਰਾਣ ਮਾਲਿਕਾ 'ਜਹਾਨ ਪਾਲਿਕਾ' ।। ੩੯ ।।

ਸੂਚਨਾ – ਇਹਨੂੰ ਬਿਭਾਵਰੀ ਭੀ ਕਹਿੰਦੇ ਹਨ ।

---

* ਇਸਤ੍ਰੀ ।

Sri Satguru Jagjit Singh Ji eLibrary NamdhariElibrary@gmail.com

(੨੫) ਮ੍ਰਦੰਗ ਛੰਦ

(| | |, | S |, | S |, | S S)

ਸਕਲ ਆਨੰਦ ਸੁ * ਛੰਦ ਪ੍ਰਦਾਤਾ । ਮੁਨਿ ਜਨ ਬੇਧਕ ** ਸੰਗ ਬਿਧਾਤਾ ।
ਧ੍ਰਿਗ ਧ੍ਰਿਗ ਰਾਗ ਬਿਹੀਨ ਜਹਾਨਾ ॥ ਮੁੜ ਮੁੜ ਆਖ ਮ੍ਰਦੰਗ ਬਖਾਨਾ ॥ ੪੦ ॥

ਸੂਚਨਾ – ਕਾਵ੍ਯਲਿੰਗ ਅਲੰਕਾਰ ਦ੍ਵਾਰਾ ਇਹਦਾ ਇਹ ਭਾਵ ਹੈ ਕਿ ਮ੍ਰਿਦੰਗ ਦਾ ਧਿਗ ਧਿਗ ਕਰਨਾ 'ਰਾਗ' ਤੋਂ ਵਿਹੀਨ ਪੁਰਸ਼ਾਂ ਨੂੰ ਧ੍ਰਕਾਰ ਦੇਣਾ ਹੈ, ਇਹਨੂੰ ਤਾਮਰਸ ਭੀ ਕਹਿੰਦੇ ਹਨ ।

(੨੬) ਮੋਦਨ ਲੱਛਣ ।

(S ||, S | |, S | |, S | |)

ਦੋਹਿਰਾ

ਚਾਰ ਭਗਣ ਹੀ ਚਰਣ ਦੇ ਹੋਰ ਭੇਦ ਨਾ ਕੋਇ ।
'ਕੇਹਰਿ' ਸੁੰਦਰ ਚਾਲ ਦਾ ਮੋਦਨ ਛੰਦ ਸੁ ਹੋਇ ॥ ੪੧ ॥

ਵੰਨਗੀ

ਨਾਮ ਜਪੇ ਜਦ ਛੋਡ *** ਕੇ ਵਾਣਸ **** । ਜੰਗਲ ਮੰਗਲ ਇੱਕ ਪਛਾਣਸ ।
ਰੋਮ ਖੜੇ ਤਨ ਪ੍ਰੇਮ ਪਰੋਵਣ । ਓਦਨਿ ਕੇਹਰਿ' ਤੂੰ ਮਨ ਮੋਦਨ ॥ ੨੬ ॥

ਸੂਚਨਾ – ਇਹਦਾ ਨਾਉਂ ਮੋਦਕ ਭੀ ਹੈ ।

'ਸਵਾਰ' ਅਤੇ ਕਾਮਣੀ ਮੋਹਨਾ ਦਾ ਇਕੱਠਾ ਲੱਛਣ ।

{ | S |, | S |, | S |, | S |
------------------------
S | S, S | S, S | S, S | S }

ਯਥਾ ਦੋਹਿਰਾ

ਚਾਰ ਜਗਣ ਹਨ ਇੱਕ ਤੁਕ ਛੰਦ ਸਵਾਰ ਪਛਾਣ ।
ਰਚੋ ਕਾਮਣੀ ਮੋਹਿਨਾ ਚਾਰ ਰਗਣ ਤੁਕ ਠਾਣ ॥ ੪੨ ॥

---

* ਪ੍ਰਸੰਨਤਾ । ** ਪ੍ਰੋਣ ਵਾਲਾ ।
*** ਕੇ ਨੂੰ ਲਘੁ ਪੜ੍ਹੋ । **** ਪਸਾਰਾ ।

Sri Satguru Jagjit Singh Ji eLibrary NamdhariElibrary@gmail.com

ਵੰਨਗੀ । (੨੭) ਸਵਾਰ ਛੰਦ ।

ਪਰੇਮ ਰਕਾਬ ਸੁ ਨਾਮ ਮੁਹਾਰ । ਸਰੀਰ ਅਰਾਕਨ ਜ਼ੀਨ ਕਰਾਰ ।
ਸੁ ਬੇਦ ਪੁਰਾਨ ਕਤੇਬ ਫਰਾਰ । ਜਿਨ੍ਹਾਂ ਇਹ ਢੰਗ ਭਲੇ 'ਅਸਵਾਰ' ॥ ੪੩ ॥

ਸੂਚਨਾ – ਇਹਨੂੰ ਮੌਕਤਿਕ ਦਾਮ ਅਥਵਾ ਮੋਤਿਯ ਦਾਮ ਭੀ ਕਹਿੰਦੇ ਹਨ ।

(੨੮) ਕਾਮਣੀ ਮੋਹਿਨਾ ਛੰਦ । ਬੰਨਗੀ ।

* ਚੰਦ ਨੂੰ ਦੇਖ ਜੋ ਫੁੱਲ ਸੰਕੋਚਦੇ ** ਕੁਲਟਾ ਪੱਖ ਤੇ ਨੂੰਰ ਨੂੰ ਲੋਚਦੇ ।
ਇਕ ਕਾਮੋਦ *** ਸੋ ਜੋਬਨੀ ਆਣਕੇ । ਹੱਸਦੇ 'ਕਾਮਣੀ ਮੋਹਿਨਾ' ਜਾਣਕੇ ॥ ੪੪ ॥

ਸੂਚਨਾ – ਇਹਨੂੰ ਸ੍ਰਗਣੀ ਭੀ ਕਹਿੰਦੇ ਹਨ ।

ਗਿਆਨਾ ਅਤੇ ਗੋਪਾਲ ਦਾ ਇਕੱਠਾ ਲੱਛਣ ।

ਸੋਰਠਾ

ਛੰਦ ਗਿਆਨਾ ਭਾਲ, ਨਗਣ ਯਗਣ ਦੋ ਬਾਰ ਕਰਿ ।
ਚਾਰ ਤਗਣ ਗੋਪਾਲ, ਹਰ ਤੁਕ ਅੰਦਰ ਗੱਠੀਏ ॥ ੪੫ ॥

ਵੰਨਗੀ (੨੯) ਗਿਆਨਾ ਛੰਦ (।।।, ।*SS*, ।।।, ।*SS*)

ਸਤਿਗੁਰ ਦਾਤੇ ਪੁਰਖ ਵਿਧਾਤੇ । ਸ਼ਰਨ ਪਰਾਤੇ ਕਵਿ ਬਲ ਜਾਤੇ ।
ਪਲਕੁ ਧਿਆਨਾ ਕਰ ਖਸਮਾਨਾ । ਮੁਕਤ ਨਿਧਾਨਾ ਬਖਸ਼ 'ਗਿਆਨਾ' ॥ ੪੬ ॥

ਇਹਨੂੰ ਕੁਸਮ ਵਿਚਿਤ੍ਰਾ ਭੀ ਕਹਿੰਦੇ ਹਨ ।

ਵੰਨਗੀ (੩੦) ਗੋਪਾਲ ਛੰਦ । (*SS*।, *SS*।, *SS*।, *SS*।)

**** ਜੇ ਖੱਟਣਾ ਖੱਟ ਤੂੰ ਸੁੱਧ ਆਚਾਰ । ਜੇ ਮੰਗਣਾ ਮੰਗ ਤੂੰ ਰੱਬ ਦਾਤਾਰ ।
ਹੈ ਪੀਵਣਾ ਪੀਅ ਲੈ ਨਾਮ ਦਾ ਤਾਲ । ਜੇ ਚੇਤਣਾ ਚੇਤ ਤੂੰ ਇੱਕ ਗੋਪਾਲ' ॥ ੪੭ ॥

ਸੂਚਨਾ – ਇਹਨੂੰ ਮੈਨਾਵਲੀ ਭੀ ਕਹਿੰਦੇ ਹਨ ।

---

* ਪ੍ਰਤਜਨੀ ਕਾਲੰਕਾਰ ।
** ਮੰਦ ਆਚਰਣ ਵਾਲੀ ਇਸਤ੍ਰੀ ।
*** ਚੰਦ੍ਰਮੁਖੀ ਫੁੱਲ ।
**** ਪਰਸੰਖਿਆਂਲੰਕਾਰ ।

੧੩ ਅੱਖਰ ਦੇ ਛੰਦ ।

ਮੰਜਭਾਸ਼ਨੀ ਅਤੇ ਰਾਗ ਦਾ ਇਕੱਠਾ ਲੱਛਣ

$$\left\{ \frac{IIS,\ ISI,\ IIS,\ ISI,\ S}{SIS,\ ISI,\ SIS,\ ISI,\ S} \right\}$$

ਦੋਹਿਰਾ

ਸਜ ਸਜ ਗੁਰੂ ਸੁਧਾਰੀਯੇ ਰਜ ਰਜ ਗੁਰੂ ਚਿਤਾਰ ।
ਮੰਜੁ ਭਾਸ਼ਨੀ, ਰਾਗ ਨੂੰ ਕਰਿਓ ਨਿੱਤ ਉਚਾਰ ॥ ੪੮ ॥

(੩੧) ਮੰਜਭਾਸ਼ਨੀ ਦੀ ਵੰਨਗੀ ।

ਨਹਿ ਔਖਧੀ ਜੁ ਮਧੁ, ਨਾਮ ਪੀਰ ਹੋ । ਅਸ ਪੰਥ ਨਾਹਿ ਜਾਹਿ ਸ਼ਾਂਤ ਬੀਰ ਹੋ ।
ਗੁਰੂ ਗ੍ਰੰਥ ਬਾਣਿ ਸਚ ਰੀਤ ਆਖਣੀ । ਸਠ ਲੇਇ ਜੀਤ ਅਰ * 'ਮੰਜਭਾਸ਼ਨੀ' ॥ ੪੯ ॥

(੩੨) ਰਾਗ ਦੀ ਵੰਨਗੀ ।

ਜਾਪ ਰਾਮ ਕੋ ਨ ਰਾਗ ਕਾਵਯ ਜਾਨਤੇ । ਪੂਛ ਸਿੰਗ ਬਾਝ ਹੈ ਪਸੂ ** ਮੁਮਾਨ ਤੇ ।
ਸੱਤ ਗ੍ਰੰਥ ਮਾਹਿ ਨਾਮ ਰਾਗ ਕਾਵਯ ਕੋ । ਪਾ ! ਮਨੁੱਖ ਹੋ ! ਤਜੋ ਪਸੂ ਸੁਭਾਵ ਕੋ ॥ ੫੦ ॥

(੩੩) ਤਾਰਕ ਲੱਛਣ ।

(IIS, IIS, IIS, IIS, S) ਦੋਹਿਰਾ

"ਚਾਰ ਸਗਣ ਪਹਿਲੇ ਰਚੋ ਅੰਤ ਗੁਰੂ ਧਰ ਮੀਤ ।
ਅਥਵਾ ਤੋਟਕ ਅੰਤ ਗੁਰ ਤਾਰਕ ਹੈ ਇਸ ਰੀਤ" ॥ ੫੧ ॥

ਵੰਨਗੀ

"ਜਿਨ ਦੇਖਨ ਤੇ ਦੁਖ ਦੂਰ ਹਟੇ ਹੈਂ । ਜਸ ਗਾਵਨ ਪਾਪਨ ਪੁੰਜ ਕਟੇ ਹੈਂ ।
ਥਿਰ ਚਿੱਤ ਸਦਾ ਸਦ ਮੋਖ ਕਰੇਵਾ । ਗੁਰ ਗ੍ਰੰਥ ਮਹਾਂ ਭਵ 'ਤਾਰਕ' ਦੇਵਾ ॥ ੫੨ ॥

---

* ਸ੍ਰੇਸ਼ਟ ਕਥਨ ਕਰਨ ਹਾਰੀ ਭਾਵ ਮਿਠ ਬੋਲਣੀ ।
** ਪੁਰਖ ।

੧੪ ਅੱਖਰਾਂ ਦੇ (੩੮) ਅਨੰਦ ਲੱਛਣ ।

(ISI, SIS, ISI, SIS, IS)

ਦੋਹਿਰਾ

ਰਗਣ ਜਗਣ ਦੋ ਵਾਰ ਕਰਿ ਲਘੁ ਗੁਰੂ ਫਿਰ ਧਾਰ ।
ਚੌਦਾਂ ਵਗਣ ਸੁ ਚਰਣ ਕਰ ਛੰਦ ਅਨੰਦ ਉਚਾਰ ॥ ੫੩ ॥

[ਵੰਨਗੀ] ਅਨੰਦ ਛੰਦ ॥

ਸੁਣੀਂ ਤੂੰ ਕੰਨ ਵੀਰਨਾ ! ਹਮੇਸ਼, ਨਾਮ ਕੋ । ਸਭੀ ਜਹਾਨ ਦੇਖ ਨੈਣ ! ਰੂਪ ਰਾਮ ਕੋ ।
ਸਦਾ ਗੁਰੂ ਗਿਆਨ ਨੂੰ ਜ਼ਬਾਨ ! ਗਾਇ ਤੂੰ । ਭਜੀਂ ਰਿਦੇ ! ਅਕਾਲ ਨੂੰ 'ਅਨੰਦ' ਪਾਇ ਤੂੰ ॥ ੫੪ ॥

(੩੫) ਔਧ ਛੰਦ । ਲੱਛਣ (ਨਵੀਨ)

(SII, SII, SII, SII, SS)

ਦੋਹਿਰਾ

ਚਾਰ ਭਗਣ ਫਿਰ ਦੋ ਗੁਰੂ ਐਸੀ ਹੀ ਤੁਕ ਚਾਰ ।
ਤੋਟਕ ਦੇ ਆਦੰਤ ਗੁਰੂ ਔਧ ਛੰਦ ਮਨ ਧਾਰ ॥ ੫੫ ॥

ਵੰਨਗੀ

ਰੇ ਮਨ ! ਔਧ ਘਟੇ ਨਿਸ ਬਾਸਰ ਤੇਰੀ । ਤੂੰ ਚਿਤ ਜਾਨਹਿ ਆਪਨ ਸੁਝ ਬਧੇਰੀ ।
ਮੂਰਖ ! ਨਿੱਤ ਲਗਾ ਧਨ ਧਾਮ ਬਿਗਾਰੀ । ਅੱਗ ਲਗਾਇ ਬਸੇਂ ਵਿਚ ਘਾਸ ਅੰਬਾਰੀਂ ॥ ੫੬ ॥

੧੫ ਅੱਖਰੇ (੩੬) ਸਾਰੰਗੀ ਛੰਦ ਲੱਛਣ ।

(SSS, SSS, SSS, SSS, SSS)

ਵਾਰਤਕ - ਪੰਜ ਮਗਣ ਦੀ ਇਕ ਤੁਕ ਕਰਕੇ ੪ ਤੁਕਾਂ ਬਣਾਓ :-

[ਵੰਨਗੀ]

ਕੋਈ ਰੋਵੇ ਭਾਗਾਂ ਮਾਰਾ ਕੋਈ ਵਾਵੇ 'ਸਾਰੰਗੀ' ।
ਕੋਈ ਭੌਂਦੇ ਮੰਦੇ ਥਾਂਈ ਕੋ ਗਾਵੇ ਬਾਣੀ ਚੰਗੀ ।
ਕੋਈ ਪੂਜੇ ਬੱਟੇ ਆਦਿ ਕੋ ਤੈਨੂੰ ਰਾਖੀ ਚੀਤਾ ।
ਪੁੱਠਾ ਸਿੱਧਾ ਸੁਝੇ ਨਾਹੀਂ ਤੂੰਹੀਂ ਜਾਣੇ ਜਾਂ ਕੀਤਾ ॥ ੫੭॥

Sri Satguru Jagjit Singh Ji eLibrary NamdhariElibrary@gmail.com

(੩੭) ਕਾਲਿਕਾ ਲੱਛਣ ।

(SIS, ISI, SIS, ISI, SIS)

ਦੋਹਿਰਾ

ਰਗਣ ਜਗਣ ਦੋ ਬਾਰ ਫਿਰ ਰਗਣ ਕਾਲਿਕਾ ਜਾਨ ।
ਅਥਵਾ ਗੁਰੁ ਲਘੁ ਸੱਤ ਧਰਿ ਅੰਤੇ ਗੁਰ ਇਕ ਠਾਨ ॥ ੫੮ ॥

[ਵੰਨਗੀ]

* ਦੀਨਤਾ ਗੁਬਾਰ ਨੂੰ ਸੁ ਨੂਰ ਰੂਪ ਜਾਣੀਏ ।
ਤਾਪਸੀ ਸੁ ਚਿੱਤ ਓਸ ਚੰਦ੍ਰਮਾ ਪਛਾਣਿਏ ।
ਨਾਗ ਰੂਪ ਆਪ ਜਾ ਡਰੌਣ ਪਾਪ ਬਾਲਿਕਾ ।
ਬਾਦਸ਼ਾ ਮੁਗਲ ਦੈਤ ਹੇਤ ਜਾਨ 'ਕਾਲਿਕਾ' ॥ ੫੯ ॥

ਸੂਚਨਾ—ਇਹਦੇ ਹੋਰ ਨਾਉਂ ਤੂਣ, ਤੂਣਕ, ਚਾਮਰ, ਅਤੇ ਸੋਮ ਬੱਲਰੀ ਭੀ ਹਨ ।

(੩੮) ਸਸਕਲਾ ਲੱਛਣ ।

(III, III, III, III, IIS)

"ਚਾਰ ਨਗਣ ਇਕ ਸਗਣ ਕਰਿ ਛੰਦ ਸਸਿ ਕਲਾ ਧਾਰਿ
ਅਥਵਾ ਚੌਦਾਂ ਲਘੁ ਧਰੋ ਅੰਤੇ ਗੁਰੂ ਵਿਚਾਰ" ॥ ੬੦ ॥

[ਵੰਨਗੀ]

"ਮਨ ਤਨ ਧਰਮ ਕਰਮ ਵਿਗਸਤ ਹੈਂ ।
ਮੁਕਤਿ ਕਰਨ ਜਗ ਕਲਹਿ ਨਸਤ ਹੈਂ ।
ਹਰਿ ਜਸ ਮਹਿਕ ਪਸਰ ਰਿਦ ਸਫਲਾ ।
ਚਰਨ ਕਵਲ ਗੁਰ ਪ੍ਰਗਟ ਸਸਿ ਕਲਾ" ॥ ੬੧ ॥

੧੬ ਅੱਖਰੇ (੩੯) ਨਰਾਜ ਛੰਦ ਲੱਛਣ ।

(ISI, SIS, ISI, SIS, ISI, S)

---

* ਪਰੰਪ੍ਰਤ ਰੂਪ ਕਾਲੰਕਾਰ ।

Sri Satguru Jagjit Singh Ji eLibrary NamdhariElibrary@gmail.com

ਦੋਹਿਰਾ

ਜਗਣ ਰਗਣ ਦੋ, ਜਗਣ ਗੁਰੁ ਐਸੀ ਚਾਲ ਨਰਾਜ ।
ਲਘੁ ਗੁਰੂ ਅਠ ਵਾਰ ਧਰਿ ਉਤਮ ਰੀਤੀ ਸਾਜ ॥ ੬੨ ॥

[ਵੰਨਗੀ]

ਗੁਰੂ ਗੁਬਿੰਦ ਸਿੰਘ ਦੂਖ ਨਾਸ ਸੁਖ ਕਾਰ ਹੀ ।
ਬਚੌਣ ਦੇਸ਼ ਹਿੰਦ ਨੂੰ ਸੁਵੰਸ ਦੀਨ ਵਾਰ ਹੀ ।
'ਨਰਾਜ' ਚਾਹ ਆਪ ਕੋ ਨ ਵੈਰ ਨੂੰ ਬਢਾਵਣਾ ।
ਦਿਆਲ ਦਾ ਸੁਭਾਵ, ਦੂਖ ਨਾਸ ਸੁਖ ਲਯਾਵਨਾ ॥ ੬੩ ॥

ਸੂਚਨਾ – ਇਸਦੇ ਨਾਉਂ ਪੰਚ ਚਾਮਰ ਨਰਾਚ, ਨਾਗ ਰਾਜ ਭੀ ਹਨ ।

(੪੦) ਚਿੱਤ੍ਰ ਲੱਛਣ ।

(SIS, ISI, SIS, IS, SIS, I)

ਦੋਹਿਰਾ

ਰਗਣ ਜਗਣ ਦੋ ਵਾਰ ਕਰਿ ਰਗਣ ਲਘੁ ਫਿਰ ਧਾਰ ।
ਅਥਵਾ ਗੁਰੁ ਲਘੁ ਅੱਠ ਕਰਿ ਚਿੱਤਰ ਛੰਦ ਉਚਾਰ ॥ ੬੪ ॥

ਵੰਨਗੀ

"ਚਿੱਤ ਮਾਹਿ ਚੇਤ ਰੇ ਅਚੇਤ ਏਕ ਰਾਮ ਨਾਮ ।
ਹੋਮ ਜੱਗ ਆਦਿ ਨਾਹਿ ਮੋਖ ਹੇਤ ਦੇਣ ਕਾਮ ।
ਰੋਗ ਸੋਗ ਮਾਨ ਆਦਿ ਨਾਹਿ ਹੋਣ ਨਾਸ ਏਉਂ ।
ਮੂਰਤੀ ਨ * ਚਿੱਤ੍ਰ' ਜਾਹਿ ਜਾਚਕਾ ਅਕਾਲ ਸੇਉਂ ॥ ੬੫ ॥

ਸੂਚਨਾ – ਇਸ ਦਾ ਦੂਜਾ ਨਾਉਂ ਚੰਚਲਾ ਹੈ ।

---

* ਅਕਾਰ ।

Sri Satguru Jagjit Singh Ji eLibrary NamdhariElibrary@gmail.com

(੪੧) ਨੀਲ ਲੱਛਣ ।

(*S*||, *S*||, *S*||, *S*||, *S*||, *S*)

ਦੋਹਿਰਾ

ਪੰਜ ਭਗਣ ਪਹਿਲੇ ਰਚ ਅੰਤ ਗੁਰੂ ਠਹਿਰਾਇ ।
ਨੀਲ ਛੰਦ ਇਉਂ ਹੋਂਵਦਾ ਚਾਰ ਪਾਦ ਸੁਖਦਾਇ ॥ ੬੬ ॥

ਵੰਨਗੀ

"ਏਕ ਅਕਾਲ ਸਦਾ ਦਇਆਲ ਸਮਾਲ ਕਰੇ ।
ਟੇਕ ਧਰੇ ਤਿਸਦੀ ਸਿਦਕੀ ਭਵਿ ਸਿੰਧ ਤਰੇ ।
ਰੂਪ ਨ ਰੇਖ ਨ ਭੇਦ ਅਲੇਖ ਸਦਾ ਪਸਰੇ ।
ਪੀਤ ਸੁਪੇਦ ਨ 'ਨੀਲ' ਵਰੰਨ * ਅਘੰਨ ਹਰੇ "॥ ੬੭ ॥

ਸੂਚਨਾ – ਇਸ ਨੂੰ ਵਿਸ਼ੇਸ਼ਕ ਅਤੇ ਅਸ੍ਰਗਤੀ ਭੀ ਕਹਿੰਦੇ ਹਨ ।

੨੧ ਅੱਖਰੇ (ਸ੍ਵੈਯਾ ਪ੍ਰਕਰਣ)

(੪੨) ਪਿੰਗਲ ਛੰਦ । ਲੱਛਣ

(*S*||, *S*||, *S*||, *S*||, *S*||, *S*||, *SSS*)

ਦੋਹਿਰਾ

** ਖਸ਼ਟ ਭਗਣ ਫਿਰ ਮਗਣ ਇਕ ਇੱਕੀ ਅੱਖਰ ਡਾਰ ।
ਐਸੀ ਹੀ ਤੁਕ ਚਾਰ ਕਰਿ ਪਿੰਗਲ ਛੰਦ ਉਚਾਰ ॥੬੮॥

ਵੰਨਗੀ

ਸੇਸ ਖੜਾ ਇਕ ਭੂਮ ਤਲੇ ਇਕ ਨੂੰ ਸ਼ਿਵ ਨੇ ਗਲ ਪਾਯਾ ਹੈ ।
ਸੇਜ ਬਣਾ ਇਕ ਸਿੰਧ 'ਚਿ ਪਿੰਗਲ ਨੂੰ ਕਿਸ ਨਾਗ ਸੁਣਾਯਾ ਹੈ ।
ਜੋ ਰਚਿਆ ਹਰਿ ਸੇਵਕ ਨੇ ਉਸਤੋਂ ਤਦ ਕੋ ਸੁਣ ਆਯਾ ਹੈ ।
ਧੰਨਜ ਕਹਾ ਤਿਨ ਕੀ ਮਤਿ ਆਖਣ 'ਪਿੰਗਲ' ਨਾਗ ਬਣਾਯਾ ਹੈ ॥ ੬੯ ॥

---

* ਲਘੂ ਨੂੰ ਦੀਰਘ ਕੀਤਾ ਗਿਆ ।
** ਛੇ ।

(੪੩) ਸੂਰਾ ਛੰਦ ਲੱਛਣ (ਨਵੀਨ)

(III, SII, ISI, ISS, SII, SII, SSS)

ਦੋਹਿਰਾ

ਨਗਣ ਭਗਣ ਅਰੁ ਜਗਣ ਧਰੁਯਗਣ ਕਰੋ ਬਿਸਰਾਮ ।
ਦੇਇ ਭਗਣ ਫਿਰ ਮਗਣ ਕਰ ਸੂਰਾ ਛੰਦ ਸੁ ਨਾਮ ॥ ੭੦ ॥

ਵੰਨਗੀ

ਧਰਮ ਹੇਤ ਜਦ ਹੋਇ ਲੜਾਈ, ਕੀ ਹਜ ਜਾਨ ਬਚਾਈ ਦਾ ।
ਸਗਣ ਤਣ ਕੁਰਬਾਨ ਨ ਕੀਤਾ ਕੀ ਗੁਣ ਬੀਤ ਪਰਾਈ ਦਾ ।
ਸ਼ਰਮ ਸੀਲ ਵਿਚ ਹੋਇ ਨ 'ਸੂਰਾ' ਕੀ ਫਲ ਰਾਖ ਲਗਾਈ ਦਾ ।
ਸਰਬ ਕਾਲ ਜਦ ਰਾਮ ਨ ਚੇਤੇ, * ਹੱਜਕਿ ਦੇਹੁਰੀ ** ਪਾਈ ਦਾ ॥ ੭੧ ॥

(੪੪) ਮਦਰਾ ਲੱਛਣ

(SII, SII, SII, SII, SII, SII, SII, S)

ਦੋਹਿਰਾ

ਸੱਤ ਭਗਣ ਫਿਰ ਇੱਕ ਗੁਰ ਰੱਖੋ ਚਰਣ ਮਝਾਰ ।
ਮਦਰਾ ਮਿਲਣ ਤੁਕਾਂਤ ਸ੍ਰਰ ਐਸੀ ਕਰ ਤੁਕ ਚਾਰ ॥ ੭੨ ॥

ਰੇ ਮਨ ਤੂੰ ਡਰਦਾ ਸੁਭ ਮਾਰਗ ਔਰ ਕੁਮਾਰਗ ਤੇ ਨ ਡਰਾ ।
ਮੂਰਖ ! ਨਾ ਗੁਰਿ ਰੂਪ ਲਖੇਂ ਪਰ ਨਾਰਨ ਦੇਖਨ ਤੂੰ ਨ ਟਰਾ ।
ਮੰਦ *** ਧੁਨੀ ਸੁਨ ਚੌਕ ਉਠੇਂ ਗੁਰ ਵਾਕਨ ਵਾਰ ਭਯਾ ਬਧਰਾ ।
ਅੰਮ੍ਰਤ ਨਾਮਚਖੇਂ ਰਸਨਾ ਨਹਿ ਕੂੜ ਹੰਕਾਰ ਪਿਵੇਂ 'ਮਦਰਾ' ॥ ੭੩ ॥

---

* ਧਰਮ ।

** 'ਰੀ' ਨੂੰ ਲਘੁ ਪੜੋ ।

* ਸ਼ਬਦ

(੪੫) ਮੌਜ ਛੰਦ ਲੱਛਣ

(*S*II, *S*II, *S*II, *S*II, *S*II, *SSS*, II*S*, *S*) ਦੋਹਿਰਾ

ਪੰਜ ਭਗਣ ਇਕ ਮਗਣ ਕਰ ਫੇਰ ਸਗਣ ਗੁਰ ਅੰਤ ।
ਮੌਜ ਛੰਦ ਇਉਂ ਜਾਣੀਏ 'ਕੇਹਰਿ' ਲਹਿਰੀ ਵੰਤ ॥ ੭੪ ॥

ਵੰਨਗੀ

ਏਕ ਅਕਾਲ ਦਯਾਲ ਸਮ੍ਹਾਲ ਕਰੇ ਨਿੱਤ ਜੋ ਜੀ ਜਾਨਨ ਹਾਰਾ ।
ਥਾਨ ਥਨੰਤਰ ਓਹੁ ਨਿਰੰਤਰ ਵਯਾਪਕ ਜੋ ਜਾਨੇ ਮਨ ਪਯਾਰਾ ।
ਉਠਣ ਬੈਠਣ ਸੋਵਣ ਜਾਗਣ ਹੈ ਸੁਖ ਭੈ ਨੂੰ ਦੂਰ ਹਟਾਯਾ ।
ਅੰਦਰ ਬਾਹਰ 'ਮੌਜ' ਸਮੁੰਦਰ ਸ੍ਰੀ ਗੁਰ ਜੀ ਏਹ ਮੰਤ ਦ੍ਰਿੜਾਯਾ ॥ ੭੫ ॥

ਸੂਚਨਾ - ਇਹਦਾ ਦੂਜਾ ਨਾਉਂ ਮੋਦ ਸ੍ਵੈਯਾ ਹੈ ।

੨੩ ਵਰਣ ਦੇ ਛੰਦ (੪੬) ਮਤਾ ਛੰਦਾ ਲੱਛਣ

(*SSS*, *SSS*, *SS*I, III, III, III, III, I*S*) ਦੋਹਿਰਾ

ਦੋਇ ਮਗਣ ਇਕ ਤਗਣ ਫਿਰ ਚਾਰ ਨਗਣ ਦਾ ਬੰਦ ।
ਅੰਤ ਲਘੁ ਗੁਰ ਰੱਖਕੇ 'ਮਤਾ' ਬਣਾਓ ਛੰਦ ॥ ੭੬ ॥

ਵੰਨਗੀ

"ਨੇਕੀ ਦੇਹੀ ਸਾਜੇ ਹੋਏ ਸਤਿਗੁਰ ਸਬਦ ਜਪਣ ਹਰਿ ਭਗਤੀ ।
ਸੂਰੇ ਪੂਰੇ ਰਾਜੇ ਜੋਗੀ ਮਨ ਬਚ ਕਰਮ ਧਰਮ ਧਰ ਸ਼ਕਤੀ ।
ਰਾਖੇਂ ਪ੍ਰੀਤੀ ਸਾਚੀ ਨੀਤੀ ਹਰਦਮ ਪਰ ਹਿਤ ਮਨ ਤਨ ਧਰਤਾ ।
ਐਸੇ ਚਾਲੇ ਸਿੰਘਾਂ * ਚਾਲੇ ਲੜਨ ਭਿੜਨ ਮਿਲ ਕਰਨ ਗੁਰ 'ਮਤਾ' ॥ ੭੭ ॥

ਸੂਚਨਾ - ਇਹਨੂੰ ਮੱਤਾ ਕ੍ਰੀੜਾ ਭੀ ਕਹਿੰਦੇ ਹਨ ।

(੪੭) ਚਕੋਰ, ਲੱਛਣ ।

[*S*II, *S*II, *S*II, *S*II, *S*II, *S*II, *S*II, *S*I) ਦੋਹਿਰਾ

ਸੱਤ ਭਗਣ ਧਰ ਆਦਿ ਵਿਚ ਅੰਤ ਗੁਰੂ ਲਘੁ ਧਾਰ ।
ਐਸੀ ਚਾਰ ਚਕੋਰ ਤੁਕ ਮਦਰਾ ਤੇ ਲਘੁ ਡਾਰ ॥੭੮॥

---

* ਚਲੇ ਹਨ ।

ਵੰਨਗੀ

* ਰੇਘਨ ! ਲਾਜ ਨਹੀਂ ਤੁਝਕੋ ** ਬਿਰਹਾਗਨ ਹੋਰਿ ਦੁਖੀ ਇਹ ਮੋਰ ।
ਦੀਪਕ ! ਮੇਲ ਪਤੰਗ ਚਹੇ ਪਰ ਜਾਨਹਿ ਨਾ ਜੜ੍ਹ ! ਦੇਇੰ ਮਰੋੜ ।
*** ਹੇਰਜਨੀਸ । ਨਸਾਰ ਤੁਝੇ ਤੁਹਿ ਲੋਰ ਚਕੋਰ ਬੰਧਾਵਹਿ ਡੋਰ ।
**** ਹੇ ਪਿਯ ! ਜਾਨ ਨਾ ਜਾਨ ਭਯੋ ਮਨ ਮੋਰ ਸਮਾਨ ਪਤੰਗ 'ਚਕੋਰ' ॥ ੭੯ ॥

(੪੮) ਸ਼ੇਸ਼ ਛੰਦ ਲੱਛਣ ।

(ISS, ISS, ISS, ISS, ISS, ISS, ISS, IS)

ਦੋਹਿਰਾ

ਸੱਤ ਯਗਣ ਗਣ ਧਾਰ ਕਰ ਅੰਤ ਲਘੁ ਗੁਰੁ ਡਾਰ ।
ਫਨੀਅਰ ਵਰਗੀ ਚਾਰ ਭਰ ਕਰਨਾ ਸ਼ੇਸ਼ ਉਚਾਰ ॥ ੮੦ ॥

ਵੰਨਗੀ ਸਿੰਘਾਵਲੋਕਨ ਸ਼ੇਸ਼ ਦੀ

***** ਹਰੇ ਬੇਲ ਬੂਟੇ ਅਨੂਠੇ ਬਰੂਟੇ ਲਦੇ ਸੰਗ ਮੇਵੇ ਡਟੇ ਹੀ ਖਰੇ ।
ਖਰੇ ਚੋਜ ਸੋਹਣੇ ਦੁਨੀ ਦੀਨ ਮੋਹਣੇ ਡਿਠੌਣੇ ਹਟੌਣੇ ਨਿਗ੍ਹਾ ਨੂੰ ਪਰੇ ।
ਪਰੇ ਵਾਰ ਨਾਹੀਂ ਪਸੂ ਮਾਨ ਸਾਂਹੀ ਲਖਾਂ ਦੇਵ ਦਾਨੋ ਖਪਾਏ ਕਰੇ ।
ਕਰੇ ਸੇਜ ਕੈਸੇ ਕਹੇ ਕੌਣ ਲੋਕੋ ਲਖਾਂ 'ਸ਼ੇਸ਼' ਜੀਹ੍ਨੇ ਬਣਾਏ ਹਰੇ ॥ ੮੧ ॥

(੪੯) ਸੁੰਦਰ ਲੱਛਣ

[IIS, IIS, SII, IIS, SSI, ISI, ISI, IS]

ਦੋਹਿਰਾ

ਦੋਇ ਸਗਣ ਇਕ ਭਗਣ ਕਰਿ ਸਗਣ ਤਗਣ ਜਗਣਾਣ ।
ਜਗਣ ਲਘੁ ਗੁਰੁ ਫੇਰ ਧਰ 'ਸੁੰਦਰ ਛੰਦ ਪਛਾਣ ॥੮੨॥

---

* ਬੱਦਲ ।
** ਵਿਛੋੜੇ ਦੀ ਅੱਗ ।
*** ਚੰਦਰਮਾਂ ।
**** ਇਹ ਸ੍ਵਕੀਯਾ ਨਾਯਕਾ ਦਾ ਸਠ ਨਾਯਕ ਪ੍ਰਤਿ ਕਥਨ ਹੈ । ਅਤੇ ਘਨ, ਮੋਰ, ਦੀਪਕ ਆਦਿ ਸ਼ਬਦਾਂ ਵਿੱਚ ਸਾਰੋਪਾ ਲੱਛਣ ਹੈ ।
***** ਵਾਹਿਗੁਰੂ ਦੀ ਬੇਅੰਤਤਾ ਦਾ ਵਰਣਨ ।

Sri Satguru Jagjit Singh Ji eLibrary NamdhariElibrary@gmail.com

ਵੰਨਗੀ

ਸ਼ਿਵ ਆਦਿਕ ਦੇਵਾ ਉਨਮਤ ਜੋਗੀ ਨਾਥ ਮੁਨੀ ਭਰਮੇ ਸਗਰੇ ।
ਬ੍ਰਹਮਾ ਵਿਸ਼ਨੂੰ ਨਾਰਦ ਅਵਤਾਰਾ ਹਾਰ ਫਿਰੇ ਜਗ ਕੇ ਮਗਰੇ ।
ਇਹ ਜਾਨ ਸੁਆਮੀ ਡਰ ਕਰ ਆਖੋਂ ਹੇ ਗੁਰ ਜੀ ਬਖਸ਼ੀਂ ਅਬ ਹੀ ।
ਇਹ ਸੁੰਦ੍ਰ ਹਮੇਸ਼ਾਂ ਮਨ ਮਹਿ ਮੇਰੇ ਨਾਮ ਬਸੇ ਸਦ ਹੀ ਸਦਹੀ ॥ ੯੩ ॥

(੫੦) ਸ਼ੀਲ ਲੱਛਣ ।

(ISS, ISS, ISS, ISS, ISS, ISS, ISS, IS)

੭ ਯਗਣ ੧ ਲਘੁ ੧ ਗੁਰੂ । ਵੰਨਗੀ

ਹਰੇ ਨਾ ਪਰਾਈ ਜੋਰਾਈ ਕਦਾਈ ਲੁਗਾਈ ਨਹੀਂ ਹੋਰ ਦੀ ਜੋ ਚਹੇਂ ।
ਜਟਾ ਜੂਟ ਜਾਪੀ ਹਠੀ ਨਿੱਤ ਨੇਮੀ ਸਭੇ ਦੇਸ ਦੇ ਦੁੱਖ ਆਪ ਸਹੇਂ ।
ਛਕੇ ਪ੍ਰੇਮ ਪਜਾਲੇ ਨਿਹਾਲੇ ਭਲੇ ਹੋਂਵਦੇ ਤਾਣ ਦੇ ਭੀ ਨਿਤਾਣੇ ਰਹੇਂ ।
ਕਲਾਵਾਨ ਪਜਾਰੇ ਕਰਾਰੇ ਸੁਖੀ 'ਸੀਲ' ਧੀਰੇ ਸੁਈ ਸਿੱਖ ਸੂਰੇ ਕਹੇਂ ॥ ੯੪ ॥

(੫੧) ਮੱਤਗਜ਼ੰਦ (ਇੰਦਵ) ਲੱਛਣ ।

(SII, SII, SII, SII, SII, SII, SII, SS)

ਦੋਹਿਰਾ

ਸੱਤ ਭਗਣ ਅਰੁ ਦੋਇ ਗੁਰੁ ਜਿਸਦੇ ਹੋਵਣ ਪਾਇ ।
'ਕੇਹਰਿ' ਕਵਿ ਤੁਕ ਚਾਰ ਦਾ ਮੱਤਗਜ਼ੰਦ ਕਹਾਇ ॥ ੯੫ ॥

ਵੰਨਗੀ ।

* ਮੇਲ ਮੁਹੱਬਤ ਤੇ ਸਤਿ ਤਾਣ ਕਰੇ ਪਗ, ਸੁੰਡ ਗਿਆਨ **ਕੀਆ ਹੈ ।
ਪਾਪ ਬਰੂਟਨ ਚੂਰ ਕਰੇ ਸਭ ਕੇਹਰਿ ਕਾਮ ਸੁ ਜੀਤ ਲੀਆ ਹੈ ।
ਚਾਰ ਪਦਾਰਥ ਖਾਇ ਅਘਾਇ ਰਿਹਾ ਦਸ ਹੀ ਦਿਸ਼ ਠਾਨ ਠਿਆ ਹੈ ।
ਸ੍ਰੀ ਗੁਰ ਸਾਗਰਿ ਤੇ *** ਅਮਿ ਪਾਨ ਕਰਾਮਨ **** ਮੱਤ-ਗਜ਼ੰਦ' ਭਿਆ ਹੈ ॥ ੯੬ ॥

---

* ਰੂਪਕਾਲੰਕਾਰ ।
** ਕੀ ਅਤੇ ਲੀ ਨੂੰ ਲਘੁ ਪੜ੍ਹਨਾ ।
*** ਅੰਮ੍ਰਿਤ
**** ਮਸਤ ਹਾਥੀ ।

Sri Satguru Jagjit Singh Ji eLibrary NamdhariElibrary@gmail.com

ਸੂਚਨਾ - ਇਸ ਦਾ ਹੋਰ ਨਾਉਂ ਇੰਦਵ ਅਤੇ ਮਾਲਤੀ ਭੀ ਹੈ ।

(੫੨) ਸਮੁਖੀ, ਲੱਛਣ ।

(ISI, ISI, ISI, ISI, ISI, ISI, ISI, IS)

ਦੋਹਿਰਾ

ਸੱਤ ਜਗਣ ਤੇ ਲਘੁ ਗੁਰੂ ਇਕ ਚਰਣ ਜਿਸ ਹੋਇ ।
ਸੁਮੁਖੀ ਸੋਈ ਛੰਦ ਹੈ ਕਹਿਣ ਕਵੀ ਸਭ ਕੋਇ ॥ ੮੭ ॥

ਵੰਨਗੀ

ਪਖੰਡ ਨਮਿੱਤ ਮਰੇਂ ਨ 'ਸ਼ਹੀਦ' ਸੁ ਦੀਨ ਬਚੌਣ ਚੜ੍ਹੇਂ ਚਰਖੀ ।
ਵਿਚਾਰ ਦੁਖੀ ਨ ਕਰੇ ਉਪਕਾਰ ਤਜੇ ਗੁਰ ਜੋ ਰਾਜਾਨ ਦੁਖੀ ।
* ਨਰਿੰਦ ** ਉਪਿੰਦ ਰਹੇਂ ਨ ਅਨੰਦ ਸਦਾ ਜਪ ਜਾਪ ਜਪੇ ਸੁ ਸੁਖੀ ।
ਸੁ ਚੰਦ ਸਮਾਨ ਕਹੋ ਨ ਭਲਾ ਮੁਖ *** ਨਾਹੁ ਅਧੀਨ ਰਹੇ **** ਸੁਮੁਖੀ' ॥ ੮੮ ॥

੨੪ ਅੱਖਰੇ

(੫੩) ਪਾਤਾਲ, ਲੱਛਣ । ਦੋਹਿਰਾ

ਅੱਠ ਤਗਣ ਪਾਤਾਲ ਦੀ, ਤੁਕ ਵਿਚ ਹੋਵਣ ਮਿਤ੍ਰ ।
ਐਸੀ ਹੀ ਤੁਕ ਚਾਰ ਕਰਿ ਕਵਿਤਾ ਰਚੋ ਬਿਚਿਤ੍ਰ ॥ ੮੯ ॥

ਵੰਨਗੀ

ਤਾਤਾ ਨ ਮਾਤਾ ਅਸੰਗੀ ਵਿਧਾਤਾ ਸੁ ਕਾਹੇ ਬਣੇ ਆਣ ਕੌਸਲਿਆ ਬਾਲ ।
ਰਾਖਾ ਜਿ ਹੋਵੇ ਕੁਲਾਂ ਹੋਰਨਾਂ ਦਾਸੁ ਕਾਹੇ ਕਰੇ ਆਪਣੀ ਕੁੱਲ ਦਾ ਕਾਲ ।
ਸ਼ਾਂਤਾਤਮਾ ਦੇਵਕੀ ਨੰਦ ਜੇ ਕਜੋਂ ਕਰੀ ਕੈਰਵਾਂ ਪਾਂਡਿਵਾਂ ਬੰਸ ਬੇਹਾਲ ।
ਸਤਾਂ ਵਿਨੈ ਮੰਨਦਾ ਰਾਮ ਜੇ ਕਾਸਦੇ ਵਾਸਤੇ ਘੱਲਦਾ ਬੱਲ 'ਪਾਤਾਲ' ॥ ੯੦ ॥

ਸੂਚਨਾ - ਏਸ ਵਿਚ ਅੰਤਰਾਲਾਪਕਾ ਹੋਣ ਕਰਕੇ ਖੰਡਨ ਨਹੀਂ ।

---

* ਰਾਜੇ ।
** ਇੰਦ੍ਰ ।
*** ਪਤੀ
*** ਸੁੰਦਰ ਮੁਖ ਵਾਲੀ ।

Sri Satguru Jagjit Singh Ji eLibrary NamdhariElibrary@gmail.com

(੫੪) ਗੰਗਾਧਰ ਲੱਛਣ । ਦੋਹਿਰਾ

ਰਗਣ ਅੱਠ ਗੰਗਾ ਧਰੇ ਚੰਗੇ ਧਰੋ ਬਣਾਇ ।
ਕੇਹਰਿ ਲਹਿਰੀਵੰਤ ਸੋ ਗੁਣੀਆਂ ਚਿੱਤ ਲੁਭਾਇ ॥ ੯੧ ॥

ਵੰਨਗੀ

* ਕਾਮਦੇ ਕਲਣੇ ਕਾਰਣੇ ਕਾਮ ਸੀ ਕਾਮਣੀ ਰੱਖਦਾ ਹੈ ਕਰੇ ਨਾ ਪਰੇ ।
ਆਪ ਨੂੰ ** ਨੰਗ ਕਜੋਂ ਜੱਗ ਨੂੰ *** ਚੀਰ ਦੇ ਪੀਂਵਦਾ ਭੰਗ ਜੋ ਚੰਗ ਕੈਸੇ ਕਰੇ।
ਮੋਖ ਦਾਤਾ ਮਹਾਂ ਦੇਵ ਹੋਵੇ ਕਹੋ ਕੰਠ ਮੇਂ ਸੱਪ ਤੇ ਵੇਹ ਕੈਸੇ ਭਰੇ ।
ਤਾਮਸੀ ਰੂਪ ਜੋ ਨਿੱਤ ਹੀ ਕਜੋਂ ਤਾਮਸੀ ਮਾਰਨੀ ਸੀਸ ਗੰਗਾ ਧਰੇ ॥ ੯੨ ॥

(੫੫) ਭਜਨ, ਲੱਛਣ ।

੮ ਨਗਣ ।

(।।।, ।।।, ।।।, ।।।, ।।।, ।।।, ।।।, ।।।)

ਕਲ ਮਹਿ ਗੁਰਮਤਿ ਸਮ ਸਰ ਨਹਿ ਇਸ ਮਗ ਹਰ ਦਮ ਲਗ ।
ਦੁਖ ਹਰ ਸਦ ਅਰ ਦਰਸ਼ਨ ਜਿਉਂ ਛਿਨ ਹਰਤ ਧਨੁਖ ਖਗ ।
ਇਸ ਜੁਗ ਮਹਿ ਬਿਨ ਗੁਰ ਸੁਖ ਨਹਿ ਹੁਇ ਅਤਿ ਤੜਫਣ ਜਗ ।
ਰਿਦ ਮਹਿ ਧਰਿ ਗੁਰ ਚਰਨ 'ਭਜਨ' ਕਰ ਕਟਿ ਨਰਕਨ ਮਗ ॥ ੯੩ ॥

ਦੂਮਲਾ, ਮਾਣਕ, ਬਾਮ ਅਤੇ ਮਾਧਵ ਦਾ ਇਕਠਾ ਲੱਛਣ ।

ਵਿਸ਼ਨੂੰ ਛੰਦ :-

ਆਠ ਸਗਣ ਤੁਕ ਦੂਮਲ ਜਾਣੋ ।
ਮਾਣਕ ਮੇਂ ਅਠ ਭਗਣ ਪਛਾਣੋ ।
ਬਮਸੁ ਜਗਣ ਸੱਤਿ ਫਿਰ ਯਗਣਾ ।
ਮਾਧਵ ਏ ਵਿਚ ਅੱਠੇ ਜਗਣਾ ॥ ੯੪ ॥

---

* ਅੰਤਿਰਾਲਾਪਕਾ ।
** ਨੰਗਾ ।
*** ਕਪੜੇ ।

Sri Satguru Jagjit Singh Ji eLibrary NamdhariElibrary@gmail.com

(੫੬) ਦੂਮਲਾ, ਵੰਨਗੀ ।

(IIS, IIS, IIS, IIS, IIS, IIS, IIS, IIS)

ਲਘੁ ਬਿੰਦ ਘਟੇ ਸੁਘਟੇ ਪਲ ਮੇਂ ਬਡ ਸਿੰਧ ਪ੍ਰਲੈ ਤਕ ਕੀ ਘਟਨਾ ।
ਰਣ ਕਾਇਰ ਦੌੜ ਚਲੇ ਸੁ ਚਲੇ ਨਰ ਸੂਰ ਮਰੇ ਬਿਨ ਕੀ ਹਟਨਾ ।
ਜਗ ਗੋਬਰ ਭੂੰਡ ਭਖੇ ਸੁ ਭਖੇ ਬਣ ਹੰਸ ਮਹਾਂ ਮਲ ਕੀ ਚਟਨਾ ।
ਗੁਰ ਹੀਨ ਰਟੇ ਸੁ ਰਟੇ * 'ਦੂਮਲਾ' ਗੁਰ ਸਿੱਖਨ ਜੋਨ ਨ ਕੀ ਰਟਨਾ ।। ੯੫ ।।

(੫੭) ਮਾਣਕ, ਵੰਨਗੀ ।

(SII, SII, SII, SII, SII, SII, SII, SII,)

ਸ਼ੁੱਧ ਸ੍ਵਰੂਪ ਅਨੂਪ ** ਅਦੇਹ ਸੁ ਦੇਹ ਅਮੰਗਲ ਰੂਪ ਭਿਆਨਕ ।
ਸੱਤ ਤਿਆਗ ਅਸੱਤ ਗ੍ਰਹੇਂ ਨਰ ਜਾਨ ਅਜਾਨ ਕੁਸ਼ੁੱਧ *** ਸੁਧਾਣਕ ।
ਦੇਹ ਵਿਰਾਗ ਅਦੇਹ ਸੁ ਰਾਗ ਇਹ ਉਪਦੇਸ਼ ਕਹੇਂ ਗੁਰ ਨਾਨਕ ।
ਚੇਤ ਸੁਚਿੱਤ ਅਚੇਤ ਰਹੇਂ ਬਵਰੇ ਮਤਿ ਮਾਹਿ ਜਵਾਹਿਰ 'ਮਾਣਿਕ' ।। ੯੬ ।।

ਸੂਚਨਾ – ਇਹਨੂੰ ਕ੍ਰੀਟ ਭੀ ਕਹਿੰਦੇ ਹਨ ।

(੫੮) ਬਾਮ

ISI, ISI, ISI, ISI, ISI, ISI, ISI, ISS

**** ਸੁਰੇਸ਼ ਸਮਾਨ ਮਹਾਨ ਬਿਭੂਤ ਸੁਆਦਿ ***** ਵਿਅੰਜਨ ਭੋਗ ਲਗਾਏ ।
ਸੁਚੰਦ ਮੁਖੀ ਸਦ ****** 'ਬਾਮ' ਰਮੇ ਕਰਿ ਯੁੱਧ ਸੁ ਬੀਰਨ ਬੀਰ ਕਹਾਏ ।
ਪੁਰਾਨ ਕੁਰਾਨ ਸੁਵੇਦ ਸਿਧਾਂਤ ਪੜੈ ਖਟ ਸਾਸਤ੍ਰ ਬਾਣਿ ਸੁਣਾਏ ।
ਨ ਰਾਮਹਿ ਨਾਰ ਜਪੇ ਸੁ ਬ੍ਰਿਥਾ ਜਮ ਰਾਜਨ ਸੰਗ ਸੁ ਵੈਰ ਵਧਾਏ ।। ੯੭ ।।

---

* ਕੁਚੀਲ ।
** ਆਤਮਾ ।
*** ਇਕ ਮਲੀਨ ਜਾਤੀ ।
**** ਇੰਦ੍ਰ ।
***** ਪਦਾਰਥ ।
****** ਇਸਤ੍ਰੀ ।

Sri Satguru Jagjit Singh Ji eLibrary NamdhariElibrary@gmail.com

(੫੯) ਮਾਧਵ, ਵੰਨਗੀ ।

(ISI, ISI, ISI, ISI, ISI, ISI, ISI, ISI)

ਜਟਾਨ ਬਧਾਇ ਬਿਭੂਤ ਲਗਾਇ ਅਨੇਕ ਫਿਰਾਇ ਤ੍ਰਿਦੰਡ ਉਠਾਇ ।
ਤਿਆਗ ਸੁ ਚੀਰ ਕੁਚੀਲ ਰਹੇਂ ਅਤਿ ਏਕ ਹਠੀ ਜਨ ਜੋਗ ਕਮਾਇ ।
ਅਨੇਕ ਸਮਾਧਿ ਮਸਾਣਿ ਬਸੇਂ ਕਰਿ ਤੰਤਰ ਮੰਤਰ ਪੈਰ ਪੁਜਾਇ ।
ਜਹਾਨ ਸੁਜਾਨ ਕੁਈ ਜੁ ਭਜੇ ਪੁਰਸ਼ੋਤਮ 'ਮਾਧਵ' ਚਿੱਤ ਲਗਾਇ ॥ ੯੮ ॥

ਸੂਚਨਾ – ਇਹਦਾ ਨਾਉਂ ਮੁਕਤਹਰਾ ਭੀ ਹੈ ।

(੬੦) ਮੋਖ ਲੱਛਣ

(SII, SII, SII, SII, SII, SII, SII, SIS) ਦੋਹਿਰਾ

ਸੱਤਿ ਭਗਣ ਹਰ ਪਾਦਵਿਚ ਅੰਤ ਰਗਣ ਫਿਰ ਸਾਥ ।
ਮੋਖ ਸ੍ਰੈਯਾ ਜਾਨੀਏ ਕਹਿਣ ਕਾਵਜ ਦੇ ਨਾਥ ॥ ੯੯ ॥

ਵੰਨਗੀ

ਭੂਪ ਚੁਪਾਇਨਾ ਮੈਂ ਜਿਉਂ ਕੇਹਰਿ ਪੰਖਨਿ ਮਾਹਿ ਸੁ ਹੰਸ ਬਖਾਨਿਯੇ ।
ਹੋਇ * ਹਿਮਾਚਲ ਜਜੋਂ ਗਿਰ–** ਰਾਗ ਸੁਧਾਤਨ ਮੇਹ *** ਸੁਭਲੋਹ ਪ੍ਰਮਾਨਿਯੇ ।
ਮਿਤ੍ਰਨ ਮੈਂ ਸੁਭ ਨਾਮ ਹਰੀ ਛਡ ਜਾਇ ਨਹੀਂ ਸਦ ਸਾਥ ਪਛਾਨਿਯੇ ।
ਦਾਨਿਨ ਮੇ ਤਿਵ ਸ੍ਰੀ ਦਸਮੇਸ ।
ਕ੍ਰਿਪਾ ਕਰਿ ਭੋਗ ਸੁ 'ਮੋਖ' ਪ੍ਰਦਾਨਿਯੇ ॥ ੧੦੦ ॥

ਵਿੱਚ ਸਰਬ ਲੋਹ ਨੂੰ ਸਾਰੀਆ ਧਾਤਾਂ ਨਾਲੋਂ ਵਡਿਆਈ ਦਿੱਤੀ ਹੈ ।

ਸੂਚਨਾ – ਏਸ ਨੂੰ ਅਰਸਾਤ ਭੀ ਕਹਿੰਦੇ ਹਨ । ਇਹਨਾਂ ਸ੍ਵੈਯਾਂ ਵਿੱਚ ਕਿਸੇ ਅੱਖਰ ਗੁਰੂ ਨੂੰ ਲਘੂ ਕਰਕੇ ਪੜ੍ਹ ਸਕਦੇ ਹਾਂ, ਪ੍ਰਤੂ ਗੁਣਾ ਦੇ ਰੂਪ ਚੰਗੀ ਤਰ੍ਹਾਂ ਉਚਾਰਣ ਹੋਣ ।

---

* ਹਿਮਾਲਿਆ ।

** ਸ਼੍ਰੋਮਣੀ ਪਹਾੜ ।

*** ਗੁਰ ਘਰ ਵਿਚ ਸਰਬਲੋਹ ਨੂੰ ਸਭ ਧਾਤਾਂ ਨਾਲੋਂ ਵਡਿਆਇਆ ਹੈ।

Sri Satguru Jagjit Singh Ji eLibrary NamdhariElibrary@gmail.com

(੬੧) ਝੂਲਣਾ ਲੱਛਣ

(IIS, IIS, IIS, IIS, IIS, IIS, IIS, ISS) ਦੋਹਿਰਾ

"ਸੱਤਿਸਗਣ ਦੇ ਅੰਤ ਵਿਚ ਇੱਕ ਯਗਣ ਰਚਿ ਲੇਹੁ ।
ਚੌਬੀ ਅੱਖਰ ਮੇਲ ਧਰਿ ਛੰਦ ਝੂਲਣਾ ਏਹੁ" ॥ ੧੦੧ ॥

ਵੰਨਗੀ

* "ਹਰਿ ਨਾਮ ਵਿਖੇ ਨਹਿ ਪ੍ਰੀਤ ਕਰੀ ਇਸ ਤੋਂ ਬਿਨ ਹੋਰ ਕਿ ਭੂਲਣਾ ਹੈ।
ਸਤਿਸੰਗ ਵਿਖੇ ਜਿਨਿ ਵਾਸ ਕਰਾ ਤਿਹ ਗਾਰਬ ਮੇ ਕਹਿ ਫੂਲਣਾ ਹੈ ।
ਗੁਰਦੇਵਨ ਭੇਟ ਲਏ ਜਿਸ ਨੇ ਕਿਉਂ ਜੂਨਨ ਮੈਨ ਨਹਿ ਰੂਲਣਾ ਹੈ ?
ਗੁਰ ਵਾਕ ਵਿਚਾਰ ਨਹੀਂ ਵਰਤੇ ਤਿਨ ਗਾਵਤ ਕਾਹਿਤ 'ਝੂਲਣਾ' ਹੈ " ॥੧੦੨ ॥

੨੫ ਵਰਣੇ ਛੰਦੁ ।

(੬੨) ਸੁੰਦਰੀ ਲੱਛਣ ।

(IIS, IIS, IIS, IIS, IIS, IIS, IS, IIS, S) ਦੋਹਿਰਾ

ਅੱਠ ਸਗਣ ਤੁਕ ਬੀਚ ਕਰ ਧਰੋ ਫੇਰ ਗੁਰੁ ਏਕ ।
ਕਹਿਣ ਸੁੰਦਰੀ ਛੰਦ ਕਵਿ ਚਾਰ ਪਾਦ ਦੀ ਏਕ ॥੧੦੩॥

ਵੰਨਗੀ

** ਜਿਨ ਤੋੜ ਕਮਾਨ ਲਜਾਤ ਕਰੇ ਨ੍ਰਿਪ ਜੋਇ ਗਏ ਬਰਨੇ ਹਿਤ ਸੀ ਕੇ ।
ਜਿਸਨੇ ਪ੍ਰਸਰਾਮ ਹਰਾਇ ਲਿਯਾ ਜਿਸ ਮਾਰ ਦਏ ਛਤਰੀ ਧਰਤੀ ਕੇ ।
ਜਿਸ ਦੂਤ ਨਿਸੰਗ ਬਡੇ ਤਿਸਹਾਰ ਕਹਾਂ ਸੁ ਵਿਚਾਰ ਕਰੋ ਵਿਚ ਜੀ ਕੇ ।
ਪਛਤਾਇ ਰਹੋਂ ਕਹਿਤੀ 'ਸੁੰਦਰੀ' ਹੁਣ ਤੂੰ ਮੁੜਿਆ ਕਹਿਣੇ ਪਤਨੀ ਕੇ ॥ ੧੦੪ ॥

੨੬ ਵਰਣਾਂ ਛੰਦੁ

(੬੩) ਸੁੱਖ ਛੰਦ ਲੱਛਣ ।

(IIS, IIS, IIS, IIS, IIS, IIS, IIS, IIS, II) ਦੋਹਿਰਾ

ਅੱਠ ਸਗਣ ਗਣ ਆਦਿ ਜਿਸ ਦੋ ਲਘੁ ਹੋਰ ਬਖਾਨ ।
ਐਸੀ ਹੀ ਤੁਕ ਚਾਰ ਹੋਂ ਤਦ 'ਕੇਹਰਿ' ਸੁਖ ਮਾਨ ॥ ੧੦੫ ॥

---

* ਬਕੋਕਤੀ ਅਲੰਕਾਰ । ** ਮੰਦੋਦਰੀ ਦੀ ਰਾਵਣ ਤਾਈਂ ਸਮਝੌਤੀ ।

Sri Satguru Jagjit Singh Ji eLibrary NamdhariElibrary@gmail.com

ਵੰਨਗੀ

ਸਭ ਵਾਦ ਵਿਯੰਜਨ ਚੀਰ ਹੰਢਾਵਣ ਬਾਦ * ਤੁਰੰਗ ਪਦਾਰਥ ਮਾਯਕ ।
ਪੜ੍ਹ ਬੇਦਨ ਅੰਗ ਉਪੰਗ ਫਿਰੇ ਸਭ ਵਾਦ ਕਹਾਵਣ ਬੋਧ ਨਿਯਾਯਕ ।
ਸਭ ਵਾਦ ਸੁਗੰਧ ਮਲੇਂ ਤਨ ਚੰਦਨ ਨਾਰ ਰਸੇ ਜੁ ਸੁਰੇਸ਼ਰ ਲਾਯਕ ।
ਭਜ ਬਾਣਿ ਸਦਾ ਗੁਰ ਨਾਨਕ ਕੀ ਸਚੁ ਆਦਿ ਜੁਗਾਦਿ ਦਿਹੀ 'ਸੁਖ' ਦਾਯਕ ॥ ੧੦੬ ॥

ਸੂਚਨਾ – ਇਹਨੂੰ ਕੁੰਦਲਤਾ ਭੀ ਕਹਿੰਦੇ ਹਨ ।

ਦੰਡਕ ਪ੍ਰਕਰਣ । ਦੰਡਕ ਲੱਛਣ । ਦੋਹਿਰਾ

ਜਿਨ ਬਿਰਤਾਂ ਦੇ ਕਹਿਣ ਮੇਂ ਬਹੁਤ ਸ੍ਵਾਸ ਦੀ ਲੋੜ ।
ਦੰਡਕ ਉਸਨੂੰ ਕਹਿਣ ਕਵਿ ਪਿੰਗਲ ਤੱਤ ਨਿਚੋੜ ॥ ੧੦੭ ॥

੨੭ ਵਰਣ

(੬੪) ਖਾਲਸਾ ਛੰਦ । ਲੱਛਣ । ਦੋਹਿਰਾ

'ਆਦਿ ਨਗਣ ਦੋ ਰੱਖ ਕੇ ਸੱਤ ਰਗਣ ਧਰ ਅੰਤ ।
ਵਰਣ ਸਤਾਈ ਭਾਂਤ ਇਸ ਛੰਦ ਖਾਲਸਾ ਸੰਤ" ॥ ੧੦੮ ॥

ਵੰਨਗੀ

"ਮਨ ਬਚਨ ਧਯਾਉਂਦੇ ਨਾਮ ਸਾਚਾ ਅਤੇ ਪੀਂਵਦੇ ਨਾਮ ਪੀਊਖ ਨੂੰ ਝੋਲ ਹੈਂ ।
ਜਨਮ ਮਰਨ ਦੇ ਦੁਖਾਂ ਤੋਂ ਪਰੇ ਜਾ ਪਰੇ ਹੋਰਨਾਂ ਦੀ ਜਗਾ ਆਪ ਨੂੰ ਘੋਲ ਹੈਂ ।
ਗੁਰ ਬਚਨ ਸਮ੍ਹਲਾਦੇ ਦੀਨ ਨੂੰ ਪਾਲਦੇ ਘਾਲਣਾ ਘਾਲਦੇ ਨਾ ਕਦੇ ਡੋਲ ਹੈਂ ।
ਤਨਕ ਜਗ ਸੁਖਾਂ ਵਲੋਂ ਮੋੜਕੇ ਮੋਹਿਨੂੰ 'ਖਾਲਸਾ' ਸੂਰਮੇ ਤੱਤ ਵੀਰੋਲ ਹੈਂ"॥ ੧੦੩ ॥

(੬੫) ਪਰਚਿਤ ਲੱਛਣ

[III, III, ISS, ISS, ISS, ISS, ISS, ISS, ISS)

"ਪਹਿਲਾਂ ਨਗਣ ਸੁ ਦੋ ਰਚੋ ਬਹੁਰ ਯਗਣ ਧਰ ਸੱਤ ।
ਇਸਨੂੰ ਪਰਚਿਤ ਛੰਦ ਕਹਿ ਰਚਣ ਕਵੀ ਜਨ ਸੰਤ ॥੧੧੦॥

---

ਘੋੜਾ ।

Sri Satguru Jagjit Singh Ji eLibrary NamdhariElibrary@gmail.com

ਵੰਨਗੀ

ਸਮਝਤ ਨਹਿ ਇਆਣੇ ਪਚੇਂ ਜੱਗ ਮਾਹੀ ਵਿਸ਼ੇ ਵਾਸਨਾਂ ਨਾਹਿ ਐਸੇ ਚੁਕੈ ਹੈਂ ।
ਅਨਿਸਖਿਰ ਇਹੁ ਐਸੇ * ਛਟਾ ਤੇਜ ਜੈਸੇ ਅਹੰਕਾਰ ਮਾਰੇ ਵਿਚਾਰੇ ਲੁਕੈ ਹੈਂ ।
ਹਰਿ ਭਗਤ ਨਾਹਿੰ ਭਾਵੇ ਮਰੇਂ ਬੀਚ ਹਾਵੇ ਸੁਸਾਂਤੀ ਨ ਪਾਵੇਂ ਨ ਇੱਛਾ ਰੁਕੈਂ ਹੈ ।
ਨਹਿ 'ਪਰਚਿਤ' ਸਿਆਣੇ ਜਿਨ੍ਹਾਂ ਸੰਗ ਕੀਤਾ ਸਦਾ ਹੀ ਹਰੇ 'ਜਾਚਕਾ' ਨਾ ਸੁਕੈ ਹੈਂ ॥ ੧੧੧ ॥

(੬੬) ਚਿੱਤ੍ਰਕ ਛੰਦ ਲੱਛਣ

(IIS, IIS, IIS, IIS, IIS, IIS, IIS, IIS, IIS) ਦੋਹਿਰਾ

ਹਰਿ ਪਦਿ ਅੰਦਰ ਨੌ ਸਗਣ ਏਹੋ ਚਿੱਤ੍ਰਕ ਛੰਦ ।
ਚਾਰ ਪਾਦ ਵਿਚ ਮੇਲਕੇ ਜਾਚਕ ਲਓ ਅਨੰਦ" ॥ ੧੧੨ ॥

ਵੰਨਗੀ

ਜਦ ਸਾਧ ਮਹੰਤ ਨ ਕੋਇ ਦਿਸੇ ਕਪਟੀ ਬਹੁ ਰੂਪ ਦਿਖਾਵਤ ਹੈਂ ਜਗ ਮੈਂ ।
ਜਿਸ ਪਿੰਡ ਵਿਖੇ ਨਹਿੰ ਪੈਂਚ ਰਹੇ ਤਹਿ ਚੌਧਰ ਰਾਜ ਭੜੋਲੜ ਹੈ ਜਗ ਮੈਂ ।
** ਕਸਤੂਰੀ ਸੁਗੰਧ ਨਹੀਂ ਮਿਲਦੀ ਤਦ ਹੀ ਦੁਰਗੰਧ ਬੜੀ ਬਣਦੀ ਜਗ ਮੈਂ ।
ਤਦ *** ਚਿਤ੍ਰਕ ਹੀ ਪਰਧਾਨ ਦਿਸੇ ਜਦ ਦੂਸਰ ਹੋਰ ਨਾ ਰੁੱਖ ਰਹੇ **** ਜਗ ਮੈਂ ॥ ੧੧੩ ॥

੨੮ ਅੱਖਰਾ

(੬੭) ਰਸਾਲ, ਛੰਦ ਲੱਛਣ

ਲਘੁ ਗੁਰੂ ਦੇ ਗੇੜ ਤੇ ਠਾਈ ਅੱਖਰ ਪਾਲ ।
ਐਸੀ ਸੁੰਦਰ ਚਾਰ ਤੁਕ ਜਾਣੋ ਛੰਦ ਰਸਾਲ ॥ ੧੧੪ ॥

ਵੰਨਗੀ

ਗੁਰੂ ਗੁਰੂ ਸਦਾ ਸਦਾ ਕਰੋ ਸੁ ਪਰਾਣਿਓ ਰਿਦੇ ਅਨੰਦ ਪਾਇ ਦੂਖ ਤਾਪ ਹਾਨਿਏ ।
ਹਰੋ ਕਲੇਸ਼ ਕਾਮ ਕੋ ਕਟੋ ਸੁ ਕਾਲ ਫਾਸ ਚਿੰਤ ਚੂਹੜੀ ਕਰੋਧ ਦੈਤ ਡਾਨਿਏ ।
ਤਜੋ ਬਿਖੇ ਸੁਆਦਿ, ਨਾ ਅਨੰਦ ਹੋਇ ਮੂਲ ਦਿਤ ਸ਼ੋਕ ਸਿੰਧੁ ਏ ਡੁਬੋਇ ਜਾਨ ਲੀਜੀਏ ।
ਕਰੋ ਸਦੀਵ ਸਾਧ ਸੰਗ ਰੰਗ ਪ੍ਰੇਮ ਰੰਗ ਆਪ ਸੋ ਮਹਾ 'ਰਸਾਲ' ਨਾਮ ਪੀਜਿਏ ॥ ੧੧੫ ॥

* ਬਿਜਲੀ । ** ਰੀ' ਲਘੁ ਕਰਕੇ ਪੜ੍ਹੋ । *** ਰਿੰਡ

**** ਜਗ ਮੈਂ" ਬਹੁਤੀ ਵਾਰ ਆਉਣ ਕਰਕੇ ਪੁਨਰੁਕਤੀ ਨਹੀਂ ਉਨ੍ਹਾਂ ਤੋਂ ਪਹਿਲੇ ਪਦ "ਵਤ ਹੈ" ਸੁਰ ਮਿਲਤ ਹੋਣ ਕਰਕੇ ਮਧਮ ਕਾਵ੍ਯ ਦ੍ਵਾਰਾ ਇਹ ਪਦ ਲਾਈਆ ਹਨ ।

ਸੂਚਨਾ – ਇਹਨੂੰ ਮਹੀਧਰ ਭੀ ਕਹਿੰਦੇ ਹਨ।

### (੬੮) ਪੁਸ਼ਪ ਛੰਦ ਲੱਛਣ

(SIS, ISI, SIS, ISI, SIS, ISI, SIS, ISI, SIS, I)

ਦੋਹਿਰਾ

ਗੁਰੂ ਲਘੁ ਦੇ ਕਰਮ ਤੇ ਵਰਣ ਅਠਾਈ ਰਾਖ।
ਪੁਸ਼ਪ ਛੰਦ ਦੇ ਰੂਪ ਦੇ ਚਾਰ ਵਰਣ ਇਉਂ ਆਖ ॥ ੧੧੬ ॥

ਵੰਨਗੀ

ਚੰਦ੍ਰ ਕੇ ਪ੍ਰਕਾਸ਼ ਨਾਲ ਰਾਤ ਜਜੋ ਸੁਹਾਇ ਰਾਤ ਦੇ * ਪ੍ਰਸਾਦਿ ਤੇ ਸੁਭਾਇ ਮਾਨ ਚੰਦ।
ਬਾਗ ਆੜ ਬਿੱਚ ਹੀ ਸੁਹੌਣ ਠੀਕ ਫੂਲ, ਫੂਲ ਭਾਂਤ ਭਾਂਤ ਤੇ ਪਛਾਨ ਬਾਗ ** ਛੰਦ।
ਦੇਸ ਸੰਘ ਭੂਪ ਭੂਪ ਸੇ ਸੁਹਾਇ ਦੇਸ ਨਾਗ ਸੰਘ ਨਾਹੁ ਨਾਹੁ ਨਾਰ ਸੰਗ *** ਗੰਜ।
ਦੇਹ ਦੇ ਪ੍ਰਸਾਦਿ ਆਤਮਾਂ ਬਿਰਾਜ ਮਾਨ ਆਤਮਾ ਸੇ ਦੇਹ ਹੈ ਅਨੂਪ **** 'ਪੁਸ਼ਪ' ਮੰਜ ॥ ੧੧੭ ॥

ਸੂਚਨਾ – ਇਹਦੇ ਕਈਆਂ ਨੇ ੩੨ ਅੱਖਰ ਮੰਨੇ ਹਨ, ਪਰੰਤੂ ੩੨ ਅੱਖਰਾਂ ਵਾਲਾ ਇਸੇ ਹੀ ਢਾਲ ਦਾ ਸੁਧਾ ਨਿਧੀ ਛੰਦ ਹੈ। ਇਹਦਾ ਨਾਉਂ 'ਅਸ਼ੋਕ ਪੁਸ਼ਪ ਮੰਜਰੀ' ਭੀ ਹੈ।

### (੬੯) ਨੀਲ ਚੱਕ੍ਰ ਲੱਛਣ

(SIS, ISI, SIS, ISI, SIS, ISI, SIS, ISI, SIS, ISI)

ਦੋਹਿਰਾ

"ਰਗਣ ਜਗਣ ਪੰਜ ਵਾਰ ਯਾ ਗੁਰੂ ਲਘੂ ਪੰਦਰਾਂ ਵਾਰ।
ਚਾਰੇ ਪਦ ਲਿਖ ਏਕ ਸੇ ਨੀਲ ਚੱਕ੍ਰ ਮਨਧਾਰ ॥੧੧੮॥

ਵੰਨਗੀ

ਸਿੱਖ ਹੋਇ ਸਿੱਖਿਆ ਸਿਖਾਇ ਤੂੰ ਉਦਾਰ ਹੋਇ ਉਦਮੀ ਬਿਅੰਤ ਸੇਵ ਪੰਥ ਕੀ ਸੰਭਾਰ।
ਸੂਰ ਹੋਅਨਾਦਿ ਮੰਤ ਨਿੱਤ ਨੇਮ ਜਾਪ ਮੀਤ ਜਾਪਜੀ ਸਮੇਤ ਵਾਰ ਮੁਖ ਤੇ ਉਚਾਰ।
ਅੰਮ੍ਰਤੀ ਕਹਾਇ ਕੇਸ ਅੰਗ ਤੇ ਲਹਾਇ ਨਾਹਿ ਕੱਛ ਨੂੰ ਵਿਛੋੜ ਨਾ ਅਮੋੜ ਹੋ ਨਕਾਰ।
ਤੇਗ ਭੀ ਸਦਾ ਸਰੀਰ ਧਾਰ ਕੱਪੜੇ ਰੰਗਾਇ ਨੀਲ ਚੱਕ੍ਰ ਤੂੰ ਸਜਾਇ ਸੀਸ ਨਾਲ ਪਜਾਰ ॥ ੧੧੯ ॥

---

* ਕ੍ਰਿਪਾ। ** ਸੋਹਣਾ।
*** ਸਜਣਾ। **** ਸੁੰਦਰ ਫੂਲ।

ਤ੨ ਵਰਣੇ ਛੰਦ ।

(੭੦) ਅਨੰਗ ਸ਼ੇਖਰ ਲੱਛਣ ।

(ISI SIS ISI SIS ISI SIS ISI SIS ISI SIS IS)

ਦੋਹਿਰਾ

ਲਘੁ ਗੁਰੂ ਦੇ ਕਰਮ ਕਰ ਬੱਤੀ ਅੱਖਰ ਠਾਣ ।
ਦੂਣਾ ਹੋਇ ਨਰਾਜ ਤੋਂ ਅਨੰਗ ਸੇਖਰਾ ਜਾਨ ॥ ੧੨੦ ॥

ਵੰਨਗੀ

* ਸੁਭਾਲ ਅੱਧ ਚੰਦ੍ਰ ਨੈਣ ਜਾਨੀਏ ਕਮਾਨ ਭਾਂਤ
ਕੋਕਲਾ ਸਮਾਨ ਬੋਲ ਤੋਲ ਹੀ ਅਪਾਰ ਹੈ। ਪ੍ਰਕਾਸ਼
ਮੁਖ ਦੇਖਕੇ ਠਰ੍ਹਾਵੀਏ ਅਕਾਜ ਫੁੱਲ ਦੰਦ ਦੇਖ ਸ਼ੱਕਿ
ਹੋਇ ਦੰਦ ਜਾਂ ਅਨਾਰ ਹੈ ? ਕੁਬੇਰ ਸਿੰਘ ਆਦਿ ਦੀ
ਉਦਾਰਤਾ 'ਚਿ ਇਕ ਰੀਤ ਬੀਰ ਪੁੰਜ ਲਾਲ ਅੰਸ
ਲਾਲ ਦਾ ਸਰੂਪ ਹੀ । ਬਿਨਾ ਢੰਡੋਲ ਦੇ ਉਜਾਗਰੇ
ਗੁਰੂ ਗੋਬਿੰਦ ਸਿੰਘ ਲਾਲ ਹੈਂ ਅਨੰਗ ਸੇਖਰੇ ਖੜੇ
ਅਨੂਪ ਹੀ ॥੧੨੧॥

(੭੧) ਸੁਧਾ ਨਿਧੀ ਲੱਛਣ

(SIS, ISI, SIS, ISI, SIS, ISI, SIS, ISI, SIS, ISI)

ਦੋਹਿਰਾ

ਪੰਜ ਰਗਣ ਅਰ ਜਗਣ ਕਰਿ ਗੁਰ ਲਘੁ ਹੋਰ ਬਧਾਇ ।
ਚੌਪਦ ਮਿਲਦੇ ਹੋਣ ਤਾਂ ਸੁਧਾ ਨਿਧੀ ਇਸ ਭਾਇ ॥ ੧੨੨ ॥

---

* ਇਸ ਵਿਚ ਲੁਪਤੋਪਮਾ, ਪੂਰਨੋਪਮਾ, ਪ੍ਰਤੀਪ, ਸੰਦੇਹ, ਤੁਲਜਯੋਗਿਤਾ, ਮਿਲਤ ਅਤੇ ਬਿਭਾਵਨਾਲੰਕਾਰ ਹੋਣ ਕਰਕੇ ਸੰਸ੍ਰਿਸ਼ਟ ਹੈ ।

ਵੰਨਗੀ

ਸ੍ਰੀ ਅਕਾਲ ਤੇਗ ਦੇ ਧਨੀ ਦਿਆਲ ਪਾਸ ਜਾਇ
ਲੋਭ ਦੀਨ ਹੋਇ ਦੁੱਖ ਆਪਣਾ ਚਿਤਾਰ ਦੇ' ਨ । ਆਪ
ਹੋ ਕ੍ਰਿਪਾਲ ਰਾਜ ਦਿੱਤੜਾ ਕੰਗਾਲ ਜਾਣ ਓਹ ਅੱਜ
ਹਿੰਦ ਨੂੰ ਅਧੀਨ ਜਾਣ ਮਾਰ ਦੇ' ਨ । ਜੇ ਭਲਾ ਘੜੀ ਕੁ
ਜੀਵ ਦੀਨ ਦਾਰ ਹੋਇ ਨਾਹਿ ਤੇਗ ਨਾਲ ਕੱਟ ਸੀਸ
ਧੌਣ ਤੋਂ ਉਤਾਰ ਦੇ' ਨ । ਰੱਖਿਆ ਅਸਾਡੜੀ ਬਗੈਰ
ਆਪ ਦੇ ਨ ਹੋਰ ਹੱਥ ਬੰਨ੍ਹ ਦੀਨ ਹੋ ਸ਼ੁਧਾ ਨਿਧੀ ।
ਪੁਕਾਰ ਦੇ' ਨ ॥੧੨੩॥

ਮੁਕਤਕ ਛੰਦ

ਮੁਕਤਕ ਲੱਛਣ ਦੋਹਿਰਾ

ਵਰਣ ਸੰਖਿਆ ਨਿਯਮ ਵਿਚ ਲਘੁ ਗੁਰੂ ਨੇ ਮਨ ਬੀਰ ।
ਗਣ ਬੰਧਨ ਤੋਂ ਰਹਿਤ ਜੋ ਮੁਕਤਕ ਕਹਿਣ ਸੁਧੀਰ ॥ ੧੨੪ ॥

(੨੨) ਅਨੰਦ ਛੰਦ (੧੩ ਵਰਣਾਂ ਦਾ)

ਵੰਨਗੀ

ਵਿਚ ਹਰਿ ਮੰਦਰ ਸੁਨੈਹਰੀ ਨੂਰ ਦਾ । ਅੰਮ੍ਰਿਤ ਸਰੋਵਰ
ਉਦਾਲਾ ਪੂਰ ਦਾ । ਸੁੰਦਰ ਪ੍ਰਕਰਮਾ ਤੇ ਚਿੱਤ੍ਰਕਾਰੀਆਂ ।
ਸਜਣ ਚੁਫੇਰੇ ਬੁੰਗੇ ਤੇ ਅਟਾਰੀਆ । ਬਣੀ ਸੋ ਬੈਕੁੰਠ
ਦੀ ਹੈ ਛਬ ਸਗਰੀ । ਧੰਨ ਬਾਬਾ ਰਾਮਦਾਸ ਤੇਰੀ
ਨਗਰੀ । ਦੇਂਵਦੀ ਸੁਣਾਈ ਧੁਨਿ ਸੁਰ ਤਾਲ ਦੀ ।
ਅੱਠੇ ਹੀ ਪਹਿਰ ਕੀਰਤੀ ਅਕਾਲ ਦੀ । ਕਿਤੇ ਹੋਵੇ
ਕਥਾ ਕਿਤੇ ਛੰਦ ਕਥ ਦੇ । ਸ਼ਾਂਤ ਵੀਰ ਠਾਠ ਦੇਖ
ਦੁੱਖ ਲੱਥ ਦੇ । ਭਰੀ ਹਰ ਥਾਉਂ 'ਆਨੰਦ' ਸਮਗਰੀ ।
ਧੰਨ ਬਾਬਾ ਰਾਮ ਦਾਸ ਤੇਰੀ ਨਗਰੀ । ਸੰਘਣਾ ਸ਼ਹਿਰ

Sri Satguru Jagjit Singh Ji eLibrary NamdhariElibrary@gmail.com

ਵਸੇ ਸੁੰਦ੍ਰ ਨਾਮ ਕੋ । ਸੇਵੇ ਸਿਖ ਸਾਧੁ ਪੂਜੇ ਗੁਰਿ ਧਾਮ ਕੋ ।
ਪਾਠਸ਼ਾਲਾ ਮਹਾ ਵਿੱਦਜਾ ਭੰਡਾਰ ਹੈ । ਭੁਗਤ ਮੁਕਤਿ
ਦੋਹਾਂ ਦੀ ਬਹਾਰ ਹੈ । ਹਰ ਵਰ ਪਾਵੇ ਸਭ ਪ੍ਰੇਮ ਪਗਰੀ
ਧੰਨ ਬਾਬਾ ਰਾਮ ਦਾਸ ਤੇਰੀ ਨਗਰੀ ॥੧੨੫॥

ਸੂਚਨਾ – ਇਹ ਦੋ ਤੋਂ ਲੈ ਕੇ ਮਨ ਭਾਉਂਦੀਆ ਤੁਕਾਂ ਵਾਲਾ ਹੁੰਦਾ ਹੈ । ਇਸ ਦਾ ਬਹੁਤ ਪ੍ਰਚਾਰ ਮਾਲਵੇ ਵਿੱਚ ਹੈ । ਇਸ ਦੇ ਹੋਰ ਨਾਉਂ ਮੁਕੰਦ, ਕੋਰੜਾ, ਨੰਦ, ਕਸੀਰਾ, ਤਕਸੀਰਾ ਦੁਭਾਗ, ਮੋਠਕ ਆਦਿਕ ਹਨ ।

ਦੰਡਕ ਮੁਕਤਕ * ਕਬਿੱਤ ਪ੍ਰਕਰਣ ।

੩੧ ਵਰਣ ਤੁਕ ਵਿੱਚ ਇਹਦੇ ਮਨਹਰਣ, ਜਨਹਰਣ ਕਲਾਧਾਰ ਲਹਿਰ (ਮ੍ਰਿਗਚਾਲ) ੪ ਭੇਦ ਹਨ ।

(੭੩) ਮਨ ਹਰਣ ਵੰਨਗੀ

** ਮੈਂ ਤਾਂ ਮੱਤਿ ਹੀਨ ਕਰੋ ਮੂਰਖ ਚਤੁਰ ਆਪ ਮੈ ਜੋ ਮੋਹ
ਬੱਸ ਆਪ ਕਟੋ ਮੋਹਜਾਲ ਨੂੰ । ਜੀਵ ਗੁਨਹਿਗਾਰ
ਸਦਾ ਪਾਪ ਬਖਸਿੰਦ ਆਪ ਏਹੁ ਬਸ ਕਾਲ ਆਪ ਕਾਲ
ਮਹਾ ਕਾਲ ਨੂੰ । ਕਠਨ ਮਿਲਾਪ ਕੈਸੇ ਰੱਖੀਏ ਨਿਭਾਗ
ਆਸ ਸੇਈ ਜਨ ਧੰਨ ਜਿੰਨੀ ਰਵਿਆ ਹੈ ਲਾਲ ਨੂੰ ।
ਗੁਰ ਸਿੱਖ ਆਓ ਤੇ ਮਿਲਾਓ ਕਵਿ 'ਕੇਹਰਿ' ਕਿ,
ਕੀਜੀਏ ਉਪਾਉ 'ਮਨ ਹਰਣ' ਦਿਆਲ ਨੂੰ ॥੧੨੬॥

(੭੪) ਜਨ ਹਰਣ ਲੱਛਣ । ਦੋਹਿਰਾ

ਤੀਸ ਲਘੁ ਧਰ ਤੁਕ ਵਿਖੇ ਅੰਤ ਗੁਰੂ ਇਕ ਡਾਰ ।
ਸੋ ਜਨ ਹਰਣਾ ਛੰਦ ਹੈ 'ਕੇਹਰਿ' ਕਰੇ ਉਚਾਰ ॥੧੨੭॥

---

* ਅਸਲ ਵਿੱਚ ਹਰੇਕ ਛੰਦ ਹੀ ਕਵਿਤਾ ਰੂਪ ਹੋਣ ਕਰਕੇ ਕਬਿੱਤ ਹੈ । ਅੱਜ ਕੱਲ ਮਨ ਹਰਨ ਆਦੀ ਨੂੰ ਕਬਿੱਤ ਕਹਿਣ ਦੀ ਅੱਲ ਪੈ ਗਈ ਹੈ, ਮਗਰ ਸਭ ਛੰਦਾਂ ਨੂੰ ਕਬਿੱਤ ਕਹਾਉਣ ਦਾ ਅਧਿਕਾਰ ਹੈ । ਇਸ ਬਾਤ ਤੇ ਪ੍ਰਾਚੀਨ ਕਾਵਯ ਗ੍ਰੰਥ ਸਾਖੀ ਹਨ ।

** ਵਯਤ੍ਰੇਕਾਲੰਕਾਰ ।

Sri Satguru Jagjit Singh Ji eLibrary NamdhariElibrary@gmail.com

ਵੰਨਗੀ

Aਰਿਪ ਸਭ ਖਹਿਣ ਸੁ ਢਹਿਣ ਗੜ੍ਹਨ ਸਭ ਮੜਕ
ਬਣਿ ਜੁ ਬਣਣ ਦੁਖ Bਚਰਣਾ। ਤਰਕਸ਼ ਮੁਕਰਨ
ਖੜਗਨ ਹੱਥ ਬਸ ਮੁੜ ਕਰ ਉਲਟ ਚਲਨ ਸਭ
Cਧਰਣਾ। Dਸਰਸਿ Eਨਿਰਸ ਰਸ Fਸੁਖਦ ਦੁਖਦ
ਸਭ ਚਮਕ ਦਮਕ 'ਜਨ ਹਰਣ' ਸੁ ਸਰਣਾ। ਟਬਰ ਥੜਕ
ਸਭ ਨਫਰ ਗਰਕ ਜਦ, ਲਵ ਪੁਰ ਨਿਰਪ ਕਿ
Gਮੁਸਕਿਲ ਮਰਣਾ ॥੧੨੮॥

(੭੫)ਲਹਿਰ ਛੰਦ (ਮ੍ਰਿਗ ਚਾਲ)

Hਲਤਾ ਸੀਲ ਚਕ ਦਾਰ ਛਟਾ ਸੀ ਚਮਕਦਾਰ ਅੱਗ
ਸੀ ਭੜਕ ਦਾਰ ਧੁਪ ਸੀ ਕਰਾਰੀ ਹੈ। ਸ਼ੇਰ ਸੀ ਦੜਕ-
ਦਾਰ ਹਵਾ ਸੀ ਸੜਕ ਦਾਰ ਬਾਜ ਸੀ ਝਪਟ ਦਾਰ
Iਪੈਸੀਨਿਕੀ ਧਾਰੀ ਹੈ। ਘੋਰਨ ਸੀ ਕਾਰੀ ਹੈ
'ਲਹਿਰ' ਸੀ ਉਭਾਰੀ ਹੈ ਬੱਜਰ ਜੈਸੀ ਭਾਰੀ ਚਾਲ
ਕਾਲ ਸੀ ਨਿਹਾਰੀ ਹੈ। ਮੋਰ ਸੀ ਨਿਰਤਕਾਰੀ ਜਾਕੀ
ਕਵਿ 'ਕੇਹਰਿ' ਸੁ ਗੁਰੂ ਦਸਮੇਸ ਦੇਖੀ ਖੜਗ
ਤਿਹਾਰੀ ਹੈ ॥੧੨੯॥

ਸੂਚਨਾ - ਇਸਦੀ ਲਹਿਰ ਮ੍ਰਿਗਚਾਲ ਦੀ ਤਰ੍ਹਾਂ ਹੁੰਦੀ ਹੈ। ਇਹਨੂੰ ਮ੍ਰਿਗਚਾਲ ਭੀ ਕਹਿੰਦੇ ਹਨ।

(੭੬) ੪ ਕਲਾ ਧਰ ਲੱਛਣ। ਦੋਹਿਰਾ

ਗੁਰੂ ਲਘੁ ਦੇ ਫੇਰ ਕਰ ਰੱਖ ਵਰਣ ਇਕ ਤੀਸ।
ਛੰਦ ਕਲਾ ਧਰ ਜਾਨ ਸੋ ਕਹਿਣ ਕਾਵ੍ਯ ਦੇ ਈਸ ॥੧੩੦॥

---

A ਬੈਰੀ। B ਖੁਰਲੀ। C ਆਸਰੇ। D ਰਸਦਾਰ। E ਫਿੱਕਾ। F ਸੁਖਦਾਤੇ G ਇਸ ਵਿਚ ਸਮੁਚਯਲੰਕਾਰ ਹੈ। H ਪੂਰਨੋਪਮਾਲੰਕਾਰ ਮਾਲਾ, ਸਾਧਰਮਤੇ। I ਪਾਣੀ

Sri Satguru Jagjit Singh Ji eLibrary NamdhariElibrary@gmail.com

ਵੰਨਗੀ

* ਈਸ ਦੀ ਉਪਾਸਨਾ ਬਿਲਾਸ ਸਾਂਤਿ ਸੂਰਬੀਰ ਸਾਜਣਾ
ਜਹਾਨ, ਨਾਲ ਆਗਿਆ ਅਕਾਲ ਕੀ । ਚਿੱਤ ਸਾਫ
ਸੰਕਨਾ ਕਲੰਕ ਹੀਨ ਔਧ ਫੇਰ ਕਾਣ ਨਾ ਜਹਾਨ ਮਾਨ
ਬਾਣ ਦੀਨ ਪਾਲ ਕੀ । 'ਕੇਹਰਿ' ਸਰੀਰ ਰੂਹ ਉੱਨਤੀ
** ਨਿਧਾਨ ਪਾਸ ਮੋਮਨ ਬਣਾਯੇ ਟੋਲ ਮੋਮਨੋ *** ਬਿਡਾਲ-
ਕੀ । ਸ੍ਰੀ ਗੁਰੂ ਗੋਬਿੰਦ ਸਿੰਘ ਹੈਂ ਗੁਰੂ ਬਸੀਠ ਜਾਹਿ
ਫੇਰ ਕਜੋਂ ਨ ਖਾਲਸਾ ਕਲਾਧਰੇ' ਮਜਾਲ ਕੀ ॥੧੩੧॥

੩੨ ਅੱਖਰੇ ਛੰਦ । ਰੂਪ ਘਨਛਰੀ ਦੇ ੪ਭੇਦ ਹਨ ।

ਮੇਰੂ, ਸ਼ੁੰਨ ਧਾਰ, ਕ੍ਰਿਪਾਨ ਅਤੇ ਪਤਾਕਾ

(੭੭) ਮੇਰੂ ਲੱਛਣ ।

ਇਸਦੇ ੩੨ ਵਰਣ ਹੁੰਦੇ ਹਨ, ਜਿਨ੍ਹਾਂ 'ਚੋਂ ਛੇਕੜਲਾ ਲਘੂ ਹੁੰਦਾ ਹੈ :-

ਵੰਨਗੀ ।

ਕੋਠੇ ਦੋ ਬਰਾਬਰ ਬਣਾਇ ਆਦਿ ਹੇਠ ਤਿੰਨ
ਚਾਰ ਕਰ ਫੇਰ ਏਸ ਤਰ੍ਹਾਂ ਪ੍ਰਸ਼ਨਾਨੁਸਾਰ ।
ਸੱਜੇ ਲਿਖ ਵਰਣ ਬਾਹਰ ਖੱਬੇ ਸੂਚੀ ਅੰਕ
ਏਕਾ ਅੰਗ ਸਾਰੇ ਸੱਜੇ ਖੱਬੇ ਕੋਠਿਆਂ ਚਿ ਧਾਰ ।
ਦੋਇ ਤਿੰਨ ਆਦਿ ਦੋਹੀਂ ਵਲੀਂ ਦੂਜੇ ਕੋਠਿਆਂ 'ਚਿ
ਲਿਖ ਦੋ ਦੋ ਜੋੜ ਉਤੋਂ ਰਹਿੰਦੇ ਭਰੀਏ ਸਵਾਰ ।
ਸਭ ਗੁਰੂ ਆਦਿ ਰੂਪ ਏਕ ਸਭ ਲਘੂਆਂ ਦਾ
ਹੇਠਲੇ ਕਹਿਣ ਕੋਠੇ 'ਮੇਰੂ' ਵਰਣ ਵਿਚਾਰ ॥੧੩੨॥

---

* ਸਮੁਚਯ ਅਲੰਕਾਰ ।

** ਖਜਾਨਾ ।

*** ਬਿੱਲੋ ।

(੭੮) ਸ਼ੁੰਨ ਧਾਰ (ਜਲਹਰਣ) ਲੱਛਣ ।

ਵਾਰਤਕ – ੩੨ ਵਰਣ ਜਿਸਦੇ ਪਿਛਲੇ ਦੋ ਲਘੂ ਹੋਣ ਸ਼ੁੰਨ ਧਾਰ ਜਾਣੋ :-

ਵੰਨਗੀ

ਦਸ ਗੁਣੀ ਕੋਠਿਆਂ ਬਣਾਇ ਦਿੱਤੇ ਵਰਣਾਂ ਤੋਂ
ਪਹਿਲੀ ਪਾਲ ਵਰਣ ਦੂਈ 'ਚਿ ਸੂਚੀ ਅੰਕ ਕਰ ।
ਅੱਧ ਕਰ ਤੀਜੀ ਚੌਥੀ ਪੰਜਵੀਂ ਸਵਾਰ ਛੇਵੀਂ
ਸੱਤੀਂ ਅੱਠੀਂ ਆਦਿ ਏਕਾ ਫੇਰ ਸੂਚੀ ਅੰਕ ਧਰ ।
ਨੌਵੀਂ ਅਤੇ ਦਸਵੀਂ ਦੇ ਆਦਿ 'ਸ਼ੁੰਨ ਧਾਰ' ਕਰ
ਸੂਚੀ ਅੰਗ ਅੱਧ ਸਭ ਰਹਿੰਦੇ ਕੋਠਿਆਂ 'ਚਿ ਭਰ ।
ਬ੍ਰਿਤ ਭੇਦ ਆਦਿ ਗੁਰੂ ਲਘੂ ਔਰ ਅੰਤ ਸੋਈ
ਗੁਰ ਆਦਿ ਅੰਤ ਲਘੂ ਗੁਰੂ ਲਘੂ ਲਘੂ ਗੁਰ ॥੧੩੩॥

ਸੂਚਨਾ – ਇਸਨੂੰ ਜਲ ਹਰਣ ਭੀ ਕਹਿੰਦੇ ਹਨ ।

(੭੯) ਕ੍ਰਿਪਾਣ ਲੱਛਣ ।

ਮੇਰੂ ਨਾਲੋਂ (ਲਯ ਵਿਚ ਹੀ) ਕੁਝ ਭੇਦ ਹੈ: –

* ਡੰਕਿਆਂ ਦੀ ਸੱਟਿ ਜਿਥੇ ਬੱਜਰ ਸਮਾਨ ਬੱਜੀ
ਗੋਲੀਆਂ ਛੁੱਟਣ ਧੜ ਧੜ ਤੋਪਾਂ ** ਘਹਿ ਰਾਣ ।
ਅਲੀ ਅਲੀ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੂੰਜੇ,
ਸੈਂਕੜੈ ਹੀ ਸੀਸ ਕਟੇ *** ਤਰੁਬਰ ਘਬਰਾਣ ।
ਧੁਜਾ ਅਸਲਾਮੀ ਜਿੱਥੇ ਲਘੂ ਲਹਿਰਾਂਵਦਾ ਸੀ,
ਲੱਗੇ ਅਸਮਾਨ ਖੰਡੇ ਧਾਰ ਝੂਲੇ ਸੀ ਨਿਸ਼ਾਨ
ਖੇਤ ਚਮਕੌਰ ਏਹੋ ਧੱਸ ਦਾ ਭੰਡਾਰ ਜਿਥੇ
ਚਲੀ ਬਲੀ ਦਸਮੇਸ ਦੀ ਸਿਆਮ ਕਿਰਪਾਨ ॥੧੩੪॥

---

* ਉਦਾਤਾਲੰਕਾਰ (ਉਤਮਾਂ ਦਾ ਉਪ ਲੱਛਣ)

** ਗੱਜਦੀਆਂ ਸਨ ।

*** ਬੜੇ ਬ੍ਰਿਛ ।

Sri Satguru Jagjit Singh Ji eLibrary NamdhariElibrary@gmail.com

ਸੂਚਨਾ – ਇਸਦੇ ਅੰਤ ਅੱਖਰ ਅੱਖਰ ਗੁਰੂ ਹੁੰਦਾ ਹੈ, ਹੋਰ ਸਭ ਮੇਰੂ ਦੀ ਤਰ੍ਹਾਂ ਹੈ :-

(੮੦) ਪਤਾਕਾ, ਛੰਦ ਲੱਛਣ ।

ਵੰਨਗੀ

ਮੱਤਿ ਜਿੰਨੇ ਕਰ ਕੋਠੇ ਸੁਚੀ ਅੰਗ ਹੇਠ ਵਲੋਂ, ਛੱਡਿ
ਉਤੋਂ ਦੋਇ ਸੱਜੇ ਤੋਂ ਬਧਾਇ ਕਰੋ । ਮੇਰੂ ਅੰਗਾਂ
ਤੁੱਲ ਸਾਡੇ ਕ੍ਰਮ ਤੇ ਬਣਾਇ ਕੋਠੇ, ਉਤਲੇ 'ਚੋਂ ਇਕ
ਛੱਡਿ ਹੇਠਲੇ ਘਟਾਇ ਭਰੋ । ਏਹਦੇ ਸਭ ਅੰਗਾਂ ਵਿਚੋਂ
ਕ੍ਰਮ ਤੇ ਘਟਾਇ ਸੋਈ, ਭਰ ਤੀਜੀ ਪਾਲ ਕੇਰਾਂ ਘਟੇ
ਅੰਗ ਮਤ ਧਰੋ । ਸਭ ਪਾਲੀਂ ਏਹਨੀਂ ਰੂਪੀ ਇਕ
ਦੋਇ ਆਇ ਗੁਰੂ, ਕ੍ਰਮ ਤੇ ਬਤਾਓ ਮਾਤਰਾ ਪਤਾਕਾ
ਬਿਸਤਰੋ ॥੧੩੫॥

ਸੂਚਨਾ – ਇਹਨਾਂ ਸਾਰਿਆ ਨੂੰ ਘਨਾਛਰੀ ਅਥਵਾ ਰੂਪ ਘਨਾਛਰੀ ਹੀ ਕਿਹਾ ਜਾਂਦਾ ਹੈ ।

(੮੧) * ਕੇਹਰਿ ਛੰਦ (ਸਿੰਘਾ ਵਿਲੋਕਨ) ਲੱਛਣ ।

ਦੋਹਿਰਾ

ਕਿਸੇ ਛੰਦ ਦਾ ਅੰਤ ਪਦ ਪੜ੍ਹੀਏ ਜਦ ਉਲਟਾਇ ।
ਸਿੰਘ ਵਿਲੋਕਨ ਰੀਤਿ ਲੈ ਕੇਹਰਿ ਸੋਇ ਕਹਾਇ ॥੧੩੬॥

ਵੰਨਗੀ

** ਟੱਲ ਰਹੇ ਪਾਪੀ ਤੇ ਸਰਾਪੀ ਸਭ ਗੱਲ ਰਹੇ, ਹੱਲ
ਰਹੇ ਸੇਵਕ ਜੋ ਠੱਗ ਸੀਨੇ ਸੱਲ ਰਹੇ । ਸੱਲ ਰਹੇ ਸਿੱਪ
ਮੁਖੋਂ ਮੋਤੀ ਜੋ ਉਛੱਲ ਰਹੇ, ਪਲ ਰਹੇ ਝਾਉ, ਮੱਲ

---

* ਇਹ ਰੀਤੀ ਤੁਕ ਭੇਦ ਦੇ ਪ੍ਰਕਰਣ ਵਿਚ ਚਾਹੀਦੀ ਸੀ, ਪਰੰਤੂ ਇਸਦੀ ਝੁਣ ਵਿਸ਼ੇਸ਼ ਕਰਕੇ ਛੰਦ ਭੇਦ ਉਤੇ ਪੈਣ ਕਰਕੇ ਏਥੇ ਹੀ ਲਿਖਣੀ ਯੋਗਯ ਸਮਝੀ ਗਈ ।

* ਨਿਰੰਗ ਰੂਪਕਾਲੰਕਾਰ ।

ਚੰਦਨ ਦੁ ਬਲ ਰਹੇ । ਬਲ ਰਹੇ ਮੱਛ ਕੱਛ ਮਾਸ ਨੂੰ
ਨਿਗਲ ਰਹੇ ਕੋਈ ਮਾਰ ਡਲ ਰਹੇ ਬਗਲੇ ਅਚੱਲ
ਰਹੇ । ਚੱਲ ਰਹੇ ਗੁਰ ਦਰਯਾਵ ਕਵਿ 'ਕੇਹਰਿ' ਸੁ
ਦੇਵੀਏ ਅਸੀਸ ਛਬਿ ਦਸਦਾ ਹੀ ਅਟੱਲ ਰਹੇ ॥੧੩੭॥

ਸੂਚਨਾ - ਇਹ ੩੧ ਵਰਣਾਂ ਦਾ ਭੀ ਹੁੰਦਾ ਹੈ । ਇਹਦਾ ਨਾਉਂ ਸਿੰਘਾ ਵਿਲੋਕਨ ਭੀ ਹੈ । ਕਿਉਂਕਿ ਸ਼ੇਰ ਦੇ ਪਿਛੇ ਮੁੜਣ ਵਾਂਗ ਇਹਦੀ (ਪਿਛਲੀ ਤੁਕ ਨੂੰ ਮੋੜਕੇ ਅਗਲੀ ਦੀ ਰਚਨਾ ਕਰਕੇ) ਚਾਲ ਹੈ । ਸ੍ਵੈਯਾ ਆਦਿ ਹਰੇਕ ਛੰਦ 'ਕੇਹਰਿ' ਰੀਤੀ ਦਾ ਹੋ ਸਕਦਾ ਹੈ ।

ਇਨ੍ਹਾਂ ਸਾਰਿਆਂ (ਮਨ ਹਰਣ ਅਤੇ ਰੂਪ ਘਨਾਛਰੀ ਦੇ ਭੇਦਾਂ) ਨੂੰ ਕਬਿੱਤ ਹੀ ਕਹਿੰਦੇ ਹਨ ।

੩੪ ਅੱਖਰਾ

(੮੨) ਵਰਣਕ ਤ੍ਰਿਭੰਗੀ । ਲੱਛਣ

ਅਰਨ ਸ੍ਰੀ ਖੰਡੀ ਛੰਦ :-

'ਸਤਿਗੁਰ ਹਿਰਦੇ ਧਾਰ ਨਗਣਾ ਛੇ ਰਚੀਂ, ਸਗਣ
ਲਿਖੀ ਦੋ ਵਾਰ ਭਗਣ ਟਿਕਾਇਦੇ । ਮਗਣ ਸਗਣ
ਗੁਰੂ ਮੀਤ, ਗੁਰੂ ਸਵਾਰਿਆ । ਇਕ ਪਦ ਧਾਰੀ ਚੀਤ
ਐਸੇ ਚਾਰ ਕਰ " ॥੧੩੮॥

"ਜਾਂ ਲਘੁ ਲਿਖਕੇ ਬੀਸ ਗੁਰ ਲਘੁ ਲਘੁ ਗੁਰੁ ।
ਗੁਰ ਲਿਖ ਲਘੁ ਦੋ ਈਸ ! ਤ੍ਰੈ ਗੁਰੁ ਦੋ ਲਘੁ ।
ਗੁਰੁ ਗੁਰੁ ਧਰ ਚੰਗੀ ਬਣਤ ਬਣਾਇਕੇ ।
ਚਾਰੇ ਪਦਿ ਤ੍ਰਿਭੰਗੀ ਵਰਣਕ ਆਖਿਆ" ॥੧੩੯॥

ਵੰਨਗੀ

ਸਤਿਗੁਰ ਅਰਜਨ ਸਬਦ ਕਟਹ ਅਘ ਮਨ ਸੁਣ ਤੂੰ
ਦਿਲ ਧਾਰੀਂ ਨ ਬਿਸਾਰੀਂ ਨਾਮੁ ਉਚਾਰੀਂ ।ਅਠ ਦਸ
ਨਰਕਨ ਤਰੁ ਸਿਮਰਨ ਕਰਿ ਗੁਰ ਪਗ ਪੈ ਸਿਰ ਵਾਰੀਂ

Sri Satguru Jagjit Singh Ji eLibrary NamdhariElibrary@gmail.com

ਮਦ ਜਾਰੀਂ ਕ੍ਰੋਧ ਨਿਵਾਰੀਂ । ਰਿਖ ਮੁਨ ਭਰਮਤ ਮਰਤ
ਫਿਰਤ ਅਠ ਸਠ ਕਰ ਮੱਜਨ ਅੰਗੀਂ ਮੁਖ ਮੰਗੀਂ ਹੋ
ਗਤਿ ਚੰਗੀ । ਪਰ ਬਿਨ ਸਤਿਗੁਰ ਸਰਨ, ਮਰਨ
ਮਨਮੁਖ ਤਜ 'ਤਾਪ' ਤ੍ਰਿਭੰਗੀ' ਸਭ ਸੰਗੀ ਔ ਅਰ-ਧੰਗੀ ॥੧੪੦॥

* ਅਰਧ ਸਮ ਪ੍ਰਕਰਣ

(੮੩) ਅਰਧ ਸਮ ਦਾ ਬਲ ਹੀਨਾ ਛੰਦ

[SIS, ISS+IIS, SS]

[SIS, ISS+IIS, SS]

ਮਾਨ ਦਾਨ ਦਾਤਾ ।ਬਲ ਹੀਨਾ ਦਾ ।
ਰਾਮ ਸੋਇ ਪਜਾਰੇ । ਭਜਿ ਲੇ ਤਾਰੇ ॥੧੪੧॥

ਬਿਖਮ ਗਤੀ ਦਾ (੮੪) ਗਤੀ ਛੰਦ (ਨਵੀਨ)

[IIII, SIS, SIS+III, ISS, SIS]

[ISS, ISI, SSI+SII, III, ISI]

ਦਰਦ ਟਾਰਨੇ ਹਾਰ ਹੈ । ਕਰਮਗਤੀ ਜੋ ਟਾਰ ਹੈ ।
ਸਦਾ ਨਾਮੁ ਓਸਦਾ ਗਾਉ । ਮੂਢ ! ਸ਼ਰਣ ਵਿਚ ਆਉ ॥੧੪੨॥

॥ਇਤੀ ਵਰਣ ਬ੍ਰਿਤ ॥

---

* ਵਰਣ ਅਰਧ ਸਮ ਅਤੇ ਬਿਖਮ ਛੰਦ ਸੰਸਕ੍ਰਿਤ ਭਾਸ਼ਾ ਵਿਚ ਹੀ ਫਬਦੇ ਹਨ, ਹੋਰਨਾਂ ਬੋਲੀਆਂ ਵਿਚ ਬਹੁਤ ਹੀ ਘੱਟ ਦੇਖੇ ਜਾਂਦੇ ਹਨ ।

Sri Satguru Jagjit Singh Ji eLibrary NamdhariElibrary@gmail.com

## ਸਾਮਾਨਯ ਸਿੱਖਯ

(ਤੁਕ ਭੇਦ) ਦੋਹਿਰਾ।

ਉਤਮ ਮੱਧਮ ਮੰਦ ਤੁਕ ਤਿੰਨ ਭਾਂਤ ਦੀ ਜਾਨ।

ਲੱਛਣ ਸੁਣਕੇ ਸਰਬ ਦੇ ਉਦਾਹਰਣ ਚਿਤ ਠਾਨ ॥੧॥

ਸਭ ਦੇ ਪ੍ਰਕਾਰ ਅਤੇ ਸਮੁੱਧਾ ਲੱਛਣ। ਦੋਹਿਰਾ

ਉਤਮ ਤੁਕ ਸਮਸਰ ਲਖੋ ਬਿਖਮ ਕਸ਼ਟਸਰ ਯੋਗ।

ਅੰਤਮ ਪਦ ਦੇ ਵਰਣ ਸਭ ਕੁਝ ਕੁਝ ਮਿਲਣ ਸੰਜੋਗ ॥੨॥

ਤਿਲਕ – ਤੁਕਾਂਤ ਪਦ ਦੇ ਸਭ ਵਰਣ ਇਕਸਾਰ ਹੋਣ ਤਾਂ ਸਮਸਰ, ਜੇ ਕੁਝ ਕੁਝ ਮਿਲਣ ਤਾਂ ਬਿਖਮ ਸਰ ਅਤੇ ਜੇ ਕੋਈ ਪਦ ਸੰਜੋਗੀ ਅੱਖਰਾਂ ਦਾ ਆ ਮਿਲੇ ਤਾਂ ਕਸ਼ਟਵਰ।

ਸਮਸਰ ਦਾ ਉਦਾਹਰਣ ਜਹਾਨ ਪਾਲਿਕਾ ਛੰਦ।

ਮਹਾਂ ਮੁਬਾਰਿਕਾ। ਕ੍ਰਿਪਾਨ ਧਾਰਿਕਾ। ਅਨੰਦ ਕਾਰਿਕਾ।

ਸਮੁੰਦ ਤਾਰਿਕਾ ॥੩॥

ਤਿਲਕ – ਕਾਰਕਾ ਅਤੇ ਤਾਰਕਾ ਦੇ ਵਰਣ ਇਕਸਾਰ ਹਨ ॥

ਬਿਖਮ ਸਰ, ਵੰਨਗੀ। ਸੋਹਾਗ ਛੰਦ।

ਚੰਦ ਸੁਹਾਵੀ ਛਬਰੀ। ਰਾਂਤਿ ਰਿ! ਸੋਹਾਗਭਰੀ ॥੪॥

ਤਿਲਕ – ਇਸ ਵਿਚਲੇ "ਛਬਰੀ" ਦੇ ਵਰਣਾਂ ਦੀ "ਭਰੀ" ਇਨ੍ਹਾਂ ਵਰਣਾਂ ਨਾਲ ਸੰਮਤਾ ਨਹੀਂ ਜੇ "ਗਭਰੀ" ਇਨ੍ਹਾਂ ਦੀ ਸੰਮਤਾ ਮੰਨੀਏ ਤਾਂ "ਗਭਰੀ" ਨਿਰੱਰਥਕ ਹੁੰਦਾ ਹੈ, ਇਸ ਲਈ "ਛਬਰੀ" ਅਤੇ "ਭਰੀ" ਦੀ ਬਿਖਮਤਾ ਹੋਣ ਕਰਕੇ ਬਿਖਮਸਰ।

Sri Satguru Jagjit Singh Ji eLibrary NamdhariElibrary@gmail.com

ਕਸ਼ਟਸਰ ਵੰਨਗੀ

ਦੋਹਿਰਾ

ਕੇਹਰਿ ਸੱਚੇ ਕਲਪਤਰੁ ਸਤਿਗੁਰ ਨਾਨਕ ਮਾਨ ।
ਅਰਥ ਕਾਮ ਅਰੁ ਧਰਨ ਦੇ ਅੰਤੇ ਕਰਨ ਕਲਜਾਨ ।।੫।।

ਤਿਲਕ – 'ਕਲਜਾਨ' ਸ਼ਬਦ ਬਿਸ਼ੇਸ਼ ਪ੍ਰੀਸ਼ਮ੍ਰ ਨਾਲ ਪੜ੍ਹਿਆ ਗਿਆ, ਇਸ ਲਈ ਕਸ਼ਟਸਰ ।

ਮੱਧਮ ਅਤੇ ਸਾਧਾਰਣ ਤੁਕ ਦਾ ਲੱਛਣ । ਦੋਹਿਰਾ

ਕੇਵਲ ਮਿਲਣ ਪਦਾਂਤ ਸ੍ਵਰ ਮੱਧਮ ਸੋਇ ਪਛਾਨ ।
ਹਲ ਮਿਲ ਮੱਤਾ ਮਿਲਣ ਨਾ ਉਹ ਸਾਧਾਰਣ ਜਾਨ ।।੬।।

ਮੱਧਮ ਦੀ ਵੰਨਗੀ । ਮਾਣਕ ਛੰਦ

ਸ੍ਰੀ ਗੁਰ ਦੇਖ ਕਰੇ ਨ੍ਰਿਪ ਕੇਹਰਿ ਦੇਖ ਤੁਰੰਗ ਸੰਦੇਹ
ਰਹਾ ਫਿਰ । ਦੇਖ ਪ੍ਰਕਾਸ਼ ਕਹੇ ਫਿਰ ਸੂਰਜ ਬਿੱਚ
ਆਕਾਸ ਖੜਾ ਸਵਿਤਾ ਪਰ ।।੭।।

ਤਿਲਕ – ਇਹਨਾਂ ਦੇ "ਫਿਰ" ਅਤੇ "ਪਰ" ਦੇ ਅੰਤਮ ਸ੍ਵਰ (ਰ ਵਿਚ ਅ) ਅਥਵਾ ਅੰਤਮ ਹਲ ਸਹਿਤ ਸ੍ਵਰ ਮਿਲਣ ਕਰਕੇ ਮੱਧਮ ਹੈ ।

ਸਾਧਾਰਣ ਦੀ ਵੰਨਗੀ । ਦੋਹਿਰਾ

ਨਿਗੁਰੇ ਮੂਲ ਨ ਜਾਣਦੇ ਪ੍ਰਗਟ ਗੁਰਾਂ ਦਾ ਭੇਤ ।
ਨਹੀਂ ਤਿਨ੍ਹਾਂ ਦੀ ਅੱਖੀਆਂ ਇਸ ਵਿਚ ਏਹੀ ਹੇਤੁ ।।੮।।

ਤਿਲਕ – ਇਸ ਵਿਚ "ਭੇਤ" ਅਤੇ "ਹੇਤੁ" ਇਹਨਾਂ ਦੇ ਅੰਤ ਦੀਆਂ ਮਾਤਰਾਂ(ਮੁਕਤਾ ਅਰੁ ਔਂਕੜ) ਨ ਮਿਲਣ ਕਰਕੇ ਸਾਧਾਰਣ ।

ਗਤੀ ਭੇਦ । ਦੋਹਿਰਾ

'ਕੇਹਰਿ' ਹੋਇ ਪਦਾਂਤ ਦੀ ਤਿੰਨ ਭਾਂਤ ਦੀ ਚਾਲ ।
ਜਾਨ ਵੀਪਸਾ ਯਾਮਕੀ ਹੋਰ ਲਾਟਯਾ ਭਾਲ ।।੯।।

Sri Satguru Jagjit Singh Ji eLibrary NamdhariElibrary@gmail.com

ਵੀਪਸਾ ਵੰਨਗੀ। ਕਬਿੱਤ

ਜਾਣਹਾਰ ਦੇਹ ਤਾਈਂ ਮੰਨਦਾ ਅਜਾਨ ਨਿੱਤ, ਕਰੇਂ ਉਧ ਮੂਲ ਜੱਗ ਦਿਨੇ ਰਾਤ ਸੋਚ ਸੋਚ। ਹੋਵੇ ਜੇ ਨਿਰਾਦਰੀ ਘੁਲਣ ਨੂੰ ਤਿਆਰ ਹੋਵੇਂ ਪੰਗ ਨ ਲਗਣ ਦੇਵੇਂ ਰਖੇਂ ਠੀਕ ਬੋਚ ਬੋਚ। ਦੁੱਖ ਭੁੱਖ ਦੀਨਤਾ ਕਲੇਸ਼ ਤੇ ਥਕਾਨ ਸਹੇਂ ਲੋਕ ਪਰਲਕਿ ਕੇਰੇ ਭੋਗ ਮਨ ਲੋਚ ਲੋਚ। ਫੁੱਟਣਾ ਫੜਕ ਡਾਢਾ ਔਧ ਤੇ 'ਕਹਰਿ' ਕਵਿ, ਰੱਖੀਏ ਕਰੋੜ ਵਾਰ ਭਾਵੇਂ ਏਸ ਪੋਚ ਪੋਚ ॥੧੦॥

ਤਿਲਕ - "ਸੋਚ ਸੋਚ" ਆਦਿ ਸ਼ਬਦਾਂ ਦੇ ਦੋ ਦੋ ਵਾਰ ਅਤੀ ਆਦਿਰ ਨਾਲ ਔਣ ਕਰਕੇ ਵੀਪਸਾ।

ਯਾਮਕੀ ਉਦਾਹਰਣ, ਦੋਹਿਰਾ

ਸ਼ੋਕ ਹਰਣ ਸਭ ਦੇਹਿ ਦੇ ਜੀਵਣ ਦਾਤੇ ਜਾਨ।
ਕੇਹਰਿ ਸ੍ਰੀ ਦਸਮੇਸ਼ ਨੂੰ ਤਨ ਮਨ ਅਰਪੋ ਜਾਨ * ॥੧੧॥

ਲਾਟਯਾ, ਵੰਨਗੀ। ਵਿਸ਼ਨੂੰ ਛੰਦ

ਸ੍ਰੀ ਗੁਰੂ ਨਾਨਕ ਮਾਨ ** ਹੈਂ ਮੇਰੇ। ਸ੍ਰੀ ਗੁਰੂ ਨਾਨਕ
ਪ੍ਰਾਣ ਹੈਂ ਮੇਰੇ। ਸ੍ਰੀ ਗੁਰੂ ਨਾਨਕ ਤਾਣ ਹੈਂ ਮੇਰੇ। ਸ੍ਰੀ
ਗੁਰੂ ਨਾਨਕ ਧਯਾਨ ਹੈਂ ਮੇਰੇ ॥੧੨॥

ਪਿੰਗਲ ਦੋਸ਼। ਦੋਹਿਰਾ

ਲਯ ਵਿਰਾਮ ਦੀ ਬਿਖਮਤਾ ਗਣ ਅਰ ਵਰਣ ਵਿਰੁੱਧ।
ਵਾਧ ਘਾਟ ਮਤ ਵਰਣ ਦੀ ਛੰਦਾਂ ਕਰਨ ਅਸ਼ੁੱਧ ॥੧੩॥

ਦੋਹਿਰਾ

'ਕੇਹਰਿ' ਦੋਸ਼ ਨਵਿਰਤ ਕਰਿ ਦੇਇ ਗੁਣਾਂ ਦੀ ਗੰਢ।
ਕਵਿ ਜਨ! ਰਚਾਏ ਕਾਵਯ ਇਉਂ ਮਹਿਮਾ ਹੋਇ ਅਖੰਡ ॥੧੪॥

---

* ਜਾਨ ਦੇ ਅਰਥ ਦੋ ਹੋਣ ਕਰਕੇ ਯਾਮਕੀ।

** ਇਹਨਾਂ ਤੁਕਾਂ ਵਿਚ "ਹੈਂ" ਨੂੰ ਲਘੂ ਪੜ੍ਹਨਾ।

ਸਮਾਪਤੀ। ਦੋਹਿਰਾ

ਮਾਤ੍ਰਿਕ ਵਰਣਕ ਸਭ ਪ੍ਰਤਜਯ, ਕਹੇ ਸਹਿਤ ਵਿਸਤਾਰ ।
ਫੇਰ ਉਨ੍ਹਾਂ ਲਾਵਨਜਤਾ, ਕਰੀ ਨਵੀਨ ਵਿਚਾਰ ॥੧੫॥

ਦੋਹਿਰਾ

ਕਵੀ ਇਨ੍ਹਾਂ ਦੇ ਆਸਰੇ ਰਚੇ ਲੁੜੀਂਦਾ ਛੰਦ ।
ਜੋ ਬੋਲੇ ਸੋ ਛੰਦ ਹੈ ਕੌਣ ਸਕੇ ਕਰਿ ਬੰਦ ॥੧੬॥

ਫੇਰ-ਦੋਹਿਰਾ

ਰੋਚਕ ਅਤੇ ਪ੍ਰਸਿੱਧ ਜੋ, ਕੁੱਝ ਨਵੀਨ ਉਚਾਰ ।
ਮਾਤ੍ਰਿਕ ਵਰਣਕ ਛੰਦ ਏ, ਕਹੇ ਸੰਖੇਪ ਪ੍ਰਕਾਰ ॥੧੭॥

ਦੋਹਿਰਾ

ਕਾਵਜ ਕਾਮਣੀ ਮਾਨਿਏ ਪਿੰਗਲ ਓਸ ਸਰੀਰ ॥
ਅਲੰਕਾਰ ਰਸ ਵਜੰਗ ਗੁਣ ਭੂਸ਼ਣ ਜਾਣ ਸੁਧੀਰ ॥੧੮॥

ਦੋਹਿਰਾ

ਬਣਿਆ ਪਿੰਗਲ ਕਾਰਞਾ ਪ੍ਰਾਣ ਰਹਿਣ ਦੇ ਠੀਕ ।
ਹੁਣ ਜੀਵਨ ਸਾਹਿਤਜ ਦੀ ਕਵਿ ਜਨ ਕਰੋ ਉਡੀਕ ॥੧੯॥

ਵਿਨਜ। ਦੋਹਿਰਾ

ਹੋਇ ਜੁ ਭੰਗ ਪ੍ਰਕਰਣ ਰਸ, ਉਕਤੀ ਯੁਕਤਿ ਸਮਾਜ ।
ਭੁਲਣਹਾਰਾ ਜੀਵ ਲਖਿ ਕਰੋ ਖਿਮਾ ਕਵਿ ਰਾਜ ॥੨੦॥

ਸੰਮਤ। ਦੋਹਿਰਾ

ਅਧਿਕ ਚੁਤਾਲੀ ਚਾਰ ਸੈ ਭਾਦ੍ਰੋਂ ਇਕ ਪਰਵਿਸ਼ਟ ।
ਗੁਰੂ ਕਾਵਜ ਦਰਸ਼ਨ ਕਰਾ, ਸਿਮਰਿ ਗੁਰੂ ਗੁਰੂ ਇਸ਼ਟ ॥੨੧॥

॥ ਸੰਪੂਰਣ ॥

Sri Satguru Jagjit Singh Ji eLibrary NamdhariElibrary@gmail.com

# 'ਕਾਵਯ ਲੱਛਣ ਪਰ ਵਿਚਾਰ'

ਜਿਸ ਅਲੌਕਿਕ ਵਸਤੂ ਨੂੰ ਭਾਰਤ ਵਰਸ਼ ਦੇ ਵਿਦ੍ਵਾਨਾਂ ਨੇ ਚੌਹਟ ਕਲਾ ਵਿਚੋਂ ਪ੍ਰਧਾਨ ਮੰਨਿਆ ਹੈ ਅਤੇ ਜਿਸ ਨੂੰ ਹਰੇਕ ਜੜ੍ਹ ਚੇਤਨ ਹਸਤੀ ਅਪਣੀ ਪ੍ਰਾਕ੍ਰਿਤਕ ਸੁੰਦਰਤਾ ਅਤੇ ਅਪ੍ਰਾਕ੍ਰਿਤ ਲਾਵਨਯਤਾ ਦੁਆਰਾ ਸ੍ਵਤੇ ਅਤੇ ਇਕ ਰਸ ਪ੍ਰਗਟ ਕਰ ਰਹੀ ਹੈ। ਜਿਸਨੂੰ ਹਰੇਕ ਮਨੁੱਖ ਪਸ਼ੂ ਪੰਖੀ ਜੀਵ ਮਾਤ੍ਰ ਰਤੀ ਰੰਗ ਵਿਚ ਮਸਤ ਹੋਇਆ ਇਕ ਚਿੱਤ ਅਵਸਥਾ ਅੰਦਰ ਮਨੋਹਰ ਸ਼ਬਦ ਦੁਆਰਾ ਗਾਇਨ ਕਰਕੇ ਸਿਰਜਣਹਾਰ ਦੀ ਅਪਾਰ ਕ੍ਰਿਪਾ ਅਤੇ ਚਮਿਤਕਾਰ ਦਾ ਅਦੁਤੀ ਪਰਚਯ ਦਿਖਾ ਰਿਹਾ ਹੈ। ਜਿਸਦੇ ਮਨਮੋਹਣੇ ਨਾਦ ਨੂੰ ਸੁਣਕੇ ਮ੍ਰਿਗ ਸਾਰਖੇ ਅਪਣੇ ਪ੍ਰਾਣਾਂ ਦੀ ਅਹੂਤੀ ਦੇਣ ਨੂੰ ਤਿਆਰ ਹੋ ਜਾਂਦੇ ਹਨ। ਜਿਸਦੇ ਕੌਤੂਹਲ ਭਰੇ ਸ਼ਬਦ ਨੂੰ ਸ੍ਰਵਣ ਕਰਕੇ (ਕਿਸੇ ਕਵਿ ਦੇ ਕਥਨ ਅਨੁਸਾਰ) ਰਸਿਕ ਜਨ ਅਪਣੀ ਪ੍ਰਿਆ ਦੇ ਅਧਰਾਮ੍ਰਿਤ ਦਾ ਸੁਆਦ ਭੁੱਲ ਜਾਂਦੇ ਹਨ। ਜਿਸਦੇ ਇਕ ਕਿਣਕਾ ਮਾਤ੍ਰ ਪ੍ਰਸਾਦ ਦੇ ਆਸ੍ਵਾਦਨ ਪਰ ਮਹਾਰਾਜਾਧਿਰਾਜ ਅਪਨੇ ਸ੍ਰੀ ਰਤਨਾਂ ਨੂੰ ਤੁਛ ਸਮਝਕੇ ਇਕ ਦਮ ਸਦਾ ਲਈ ਤਿਲਾਂਜਲੀ ਦੇ ਗਏ। ਜਿਸਦਾ ਕੀਰਤਨ ਸ੍ਰੀ ਭਰਤਰੀ ਹਰੀ ਨੇ ਅਜ ਤੋਂ 2000 ਬਰਸ ਪਹਿਲਾਂ ਇਉਂ ਕੀਤਾ ਸੀ- "ਸਾਹਿਤਯ ਸੰਗੀਤ ਕਲਾ ਵਿਹੀਨ: ਸਾਕਸ਼ਾਤ ਪਸ਼ੂ ਪੁੱਛ ਵਿਸ਼ਾਣਹੀਨ:" ਅਰਥਾਤ ਸਾਹਿਤਯ (ਕਾਵਯ) ਅਤੇ ਸੰਗੀਤ ਵਿਦਿਆ ਦੀ ਕਲਾ ਤੋਂ ਅਣਜਾਣ ਪੁਰਖ ਪੂਛ ਤੇ ਸਿੰਗਾਂ ਬਾਹਰਾ ਸਚ ਮੁਚ ਪਸ਼ੂ ਹੀ ਹੈ। ਜਿਸਦੀ ਮਹਿਮਾ "ਕਾਵਯ ਪ੍ਰਕਾਸ਼" ਦੇ ਕਰਤਾ 'ਮੱਮਟਾਚਾਰਯ "ਨਿਯਤੀ ਕ੍ਰਿਤ ਨਿਯਮ ਰਹਿਤਾਂ........" ਦੁਆਰਾ ਪਰਮੇਸ਼੍ਵਰ ਦੇ ਸ੍ਰਿਸ਼ਟੀ ਨਿਯਮ ਤੋਂ ਸ੍ਵਤੰਤਰ ਹੋਕੇ ਵਿਲਛਣ ਹੀ ਸ੍ਰਿਸ਼ਟੀ ਰਚਣਹਾਰੀ ਕਹਿਕੇ ਦਸਦੇ ਹਨ ਅਤੇ ਅੱਗੇ ਇਉਂ ਲਿਖਦੇ ਹਨ--"ਕਾਵਯੰ ਯਸ਼ਸੇ ਅਰਥੇ ਕ੍ਰਿਤੇ ਵਯਵਹਾਰ ਵਿਦੇ ਸ਼ਿਵੇਤਰ ਕਸ਼ਤਯੇ। ਸਦਯ: ਪਰਿਨਿਰਵਿਰਤਯੇ ਕਾਂਤਾ ਸੰਮਤੀਤਯੋਪਦੇਸ਼ ਯੁਜੇ।" ਅਰਥਾਤ ਕਾਵਯ ਤੋਂ ਅਮਿੱਤ ਜਸ, ਬਿਉਹਾਰ ਗਿਆਨ ਅਤੇ ਰੋਗਾਂ ਦਾ ਭੀ ਨਾਸ਼ ਹੁੰਦਾ ਹੈ ਅਤੇ ਇਹ (ਕਾਵਯ) ਮੋਹਣੀ ਦੇ ਭਾਂਤ ਉਪਦੇਸ਼ ਕਰਨ ਵਿਚ ਸਮ੍ਰਥ ਹੁੰਦੀ ਹੈ ਅਤੇ ਜਿਸ ਦੀ ਅਪੂਰਬਤਾ ਦਿਖਾਉਣ ਦੀ ਆਚਾਰਯ ਦੰਡੀ ਨੇ "ਕਾਵਯਾਦਰਸ਼" ਵਿਚ ਇਤੀ ਕਰ ਦਿਤੀ ਹੈ। ਅਰਥਾਤ ਉਹ ਲਿਖਦੇ ਹਨ ਕਿ ਜੇਕਰ ਅਲੌਕਿਕ ਸ਼ਬਦ ਕਾਵਯ ਰੂਪ ਵਿਚ ਪ੍ਰਗਟ ਨਾ ਹੁੰਦਾ ਤਾਂ ਇਹ ਜਗਤ ਅੰਧਾ ਅਥਵਾ ਜੜ ਹੀ ਰਹਿ ਜਾਂਦਾ ਅਤੇ ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁਖਮਾਤ੍ਰ ਦੇ ਹਿਰਦਿਆਂ ਵਿਚ ਅਧਿਆਤਮ ਗਿਆਨ ਦਾ

ਸੰਚਾਰ ਕਰਨ ਲਈ ਅਪਣਾ ਮੁਖ ਮਾਧਮ ਅਰਥਾਤ ਮਾਮੂਲ ਬਣਾਇਆ। ਐਸੇ ਲੋੜੀਂਦੇ 'ਕਾਵਯ ਪਦਾਰਥ' ਦੇ ਲੱਛਣ, ਲੱਖ, ਲਛਤਾ ਆਦਿ ਦੀ ਵਿਚਾਰ ਕਰਨੀ ਬੁਧੀਮਾਨਾਂ ਦਾ ਪਹਿਲਾ ਕਰਤਵਯ ਹੈ।

ਪੰਜਾਬੀ ਦੇ ਰਸਾਲਿਆਂ ਅਤੇ ਪੁਸਤਕਾਂ ਵਿਚ ਕਈ ਵਾਰ 'ਕਾਵਯ ਲੱਛਣ' ਤੇ ਵਿਚਾਰਾਂ ਛਪਦੀਆਂ ਰਹਿੰਦੀਆਂ ਹਨ। ਉਹ ਸਾਰੀਆਂ ਦੀ ਸਾਰੀਆਂ ਭ੍ਰਾਂਤੀਮੂਲਕ ਅਤੇ ਨਿਕੰਮੀਆਂ ਹਨ। ਕੋਈ ਲਿਖਦਾ ਹੈ ਕਿ ਕਾਵਯ ਕੇਵਲ ਰਸਾਂ ਨੂੰ ਕਹਿੰਦੇ ਹਨ। ਕੋਈ ਅਲੰਕਾਰਿਕ ਭਾਵਾਂ ਨੂੰ ਹੀ 'ਕਾਵਯ' ਸਮਝਦਾ ਹੈ। ਕੋਈ ਉੱਚੇ ਖਿਆਲ ਅਥਵਾ ਤੁਕ ਬੰਦੀ ਵਿਚ ਆਈ ਹੋਈ ਹਿਰਦੇ ਦੀ ਆਵਾਜ਼ ਨੂੰ ਹੀ ਕਾਵਯ ਦਸਦਾ ਹੈ। ਕਈ ਤਾਂ ਅਜੇਹੀਆਂ ਬੇਤੁਕੀਆਂ ਗੱਪਾਂ ਮਾਰਦੇ ਹਨ ਕਿ ਜਿਨ੍ਹਾਂ ਦੀ ਮਿਸਾਲ ਸੰਸਾਰ ਭਰ ਵਿਚ ਨਹੀਂ ਮਿਲਦੀ। ਸਭ ਤੋਂ ਵਧਕੇ ਇਨ੍ਹਾਂ ਨੂੰ ਇਹ ਭੁਲੇਖਾ ਲਗਾ ਹੋਇਆ ਹੈ ਕਿ ਪਿੰਗਲ ਅਤੇ ਕਾਵਯ ਇਕੋ ਹੀ ਹੈ ਅਤੇ ਗਦਯ (ਵਾਰਤਿਕ) ਕਾਵਯ ਨੂੰ "ਕਾਵਯ" ਹੀ ਨਹੀਂ ਗਿਣਿਆਂ ਜਾਂਦਾ। ਏਥੇ ਹੀ ਬਸ ਨਹੀਂ, ਸਗੋਂ ਪੰਜਾਬੀ ਜ਼ਬਾਨ ਦਾ ਪਿੰਗਲ ਭੀ ਇਹ ਲੋਕ ਖਾਸ ਵਖਰਾ ਸਮਝਦੇ ਹਨ। ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਪਿੰਗਲ ਦੁਨੀਆਂ ਭਰ ਦੀਆਂ ਆਵਾਜ਼ਾਂ ਦੇ ਮਾਨ ਮਿੱਤ ਨੂੰ ਠੀਕ ਠੀਕ ਥਿਰ ਕਹਿ ਸਕਦਾ ਹੈ। ਭਾਵੇਂ ਉਹ ਕਿਸੇ ਭੀ ਬੋਲੀ ਵਿਚ ਹੋਵੇ। ਉਦਾਹਰਣ ਲਈ ਕਲਪੋ-"ਜਾਂ ਉਧਰ" ਇਸ ਵਿਚ ੫ ਮਾਤ੍ਰਾਂ ਹਨ। ਏਸੇ ਤਰਾਂ ਏਸੇ ਬਹਿਰ ਵਿਚ 'ਗੋਦਿਆਰ' (go there) ਅੰਗ੍ਰੇਜ਼ੀ ਭਾਸ਼ਾ ਦੇ ਵਾਕ ਦੀਆਂ ਭੀ ੫ ਹੀ ਮਾਤ੍ਰਾਂ ਹਨ। ਸੋ ਪਿੰਗਲ ਅਨੁਸਾਰ ੫ ਮਾਤ੍ਰਾਂ ਦੇ ੮ ਰੂਪ ਹੋ ਸਕਦੇ ਹਨ, ਭਾਵੇਂ ਉਹ ਅੰਗ੍ਰੇਜ਼ੀ ਭਾਸ਼ਾ ਦੀਆਂ ਹੋਣ ਭਾਵੇਂ ਪੰਜਾਬੀ ਦੀਆਂ ਅਤੇ ਏਸੇ ਤਰਾਂ ਉਕਤ ਵਾਕ ਕਿਸੇ ਛੰਦ ਦਾ ਬੰਦ ਬਣ ਸਕਦਾ ਹੈ। ਭਾਵੇਂ ਕਿਸੇ ਬੋਲੀ ਵਿਚ ਹੋਵੇ। ਪਿੰਗਲ ਦੋਹਾਂ ਲਈ ਇਕੋ ਜਿਹਾ ਕੰਮ ਦਿੰਦਾ ਹੈ। ਮਗਰ ਏਸ ਗਲ ਨੂੰ ਸਾਡੇ ਪੰਜਾਬੀ ਦੇ ਹਰਤਾ ਕਰਤਾ ਕਦ ਮੰਨਦੇ ਹਨ। ਕਿਸੇ ਕੋਲੋਂ ਸਿੱਖਣ ਦੀ ਪਿਰਤ ਪੈਣ ਤੋਂ ਡਰਦੇ ਜੋ ਹੋਏ।

ਪੁਰਾਤਨ ਕਵੀਆਂ ਨੇ ਕਾਵਯ ਲੱਛਣ ਸਮਝਣ ਅਤੇ ਕਥਨ ਕਰਨ ਵਿਚ ਬੜਾ ਪਰਿਸ਼੍ਰਮ ਕੀਤਾ ਹੈ। ਵਿਆਸ ਦੇਵ ਕ੍ਰਿਤ 'ਅਗਨੀ ਪੁਰਾਣ' ਤੋਂ ਲੈਕੇ ਮੁਰਾਰੀਦਾਨ ਰਚਿਤ 'ਜਸਵੰਤ ਜਸੋ ਭੂਸ਼ਣ' ਤਕ ਦੇ ਸਾਹਿਤਯ ਗ੍ਰੰਥਾਂ ਵਿਚ ਆਪੋ ਆਪਣੀ ਪ੍ਰਕ੍ਰਿਆ (System) ਅਨੁਸਾਰ ਇਕ ਦੂਜੇ ਦਾ ਖੰਡਨ ਮੰਡਨ ਕਰਕੇ ਕਾਵਯ ਦਾ ਲੱਛਣ ਨਿਸਚੇ ਕੀਤਾ ਗਿਆ ਹੈ। ਜਿਸ ਨੂੰ ਵਿਚਾਰਕੇ ਸਹਿਰਦ ਸੱਜਨ ਕਾਵਯ ਲੱਛਣ ਸਮਝਣ ਅਤੇ ਕਰਨ ਵਿਚ ਸਮ੍ਰਥ ਹੋ ਜਾਂਦਾ ਹੈ।

ਕਿਸੇ ਇਕ ਵਿਸ਼ੇ ਯਾ ਸ਼ਾਸਤ੍ਰ ਦੀ ਰਚਨਾ 'ਉਸ ਸੰਬੰਧੀ ਹੋਰ ਸ਼ਾਸਤ੍ਰ ਯਾ ਵਿਸ਼ੇ

Sri Satguru Jagjit Singh Ji eLibrary NamdhariElibrary@gmail.com

ਨੂੰ ਜਾਣੇ ਬਿਨਾਂ ਹੋ ਨਹੀਂ ਸਕਦੀ। ਜੈਸੇ ਵਿਆਕਰਣ ਤੋਂ ਜਾਣੂ ਹੋਏ ਬਿਨਾ ਸਾਹਿਤਯ ਦੀ ਰਚਨਾ ਕਰਨੀ ਅਸੰਭਵ ਹੈ । ਸਾਹਿਤਯ ਬਿਨਾ ਮੀਮਾਂਸਾ ਦਾ ਬੋਧ ਨਹੀਂ ਹੋ ਸਕਦਾ। ਨਿਆਇ ਬਿਨਾ ਕਿਸੇ ਭੀ ਵਿਸ਼ੇ ਦਾ ਲੱਛਣ ਮਾਤ੍ਰ ਨਹੀਂ ਹੋ ਸਕਦਾ। ਪੁਰਾਤਨ ਵਿਦ੍ਵਾਨ ਨਿਆਇ ਆਦਿ ਲੱਛਣ ਗ੍ਰੰਥਾਂ ਵਿਚ ਨਿਪੁਣ ਹੋਕੇ ਹੀ ਹੋਰ ਵਿਸ਼ਿਆਂ ਦੀ ਰਚਨਾ ਕਰਿਆ ਕਰਦੇ ਸਨ। ਪਰੰਤੂ ਅਸਾਡੇ ਮੰਦੇਭਾਗਾਂ ਨੂੰ ਪੰਜਾਬੀ ਗ੍ਰੰਥਾਂ ਅਤੇ ਰਸਾਲਿਆਂ ਦੇ ਲੇਖਕ "ਨਿਆਇ" ਵਿਦਿਆ ਦੇ ਨਾਉਂ ਤੋਂ ਘਬਰਾਉਂਦੇ ਹਨ। ਇਹੋ ਕਾਰਣ ਹੈ ਕਿ ਉਨ੍ਹਾਂ ਦੇ ਕੀਤੇ ਲੱਛਣਾਂ ਵਿਚ "ਅਤਿਵਿਆਪਤੀ" ਆਦਿ ਦੋਸ਼ਾਂ ਦੀ ਤਾਂ ਕਥਾ ਹੀ ਕੀ ਹੈ ? 'ਅਸੰਭਵ' ਦੋਸ਼ ਦੀ ਭੀ ਕਮੀ ਨਹੀਂ। ਜੈਸੇ--ਪੰਜਾਬੀ ਵਿਆਕਰਣ ਦੇ ਕਰਤਾ ਜੀ ਇਕ ਪ੍ਰਸਿੱਧ ਸੱਜਨ ਲਿਖਦੇ ਹਨ--"ਵਿਆਕਰਣ ਉਸ ਪੁਸਤਕ ਦਾ ਨਾਉਂ ਹੈ............।"

ਭਲਾ ਸੋਚਕੇ ਦੇਖੋ ਕਿ ਵਿਆਕਰਣ "ਵਿਦਿਆ" ਹੁੰਦੀ ਹੈ ਯਾ "ਪੁਸਤਕ" ਏਹੋ ਹਾਲ ਕਾਵਯ ਗ੍ਰੰਥਾਂ ਵਿਚਲੇ ਪਦਾਰਥਾਂ ਦੇ ਲੱਛਣ ਦਾ ਹੈ। ਕਈਆਂ ਨੇ 'ਕਾਵਯ' ਯਾ ਉਸਦੇ ਅੰਗਾਂ ਦੇ ਲੱਛਣ ਕਰਨ ਦੀ ਖੇਚਲ ਹੀ ਨਹੀਂ ਕੀਤੀ। ਅਤੇ ਪਦਾਰਥਾਂ ਦੇ ਵਰਗੀ ਕਰਣ ਤੋਂ ਤਾਂ ਸਭ ਦੇ ਸਭ ਅਗਿਆਤ ਹੀ ਦੇਖੇ ਜਾਂਦੇ ਹਨ। ਜਿਸ ਕਰਕੇ ਪਰਸਪਰ ਅਸੰਬੰਧਤ ਪਦਾਰਥਾਂ ਦੇ ਕਥਨਹਾਰ ਹੋਣ ਕਰਕੇ ਉਨ੍ਹਾਂ ਦੇ ਗ੍ਰੰਥ ਮਦਾਰੀ ਦੇ ਥੈਲੇ ਵਾਂਗ ਹੀ ਭਾਸਦੇ ਹਨ। ਇਹ ਸਭ ਘਾਟੇ ਲੱਛਣ ਵਿਦਿਆ ਤੋਂ ਜਾਣੂ ਨਾ ਹੋਣ ਕਰਕੇ ਹੀ ਹਨ। ਇਸ ਲਈ ਕਾਵਯ ਲੱਛਣ ਤੋਂ ਪਹਿਲਾਂ ਪਦਾਰਥ ਮਾਤ੍ਰ ਦੇ ਲੱਛਣ ਦੇ ਲੱਛਣ ਪਰ ਵਿਚਾਰ ਕਰਨੀ ਯੋਗ ਪ੍ਰਤੀਤ ਹੁੰਦੀ ਹੈ। ਜਿਸਤੋਂ ਕਾਵਯ ਲੱਛਣ ਜਾਨਣ ਵਿਚ ਸੌਖ ਹੋ ਜਾਵੇ। ਅਸੀਂ ਭੀ "ਗੁਰੂ ਕਾਵਯ ਦਰਸ਼ਨ" ਝਲਕ ਪਹਿਲੀ ਅਰਥਾਤ ਅਲੰਕਾਰ ਦਰਸ਼ਨ ਵਿੱਚ ਕਾਵਯ ਲੱਛਣ ਅਤੇ ਪ੍ਰਸੰਗ ਅਨੁਸਾਰ ਲੱਛਣ ਦਾ ਲੱਛਣ ਨਿਆਇ ਰੀਤੀ ਦੁਆਰਾ ਪ੍ਰਾਚੀਨ ਕਵੀਆਂ ਵਾਂਗ ਵਿਸਥਾਰ ਨਾਲ ਕੀਤਾ ਹੈ। ਜੋ ਸੱਜਣਾਂ ਦੇ ਮਨੋ ਵਿਨੋਦ ਲਈ ਏਥੇ ਲਿਖਣਾ ਜ਼ਰੂਰੀ ਸਮਝਿਆ ਗਿਆ ਹੈ। ਜਿਸਦੇ ਅਧਿਕਾਰੀ ਨਿਆਇ ਅਤੇ ਸਹਿਤਯ ਵੇਤਾ ਹੀ ਹਨ। ਮਗਰ ਬੁੱਧੀਵਾਨ ਅਤੇ ਸੰਸਕਾਰੀ ਸੱਜਣ ਭੀ ਇਸ ਵਿਚਾਰ ਦੇ ਆਨੰਦ ਤੋਂ ਵਾਂਞੇ ਨਹੀਂ ਰਹਿਣਗੇ। ਨੈਯਾਯਕਾਂ ਨੇ ਲੱਛਣ ਦਾ ਲੱਛਣ ਇਸ ਪ੍ਰਕਾਰ ਕੀਤਾ ਹੈ :-

(੧) "ਅਧਾਰਣ ਧਰਮੋ ਲਕਸ਼ਣਮ" ਅਰਥਾਤ ਜੋ ਕਿਸੇ ਵਸਤੂ ਦਾ ਵਿਸ਼ੇਸ਼ ਧਰਮ ਹੋਵੇ ਉਹ ਲੱਛਣ ਹੈ। ਜੈਸੇ 'ਗੰਧ' ਪ੍ਰਿਥਵੀ ਦਾ ਹੀ ਵਿਸ਼ੇਸ਼ ਗੁਣ ਹੋਣ ਕਰਕੇ ਉਹਦਾ ਲੱਛਣ ਹੈ । ਪਰੰਤੂ ਦੂਜੇ ਕਹਿੰਦੇ ਹਨ ਸਮਵਾਯੀਕਾਰਣਤਾ ਤੋਂ ਬਿਨਾਂ ਅਸਾਧਾਰਣ ਧਰਮ ਦੀ ਸੂਝ ਨ ਹੋਣ ਕਰਕੇ ਉਕਤ ਲੱਛਣ ਤੁੱਛ ਹੈ। ਇਸ ਲਈ--

(੨) "ਸਮਵਾਯੀਕਾਰਣਤਾਵਛਿੰਨਤ੍ਵੰ ਲਕਸ਼ਣਤ੍ਵਮ" । ਜੈਸੇ ਗੰਧ ਦੀ ਸਮਵਾਯੀ ਕਾਰਣਤਾ ਵਾਲਾ ਜੋ ਪ੍ਰਿਥਵੀਤ੍ਵ ਧਰਮ ਸੋਈ ਪ੍ਰਿਥਵੀ ਦਾ ਲਛਣ ਹੈ । ਮਗਰ ਕਈ ਕਹਿੰਦੇ ਹਨ ਕਿ ਜੇ ਗੰਧ ਦਾ ਸਮਵਾਯੀ ਕਾਰਣ ਪ੍ਰਿਥਵੀ ਹੋਵੇ ਤਾਂ ਪੱਥਰ ਵਿਚੋਂ ਭੀ ਗੰਧ ਆਵੇ । ਮਗਰ ਆਉਂਦੀ ਨਹੀਂ । ਇਸ ਲਈ ਉਕਤ ਲੱਛਣ ਅਵਯਾਪਤੀ ਵਾਲਾ ਹੋਣ ਕਰਕੇ ਠੀਕ ਨਹੀਂ ਸੋ

(੩) "ਸਮਵਾਯੀਕਾਰਣਤਾਵਛਿੰਨ ਜਾਤੀਮਤ੍ਵਮ੍" ਇਹ ਲੱਛਣ ਠੀਕ ਹੈ । ਅਰਥਾਤ ਉਕਤ ਪ੍ਰਸੰਗ ਵਿਚ ਗੰਧ ਗੁਣ ਦੀ ਸਮਵਾਯੀ-ਕਾਰਣਤਾ ਦੇ ਨਾਲ ਸਮਾਨ ਦੇਸ਼ ਵਿਚ ਰਹਿਣ ਵਾਲੀ ਜੋ ਪ੍ਰਿਥਵਤ੍ਵ ਜਾਤੀ, ਉਸ ਵਾਲੀ ਪ੍ਰਿਥਵੀ ਹੈ । ਅਰਥਾਤ ਪੱਥਰ ਵੀ ਉਸ ਜਾਤੀ (ਪ੍ਰਿਥਵੀਤ੍ਵ) ਵਿਚੋਂ ਹੈ ਜਿਸਦੇ ਸਮਾਨ ਦੇਸ਼ ਵਿਚ ਗੰਧ ਰਹਿੰਦੀ ਹੈ । ਇਸ ਲਈ ਜਾਤੀ ਘਟਿਤ ਲੱਛਣ ਠੀਕ ਹੈ । ਪਰੰਤੂ ਪਾਨਿਨੀ ਅਨੁਸਾਰੀ ਲਿਖਦੇ ਹਨ ਕਿ ਉਕਤ ਲੱਛਣ ਵਿਚ 'ਸਮਵਾਯੀ ਕਾਰਣਤਾ' ਪ੍ਰਤਿਯੋਗੀ ਨਿਰਪੇਖਕ (ਅਸੰਬੰਧਿਤ) ਹੋਣ ਕਰਕੇ ਧਰਮ ਅਤੇ ਧਰਮੀ ਦੋਹਾਂ ਦੀ ਸਾਂਝੀ ਜਾਣੀ ਜਾਂਦੀ ਹੈ । ਘਟਾਦਿ ਧਰਮੀ ਪਦਾਰਥਾਂ ਦੀ ਸਮਵਾਯੀ ਕਾਰਣਤਾ ਆਖੋ ਤਾਂ ਠੀਕ ਨਹੀਂ । ਕਿਉਂਕਿ ਕੋਈ ਧਰਮੀ ਕਿਸੇ ਧਰਮੀ ਦਾ ਲੱਛਣ ਨਹੀਂ ਬਣ ਸਕਦਾ । ਜੇ ਧਰਮ ਵਿਸ਼ੇਸ਼ ਦੀ ਕਾਰਣਤਾ ਆਖੋ ਤਾਂ ਗਿਆਤ ਧਰਮ ਕਹਿਕੇ ਲੱਛਣ ਕਰਨਾ ਹੀ ਨਿਸਫਲ ਹੈ । ਅਗਿਆਤ ਧਰਮ ਸੰਬੰਧਕ ਲੱਛਣ ਹੀ ਅਸੰਭਵ ਹੈ । ਇਸ ਲਈ

(੪) 'ਨਾਮ ਵਿਉਤਪਤੀਨਿਮਿਤਤ੍ਵੰ ਲਛਣਤ੍ਵਮ੍' । ਅਰਥਾਤ ਜੋ ਨਾਮ ਦੀ ਵਿਉਪੱਤੀ ਦਾ ਕਾਰਣ ਰੂਪ ਧਰਮੀ ਦਾ ਗੁਣ ਹੋਵੇ ਉਹ ਉਸਦਾ ਲੱਛਣ ਹੈ । ਜੈਸੇ 'ਗਊ' ਸ਼ਬਦ ਦੀ ਵਿਉਤਪੱਤੀ 'ਗਛਤੀ ਇਤਿ ਗਊ' (ਗਮ=ਡੋ) ਇਉਂ ਹੈ । ਭਾਵ ਜੋ ਪਸ਼ੂ ਚਲਦਾ ਹੋਵੇ ਉਹ 'ਗਊ' ਹੈ । ਸੋ 'ਗਊ' ਵਿਚ ਜੋ 'ਚਲਣ' ਧਰਮ ਹੈ, ਉਹੀ ਉਸਦੇ ਨਾਮ ਦਾ ਕਾਰਣ ਹੋਣ ਕਰਕੇ ਉਸਦਾ ਲੱਛਣ ਹੈ । ਮਗਰ ਦੂਜੇ ਕਹਿੰਦੇ ਹਨ ਕਿ ਜੇ ਇਹ ਲੱਛਣ ਠੀਕ ਹੁੰਦਾ ਤਾਂ ਗਊ ਦੇ ਖੜੋਨ ਸਮੇਂ ਉਸਨੂੰ ਕੋਈ ਗਊ ਨ ਆਖਦਾ। ਨਾਲੇ ਗਊ ਤੋਂ ਆਦਿ ਲੈਕੇ ਹੋਰ ਪਸ਼ੂ ਭੀ 'ਚੱਲਣ' ਧਰਮ ਵਾਲੇ ਹੋਣ ਕਰਕੇ ਉਹਨਾਂ ਵਿਚ ਅਤਿਵਿਆਪਤੀ ਭੀ ਹੁੰਦੀ ਹੈ ਤਾਂਤੇ

(੫) 'ਨਾਮ ਪ੍ਰਵਿਰਤੀਨਿਮਿਤਤ੍ਵੰ ਲੱਛਣਤ੍ਵਮ੍" ਅਰਥਾਤ ਜਿਸ ਨਿਮਿੱਤਤੇ ਕੋਈ ਨਾਮ ਕਿਸੇ ਨਾਮੀ ਲਈ ਪ੍ਰਵਿਰਤ ਹੋਇਆ ਹੋਵੇ ਓਹੋ ਧਰਮ ਉਸਦਾ ਲੱਛਣ ਹੈ । ਜੈਸੇ ਉਕਤ ਪ੍ਰਸੰਗ ਵਿਚ 'ਗਊ' ਦਾ ਨਾਮ 'ਗਊ' ਇਸ ਲਈ ਪਿਆ ਹੈ ਕਿ ਉਹ ਹੋਰਨਾਂ ਨਾਲੋਂ ਵਿਸ਼ੇਸ਼ ਚਲਦੀ ਹੈ । ਇਸ ਲਈ 'ਵਿਸ਼ੇਸ਼ ਚਲਣਾ' ਰੂਪ ਧਰਮ ਉਕਤ ਨਾਮ ਦਾ ਕਾਰਣ ਹੋਣ ਕਰਕੇ 'ਗਊ' ਦਾ ਲੱਛਣ ਹੈ । ਏਸੇ ਤਰ੍ਹਾਂ ਚਾਲੀਏ (੧੯੪੦ ਵਿ:) ਵਿਚ ਬਹੁਤਾ ਅਕਾਲ ਪੈਣ ਕਰਕੇ 'ਚਾਲੀਆ' ਸ਼ਬਦ ਘਾਟੇ ਦੇ ਅਰਥਾਂ ਵਿਚ ਪ੍ਰਵਿਰਤ ਹੋ ਗਿਆ । ਸੋ ਘਾਟਾ ਉਸ ਸਾਲ ਦਾ ਲੱਛਣ ਬਣ ਗਿਆ ਹੈ । ਪਰੰਤੂ ਨੈਯਾਯਕ ਕਹਿੰਦੇ ਹਨ ਕਿ ਉਕਤ ਲੱਛਣ ਭੀ 'ਅਤਿਵਯਾਪਤੀ' ਦੋਸ਼ ਵਾਲਾ ਹੈ । ਕਿਉਂਕਿ 'ਵਿਸ਼ੇਸ਼ ਚਲਣਾ' ਹੋਰਨਾਂ (ਘੋੜਾ ਆਦਿ) ਪਸ਼ੂਆਂ ਵਿਚ ਭੀ ਹੁੰਦਾ ਹੈ । ਅਤੇ ਅਕਾਲ ਹੋਰਨਾਂ ਸਾਲਾਂ ਵਿਚ ਭੀ ਪਿਆ ਹੈ । ਨਾਲੇ ਉਕਤ ਧਰਮਾਂ ਤੋਂ ਬਿਨਾਂ ਹੋਰ ਧਰਮ ਭੀ ਉਕਤ ਧਰਮੀਆਂ ਵਿਚ ਹੋਣ ਕਰਕੇ ਇਹ ਲੱਛਣ ਤਰਸਥ ਹੀ ਰਹਿ ਜਾਂਦਾ ਹੈ । ਤਾਂਤੇ

(੬) 'ਅਵਛੇਦਕਤਾ ਨਿਮਿਤਤ੍ਵੰ ਲੱਛਣਤ੍ਵਮ' ਅਰਥਾਤ ਜੋ ਧਰਮ ਕਿਸੇ ਵਸਤੂ ਨੂੰ ਹੋਰਨਾਂ ਤੋਂ ਭਿੰਨ-ਭਿੰਨ ਕਰਨ ਹਾਰ ਦਾ ਨਿਮਿਤ ਹੋਵੇ ਉਹ ਲਛਣ ਹੈ । ਜੈਸੇ ਪਹਿਲੇ ਪ੍ਰਸੰਗ ਵਿਚ ਪ੍ਰਿਥਵੀ ਨੂੰ ਹੋਰਨਾਂ ਨਾਲੋਂ ਭਿੰਨ ਕਰਨ ਦਾ ਕਾਰਣ ਉਸਦੀ 'ਗੰਧ' ਹੈ । ਉਸਦਾ ਨਿਰੂਪਣ ਕਰਤਾ 'ਗੰਧ' ਪ੍ਰਿਥਵੀ ਲੱਛਣ ਹੈ । ਪਰੰਤੂ ਕਈਆਂ ਦਾ ਕਥਨ ਹੈ ਕਿ ਇਹ ਲੱਛਣ ਭੀ ਸੰਜੋਗ ਆਦਿ ਸੰਬੰਧ ਤੋਂ ਕਿਤੇ ਰਹਿਣ ਵਾਲੇ ਪਦਾਰਥਾਂ ਵਿਚ ਅਤਿਵਿਆਪਤ ਹੈ । ਅਰਥਾਤ ਜਦੋਂ "ਕਾਉਂ ਵਾਲਾ ਘਰ ਹੈ" ਇਹ ਆਖਿਆ ਜਾਵੇ ਤਾਂ ਉਸ ਸਮੇਂ 'ਕਾਉਂ" ਘਰ ਨੂੰ ਹੋਰਨਾਂ ਤੋਂ ਭਿੰਨ ਕਰਨ ਵਾਲਾ ਹੋਣ ਕਰਕੇ ਉਸਦਾ ਲੱਛਣ ਬਣ ਜਾਂਦਾ ਹੈ । ਮਗਰ ਸਦਾ ਉਸ ਵਿਚ ਨਾ ਰਹਿਣ ਕਰਕੇ ਤਰਸਥ ਹੀ ਹੈ । ਇਸ ਲਈ

(੭) "ਲੱਛਤਾਵ ਛੇਦਕ ਸਮਾਨਾਧਿਕਰਣਤ੍ਵੰ ਲਕਸ਼ਣਤ੍ਵਮ" ਇਹ ਲੱਛਣ ਕਰਨਾ ਚਾਹੀਏ । ਅਰਥਾਤ ਜੋ ਧਰਮ ਲੱਛ ਨੂੰ ਹੋਰਨਾਂ ਤੋਂ ਭਿੰਨ ਕਰਦਾ ਹੋਵੇ, ਉਸ ਦੇ ਨਾਲ ਓਸੇ ਆਸ੍ਰੇ ਵਿਚ ਰਹਿਣ ਵਾਲਾ ਦੂਜਾ ਧਰਮ ਲੱਛ ਦਾ ਲੱਛਣ ਹੁੰਦਾ ਹੈ । ਜੈਸੇ 'ਪ੍ਰਿਥਵੀ' ਵਿਚ ਉਸਦੀ ਲੱਛਤਾ ਨੂੰ ਅੱਡ

Sri Satguru Jagjit Singh Ji eLibrary NamdhariElibrary@gmail.com

ਕਰਨ ਵਾਲਾ ਸਮਾਨ ਦੇਸ਼ (ਅਵਛੇਦਕ) 'ਗੰਧ' ਉਸਦੇ ਨਾਲ ਸਮਾਨ ਦੇਸ਼ (ਪ੍ਰਿਥਵੀ) ਵਿਚ ਰਹਿਣ ਵਾਲਾ ਧਰਮ 'ਗੰਧਵੱਤਾ' ਪ੍ਰਿਥਵੀ ਦਾ ਲੱਛਣ ਹੈ । ਪਰੰਤੂ ਕਈਆਂ ਦੇ ਮਤ ਵਿਚ ਇਹ ਲੱਛਣ ਭੀ 'ਅਤਿਵਿਆਪਤ' ਹੀ ਹੈ । ਅਰਥਾਤ ਜਿਸ ਤਰਾਂ ਪ੍ਰਿਥਵੀ ਰੂਪ ਅਧਿਕਰਣ ਵਿਚ ਪ੍ਰਿਥਵੀਤ੍ਵ ਦੇ ਨਾਲ ਗੰਧ ਰਹਿੰਦਾ ਹੈ ਉਸੇ ਤਰਾਂ ਮ੍ਰਿਤਕਾਤ੍ਵ (ਮਿੱਟੀਪਣਾ) ਆਦਿ ਹੋਰ ਭੀ ਧਰਮ ਰਹਿੰਦੇ ਹਨ । ਉਨ੍ਹਾਂ ਵਿਚ ਉਕਤ ਲੱਛਣ ਦੀ ਅਤਿਵਿਆਪਤੀ ਹੋਵੇਗੀ । ਨਾਲੇ ਘੜੇ ਆਦਿ ਪਦਾਰਥਾਂ ਦਾ ਆਸ੍ਰਾ ਭੀ ਖਾਸ ਸਮੇਂ ਓਹੀ ਪ੍ਰਿਥਵੀ ਹੋ ਸਕਦੀ ਹੈ ਜੋ ਗੰਧਾਦਿ ਦਾ ਹੋਵੇ । ਉਨ੍ਹਾਂ ਤਟਸਥ ਪਦਾਰਥਾਂ ਵਿਚ ਭੀ ਉਕਤ ਲੱਛਣ ਜਾਵੇਗਾ । ਜੇ "ਸਮਵਾਯ ਸੰਬੰਧ ਤੋਂ ਰਹਿਣ ਵਾਲਾ" ਕਹੋ ਤਾਂ ਭੀ ਕਈ ਧਰਮ ਲੱਛਤ ਬਣ ਜਾਣਗੇ । ਜਿਸ ਕਰਕੇ ਕੋਈ ਇਕ ਏਕਾਂਤਿਕ ਲੱਛਣ ਨਾ ਰਹੇਗਾ । ਤਾਂਤੇ

(੮) "ਲਕਸ਼ਤਾਵਛੇਦਕ ਵਿਆਪਕਤ੍ਵੰ ਲੱਛਣਤ੍ਵਮ੍" ਇਹ ਲੱਛਣ ਕਰਨਾ ਯੋਗ ਹੈ । ਅਰਥਾਤ ਲੱਛਤਾ ਦੇ ਨਾਲ ਰਹਿਣ ਵਾਲੇ ਗੰਧਾਦਿ ਧਰਮਾ ਵਿਚੋਂ ਜੇੜ੍ਹਾ ਵਿਆਪਕ ਹੁੰਦਾ ਹੈ ਓਹ ਲੱਛਣ ਹੁੰਦਾ ਹੈ । ਜੈਸੇ 'ਪ੍ਰਿਥਵੀਤ੍ਵਾਦਿ' ਅਨੇਕ ਧਰਮ ਭਾਵੇਂ ਪ੍ਰਿਥਵੀ ਵਿਚ ਓਸੇ ਸੰਬੰਧ (ਸਮਵਾਯ) ਨਾਲ ਸਦਾ ਰਹਿੰਦੇ ਹਨ । ਪਰੰਤੂ ਉਹ ਧਰਮ ਲੱਛਤਾ ਲਈ ਤਾਂ ਪ੍ਰਸਿੱਧ ਹਨ । 'ਲੱਛਤਾਵਛੇਦਕ' ਦੀ ਵਿਆਪਕਤਾ ਲਈ ਅਪ੍ਰਸਿੱਧ ਹਨ ।

ਜੈਸੇ-'ਜਿਥੇ ੨ 'ਗੰਧ' ਹੈ ਓਥੇ ਪ੍ਰਿਥਵੀਤ੍ਵ ਆਦਿ ਜਰੂਰ ਕਿਸੀ ਕਸਤੂਰੀ ਆਦਿ ਪਰ ਪ੍ਰਿਥਵੀਤ੍ਵਾਦਿ' ਦੀ ਵਿਆਸਤੀ 'ਗੰਧ' ਵਿਚ ਪ੍ਰਸਿੱਧ ਨਹੀਂ। ਮਗਰ "ਜਿੱਥੇ ੨ ਪ੍ਰਿਥਵੀਤ੍ਵਾਦਿ ਹਨ ਓਥੇ ੨ ਗੰਧ ਜ਼ਰੂਰ ਹੈ । ਜੈਸੇ ਕੱਚਾ ਪਿਆਲਾ" ਇਥੇ ਗੰਧ ਦੀ ਵਿਆਪਤੀ ਸਭਨੂੰ ਪ੍ਰਸਿੱਧ ਹੋਣ ਕਰਕੇ 'ਗੰਧਵਤਾ' ਪ੍ਰਿਥਵੀ ਦਾ ਲੱਛਣ ਠੀਕ ਹੈ ।

ਕਾਵਯ ਲੱਛਣ ਤੇ ਵਿਚਾਰ

ਪਰੰਤੂ ਇਹ ਲੱਛਣ ਭੀ ਠੀਕ ਨਹੀਂ, ਕਿਉਂਕਿ ਭਾਵੇਂ ਕਿਸੇ ਧਰਮ ਦੀ ਦੂਜੇ ਵਿਚ ਵਿਆਪਤੀ ਪ੍ਰਸਿੱਧ ਹੋਵੇ ਯਾ ਅਪ੍ਰਸਿਧ ਹੋਵੇ, ਹਰ ਸੂਰਤ ਜੋ

Sri Satguru Jagjit Singh Ji eLibrary NamdhariElibrary@gmail.com

ਧਰਮ ਇਕੋ ਅਧਿਕਰਣ ਵਿਚ ਇਕੋ ਸੰਬੰਧ ਨਾਲ ਸਦਾ ਰਹਿੰਦੇ ਹੋਣ, ਉਨ੍ਹਾਂ ਦੀ ਪਰਸਪਰ ਵਿਆਪਤੀ ਜ਼ਰੂਰ ਮੰਨਣੀ ਪੈਂਦੀ ਹੈ। ਇਸ ਲਈ ਉਕਤ ਪ੍ਰਕਾਰ ਤੇ ਲੱਛਣ ਕਰਨ ਨਾਲ 'ਗੰਧ' ਦੂਜੇ ਧਰਮਾਂ ਨਾਲੋਂ ਵਿਆਪਕ ਸਿੱਧ ਨਾ ਹੋਣ ਕਰਕੇ ਉਹ ਪ੍ਰਿਥਵੀ ਦਾ ਲੱਛਣ ਨਹੀਂ ਬਣ ਸਕਦਾ। ਇਸ ਲਈ

(੯) "ਲੱਛਤਾਵ ਛੇਦਕ ਵਿਆਪਕ੍ਰੀ ਭੂਤ ਸਹਜ ਧਰਮਵਤ੍ਰੰ ਲਸ਼ਨਤ੍ਰਮ" ਇਹ ਲਛਣ ਹੀ ਸ਼ੁੱਧ ਹੈ। ਅਰਥਾਤ ਲੱਛਿਤਾਵ ਛੇਦਕ ਦਾ ਵਿਆਪਕ ਧਰਮ ਰੂਪ ਲੱਛ ਦਾ ਸਹਜ ਧਰਮ ਹੀ ਉਸ ਦਾ ਲੱਛਣ ਹੈ। ਜੈਸੇ ਉਕਤ ਪ੍ਰਸੰਗ ਵਿਚ ਪ੍ਰਿਥਵੀ ਦੀ ਲੱਛਿਤਾ 'ਪ੍ਰਿਥਵੀਤ੍ਰ' ਹੈ, ਉਸ ਦਾ ਅਵਛੇਦਕ ਧਰਮ ਗੰਧ ਹੈ। ਉਹ ਦੂਜੇ ਸਮਾਨਾਧਿਕਰ੍ਣ ਧਰਮਾਂ ਨਾਲੋਂ ਇਸ ਲਈ ਵਿਆਪਕ ਹੈ ਕਿ ਉਹ ਪ੍ਰਿਥਵੀ ਦਾ 'ਸਹਜ' ਹੈ। ਅਤੇ ਪ੍ਰਿਥਵੀ ਦੇ ਹੋਰ ਧਰਮ (ਮ੍ਰਿਤਕਾਤ੍ਰ ਆਦਿ) ਉਸ ਦੇ 'ਨਾਸਿਕਾ ਇੰਦ੍ਰਯ' ਆਦਿ ਰੂਪ ਪ੍ਰਿਥਵੀ ਵਿਚ ਨਹੀਂ ਰਹਿੰਦੇ, ਇਸ ਲਈ ਉਨ੍ਹਾਂ ਨਾਲੋਂ 'ਗੰਧ' ਧਰਮ ਮੁਖ ਯਾ ਵਿਆਪਕ ਹੈ। ਤਾਂਤੇ ਅਸਾਡੇ ਮਤ ਅਨੁਸਾਰ ਕਿਸੇ ਧਰਮੀ ਦਾ ਸਹਜ ਧਰਮ ਹੀ ਵਿਆਪਕ ਹੋਣ ਕਰਕੇ ਉਸ ਲੱਛ ਦਾ ਲੱਛਣ ਹੋ ਸਕਦਾ ਹੈ। ਨਾਲੇ ਵਿਆਪਕ ਪਦਾਰਥ ਦੇ ਲੱਛਣ ਵਿਚ ਦਾਰਸ਼ਣਕਾਂ ਦਾ ਪਰਸਪਰ ਵਿਵਾਦ ਹੈ। ਇਸ ਲਈ 'ਵਿਆਪਕੀ ਭੂਤ' ਵਿਸ਼ੇਸ਼ਣ ਦੇ ਵਿਸ਼ੇਸ਼ 'ਸਹਜ ਧਰਮ' ਦੇ ਅੰਗੀਕਾਰ ਕਰਨ ਨਾਲ ਲੱਛਣ ਨਿਰਦੋਸ਼ ਹੈ। ਸੋ ਵਿਆਸ ਰੀਤੀ (Inductive) ਅਨੁਸਾਰ ਲੱਛਣ ਦਾ ਸ੍ਵਰੂਪ 'ਵਿਉਤਪੱਤੀ ਪ੍ਰਵਿਰਤੀ ਨਿਮਿਤਾਵਛਿੰਨ ਲਛਿਤਾਵਛੇਦਕ ਵਿਆਪਕੀ ਭੂਤ ਸਹਜ ਧਰਮਵਤ੍ਰੰ ਲਕਸ਼ਣਤ੍ਰਮੁ' ਇਉਂ ਕਹਿਣਾ ਠੀਕ ਹੈ। ਇਸ ਲਈ ਨਾਮਤਾ ਦੀ ਸਫਲਤਾ ਲਈ 'ਵਿਉਤਪਤੀ' ਪਦ ਦਾ ਗ੍ਰਹਿਣ, ਸ਼ਕਤੀ ਗ੍ਰਹਿ ਵਾਸਤੇ 'ਪ੍ਰਵਿਰਤੀ' ਪਦ ਦਾ ਗ੍ਰਹਿਣ, 'ਲਛਿਤਾਵਛੇਦਕ' ਦਾ ਕਥਨ ਹੋਰਨਾਂ ਤੋਂ ਭਿੰਨ ਕਰਨ ਵਾਸਤੇ ਨਾਮ ਨਿਰਦੇਸ਼ ਲਈ 'ਸਹਜਧਰਮਵੱਤਾ' ਅਤੇ ਉਸ ਦੀ ਮੁਖਤਾ ਲਈ 'ਵਿਆਪਕੀਭੂਤ' ਵਿਸ਼ੇਸ਼ਣ ਸਫਲ ਹੈ। ਪਰੰਤੂ ਲਾਘਵਤਾ ਲਈ (Deductive ਰੀਤੀ ਨਾਲ) 'ਵਸਤੂ ਦਾ ਸਹਜ ਧਰਮ ਹੀ ਲੱਛਣ ਹੈ' ਇਉਂ ਕਥਨ ਕਰਨਾ ਚਾਹੀਏ।

Sri Satguru Jagjit Singh Ji eLibrary NamdhariElibrary@gmail.com

ਕਵਿ ਮੁਰਾਰੀਦਾਨ ਦਾ ਕਥਨ-

ਮਹਾਰਾਜਾ ਜਸਵੰਤ ਸਿੰਘ (ਦੂਜੇ) ਜੋਧਪੁਰ ਦੇ ਕਵਿ ਮੁਰਾਰੀਦਾਨ (ਚਾਰਣ) ਆਪਨੇ ਬਣਾਏ ਹੋਏ "ਜਸਵੰਤ ਜਸੋ ਭੂਸ਼ਣ" ਨਾਮੇ ਭਾਸ਼ਾ ਗ੍ਰੰਥ ਵਿਚ ਭਰਤ ਮੁਨੀ ਤੋਂ ਲੈਕੇ ਮਹਾਰਾਜਾ ਭੋਜ ਤਕ ਦੇ ਸਭ ਆਚਾਰਯਾਂ ਅਤੇ 'ਨਯਯ ਸ਼ਾਸਤ੍ਰ' ਕਾਵਯ ਪ੍ਰਕਾਸ਼, ਸਾਹਿਤਯ ਦਰਪਣ] ਸਰਸ੍ਵਤੀ ਕੰਠਾਭਰਣ ਆਦਿ ਸੰਸਕ੍ਰਿਤ ਗਰੰਥਾਂ ਦੀ ਲੱਛਣ ਪ੍ਰਣਾਲੀ ਦਾ ਖੰਡਨ ਕਰਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਰਾਹਰੋਂ ਸ਼ਬਦ ਲਾਕੇ ਜੋ ਕੋਈ ਭੀ ਲੱਛਣ ਕੀਤਾ ਜਾਂਦਾ ਹੈ, ਉਸ ਵਿਚ 'ਅਤਿਵਿਆਪਤੀ' ਆਦਿ·ਦੋਸ਼ ਪ੍ਰਾਪਤ ਹੁੰਦੇ ਹਨ। ਮਗਰ ਜੇਕਰ ਕਿਸੇ ਨਾਮ ਦਾ ਅਰਥ ਕਰ ਲਈਏ ਤਾਂ ਓਹੋ ਲੱਛਣ ਦਾ ਲੱਛ ਬਣ ਜਾਂਦਾ ਹੈ। ਜੇ ਅਤਿਵਯਾਪਤੀ ਹੁੰਦੀ ਹੋਵੇ ਤਾਂ ਉਸ ਨੂੰ ਯੋਗ ਰੂਢੀ ਨਾਲ ਅਤੇ ਅਵਿਆਪਤੀ ਨੂੰ ਉਪ ਲੱਛਣ ਨਾਲ ਨਵਿਰਤ ਕਰ ਲਈਦਾ ਹੈ। ਜੈਸੇ "ਰੂਪਕ" ਅਲੰਕਾਰ ਦਾ ਲੱਛਣ 'ਰੂਪਕ ਸ੍ਵਾਂਗੇ' ਇਹ ਕੋਸ਼ੀ ਅਰਥ ਲੈਕੇ-

(੧੦) 'ਨਾਮੇਵ ਸ੍ਵਰੂਪ ਲਕਸ਼ਣਮ' ਇਉਂ ਲਛਣ ਕਰਨਾ ਚਾਹੀਏ। ਪਰੰਤੂ ਇਹ ਮਤ ਬਿਲਕੁਲ ਨਿਰਮੂਲ ਹੈ, ਕਿਉਂਕਿ ਲਛਣ ਕਿਸੇ ਲੱਛ ਨੂੰ ਹੋਰਨਾਂ ਤੋਂ ਭਿੰਨ ਕਰਨ ਵਾਲਾ ਧਰਮ ਹੁੰਦਾ ਹੈ ਅਤੇ ਨਾਉਂ ਆਪਣਾ ਹੀ ਪ੍ਰਯਾਯ ਹੁੰਦਾ ਹੈ। ਜੈਸੇ ਘੜਾ ਕੁੰਭ ਦਾ ਪ੍ਰਯਾਯ ਹੋਣ ਕਰਕੇ 'ਕੁੰਭ ਘੜਾ ਹੁੰਦਾ ਹੈ' ਇਸ ਵਾਕ ਤੋਂ ਘੜੇ ਦਾ ਲੱਛਣ ਨਹੀਂ ਜਾਣਿਆ ਜਾਂਦਾ। ਇਸ ਲਈ ਪੂਰਬੋਕਤ ਰੂਪਕ ਦਾ 'ਪ੍ਰਯਾਯ' ਹੀ ਸ੍ਵਾਂਗ ਹੈ, ਨਾਕਿ ਲੱਛਣ। ਰੂਪ ਧਰਮ। ਫੇਰ ਜਦੋਂ 'ਰੂਪਕਾ-ਲੰਕਾਰ' ਦਾ ਲਛਣ ਕਰਨ ਲਗੀਏ ਤਾਂ ਉਪਰੋਂ ਸ਼ਬਦ ਲਾਏ ਬਿਨਾਂ ਇਉਂ ਹੀ ਕਹਿਣਾ ਪਵੇਗਾ ਕਿ ਰੂਪਕਾਲੰਕਾਰ ਸ੍ਵਾਂਗ ਹੁੰਦਾ ਹੈ ਤਾਂ ਕੀ ਆਪ ਰਾਮਚੰਦਰ ਜੀ ਆਦਿਕ ਦੇ ਸ੍ਵਾਂਗ ਨੂੰ 'ਰੂਪਕਾਲੰਕਾਰ' ਮੰਨ ਲਓਗੇ ? ਤਾਂਤੇ ਰੂਪਕ ਪਦ ਦੇ ਕੇਵਲ ਅਰਥ ਮਾਤ੍ਰ ਨੂੰ ਲੱਛਣ ਨਾ ਮੰਨਦੇ ਹੋਏ] ਉਸ ਨੂੰ ਲੱਛ ਠਹਿਰਾਕੇ ਆਪ ਨੂੰ ਉਸਦੀ ਲਛਿਤਾ ਦਾ ਅਵਛੇਦ ਕੋਈ ਧਰਮ ਜ਼ਰੂਰ ਮੰਨਣਾ ਪਵੇਗਾ, ਜਿਸ ਨੂੰ ਅਰਥ ਨਾਲੋਂ ਅਧਿਕ ਪਦਾਂ ਦੁਆਰਾ ਹੀ ਕਥਨ ਕੀਤਾ ਜਾਵੇਗਾ। ਨਹੀਂ, ਅਤਿ ਵਿਆਪਤੀ ਆਦਿ ਦੋਸ਼ਾਂ ਦੀ ਪ੍ਰਾਪਤੀ 'ਰੂਪਕ' ਦੀ ਤਰਾਂ ਬਣੀ ਰਹੇਗੀ। ਜੈਸੇ 'ਪੰਕਜ' ਪਦ ਦਾ ਯੋਗ ਅਰਥ

'ਚਿਕੜ ਤੋਂ ਉਤਪੰਨ ਹੋਇਆ' ਹੈ । ਮਗਰ ਯੋਗ ਰੂਢੀ ਦੁਆਰਾ ਹੋਰ ਪਦਾਰਥ ਛਡਕੇ 'ਕਮਲ' ਮਾਤਰ ਇਸ ਦਾ ਅਰਥ ਲਇਆ ਜਾਂਦਾ ਹੈ। ਏਥੇ ਯੋਗ ਰੂਢੀ ਦਾ ਗ੍ਰਹਿਣ ਲੱਛਣ ਦੇ ਨਿਮਿਤ ਨਹੀਂ, ਕੇਵਲ ਅਰਥ ਗ੍ਰਹਿਣ ਲਈ ਹੈ । ਜੇ ਨਾਮ ਹੀ ਲੱਛਣ ਹੋਵੇ ਤਾਂ "ਪੰਕਜ ਪਦ ਦਾ ਅਰਥ ਕਮਲ ਹੈ" ਇਸ ਦੇ ਥਾਂ "ਕਮਲ ਪਦਾਰਥ ਦਾ ਲੱਛਣ ਪੰਕਜ ਹੈ" ਇਉਂ ਹੀ ਸਭ ਆਖਿਆ ਕਰਨ । ਇਸ ਲਈ "ਨਾਉਂ" ਦੀ ਲੱਛਤਾ ਵਛੇਦਕਤਾ ਸਿਧ ਕਰਨ ਲਈ ਯੋਗ ਰੂਢੀ ਦਾ ਗ੍ਰਹਿਣ ਨਿਸਫਲ ਹੈ । ਏਸੇ ਤਰਾਂ "ਕਾਉਂ ਤੋਂ ਦਹੀਂ ਬਚਾਓ" ਇਸ ਵਿਚ "ਕਾਉਂ" ਦਾ ਵਾਚਯ ਅਰਥ 'ਕਾਂ' ਹੈ । ਮਗਰ 'ਉਪਲਛਣ' ਕਰਕੇ ਬਿੱਲੀ ਆਦਿ (ਦਹੀ ਖਾਣ ਵਾਲੇ) ਅਧਿਕ ਅਰਥ ਭੀ ਲਏ ਜਾਂਦੇ ਹਨ । ਏਥੇ ਭੀ 'ਕਾਉਂ' ਪਦ ਬਿੱਲੀ ਆਦਕ ਦਾ ਉਪਲੱਛਣ ਰੂਪ ਨਾਉਂ ਹੈ ਨਾ ਕਿ ਲੱਛਣ । ਕਿਉਂਕਿ ਇਉਂ ਕੋਈ ਨਹੀਂ ਆਖਦਾ ਕਿ 'ਬਿੱਲੀ ਆਦਿ ਦਾ ਏਥੇ ਕਾਉਂ ਲੱਛਣ ਹੈ' । ਸਭ ਉਪਲੱਛਣ ਆਦ ਹੀ ਆਖਣਗੇ । ਇਸ ਲਈ ਲੱਛਣ ਵਿਛੇਦਕਤਾ ਵਾਸਤੇ ਉਪਲੱਛਣ ਬ੍ਰਿਤੀ ਦਾ ਗ੍ਰਹਿਣ ਭੀ ਸਫਲ ਨਹੀਂ ।

ਹੋਰ ਭੀ ਹੈ-ਕਿਸੇ ਤ੍ਰੀਮਤ ਦਾ ਨਾਉਂ 'ਸਰਸ੍ਵਤੀ' ਹੋਵੇ ਤਾਂ ਸਰਸ੍ਵਤੀ ਨਦੀ ਦਾ ਲੱਛਣ ਅਧਿਕ ਪਦਾਂ ਨੂੰ ਛਡਕੇ ਕੇਵਲ 'ਸਰਸ੍ਵਤੀ' ਨਾਮ ਤੋਂ ਕਰੀਏ ਤਾਂ ਸਰਸ੍ਵਤੀ ਨਾਮ ਵਾਲੀ ਤ੍ਰੀਮਤ ਵਿਚ ਜ਼ਰੂਰ ਅਤਿਵਿਆਪਤੀ ਹੋਵੇਗੀ ਕਿਉਂਕਿ ਕਿਸੇ ਵਿਦਵਾਨ ਤ੍ਰੀਮਤ ਵਿਚ ਭੀ ਸਰਸ੍ਵਤੀ ਦੇ ਗੁਣ ਘਟਣ ਕਰਕੇ 'ਸਰਸ੍ਵਤੀ' ਪਦ ਦੀ ਰੂਢੀ ਦੋਹਾਂ ਵਿਚ ਸਮਾਨ ਹੈ । ਜੇ ਯੋਗ ਸ਼ਕਤੀ ਕਹੋਂ ਤਾਂ ਭੀ ਦੋਹਾਂ ਵਿਚ ਇਕੋ ਪ੍ਰਯੋਜਨ ਘਟ ਸਕਦਾ ਹੈ-ਤਾਂ ਉਸ ਨਾਮ ਵਾਲੀ ਇਸਤਰੀ ਵਿਚ ਮੁੜ ਅਤਿਵਿਆਪਤੀ ਹੋਵੇਗੀ-ਜੇ ਯੋਗ ਰੂਢੀ ਨਾਲ ਕਹੋਂ ਤਾਂ ਸਰਸ੍ਵਤੀ ਨਦੀ ਵਿਚ ਉਕਤ ਪਦ ਦੀ ਪ੍ਰਵਿਰਤੀ ਦਾ ਨਮਿਤ ਨਾਮ ਤੋਂ ਅਧਿਕ ਪਦਾਂ ਨਾਲ ਹੀ ਕਿਹਾ ਜਾਵੇਗਾ ਜੋ 'ਮੁਰਾਰ' ਕਵਿ ਨੂੰ ਇਸ਼ਟ ਨਹੀਂ । ਨਾਲੇ ਜੇਕਰ ਪਰਵਿਰਤੀ ਨਮਿਤ ਭੀ ਦੋਹਾਂ ਦਾ ਸਮਾਨ ਹੋ ਜਾਵੇ ਤਾਂ ਸਰਸ੍ਵਤੀ ਪਦ ਉਸ ਨਾਮ ਦੀ ਇਸਤ੍ਰੀ ਨੂੰ ਛਡਕੇ ਕੇਵਲ ਨਦੀ ਵਿਚ ਕਿਵੇਂ ਰੂਢ ਹੋ ਸਕਦਾ ਹੈ । ਜੇ ਭਲਾ ਮੰਨ ਲਈਏ ਤਾਂ ਇਹੋ ਕਹਿਣਾ ਪਊ ਕਿ ਸਰਸ੍ਵਤੀ ਦਾ ਪ੍ਰਯਾਯ 'ਸਰਸ੍ਵਤੀ ਨਦੀ' ਹੈ ਅਤੇ 'ਨਾਮ ਸਰੂਪ ਲਛਣ ਵਾਦੀ' ਦੇ ਸਿਧਾਂਤਾਨੁਸਾਰ ਸਰਸ੍ਵਤੀ

Sri Satguru Jagjit Singh Ji eLibrary NamdhariElibrary@gmail.com

ਨਦੀ ਦਾ ਇਹੋ ਲਛਣ ਕਰਨਾ 'ਪਵੇਗਾ ਕਿ ਸਰਸ੍ਰਤੀ ਨਦੀ' ਸਰਸ੍ਰਤੀ ਹੈ ਤਾਂ ਜੇ ਵਿਰੋਧੀ ਇਹ ਕਹੇ ਕਿ ਸਰਸ੍ਰਤੀ ਇਸਤ੍ਰੀ ਹੈ ਤਾਂ ਉਕਤ ਲਛਣ ਅਤਿ ਵਿਆਪਤ ਹੋ ਗਿਆ। ਜੇ ਉਹ ਤ੍ਰੀਮਤ ਤੋਂ ਉਕਤ ਨਦੀ ਦਾ ਲਛਨ ਅਡ ਕਰਨ ਲਈ ਕੋਈ ਲਛਿਤਾਵਛੇਦਕ ਧਰਮ ਦਾ ਕਥਨ ਕਰੋ ਤਾਂ ਪਹਿਲੇ ਅਚਾਰਯਾਂ ਦੇ ਮਤ ਵਿਚ ਸਿਧ ਸਾਧਨ (ਗੁਣ) ਹੋ ਜਾਣ ਤੇ ਉਕਤ ਸਿੱਧਾਂਤ ਦਾ ਮੂਲ ਹੀ ਖੰਡਿਤ ਹੋ ਜਾਵੇਗਾ ਅਰਥਾਤ ਉਨ੍ਹਾਂ ਦੇ ਮਤ ਦੀ ਆਪ ਹੀ ਸਿਧੀ ਹੋ ਜਾਵੇਗੀ। ਹੋਰ ਵੀ ਹੈ-ਅਵਛੇਦਕ ਧਰਮ ਉਹ ਹੁੰਦਾ ਹੈ, ਜੋ ਕਿਸੇ ਦੂਜੇ ਧਰਮ ਦੇ ਸਮਾਨ ਦੇਸ਼ ਵਿਚ ਸਦਾ ਰਹਿੰਦਾ ਹੋਵੇ, ਮਗਰ ਕਿਸੇ ਪਦਾਰਥ ਦਾ ਨਾਮ ਬਦਲ ਭੀ ਸਕਦਾ ਹੈ। ਸੋ ਉਹ ਕਿਸੇ ਦਾ ਅਵਛੇਦਕ ਯਾ ਲੱਛਿਤਾ ਵਛੇਦਕ ਹੋਣ ਕਰਕੇ ਕਿਸੇ ਦਾ ਲੱਛਣ ਨਹੀਂ ਬਣ ਸਕਦਾ।

ਜੇ ਕਹੋ ਕਿ ਭਿੰਨ ਪ੍ਰਕਰਣ ਵਿਚ ਕਹੇ ਗਏ ਨਾਮਾਂ ਤੋਂ ਭਿੰਨ ਅਰਥਾਂ ਦੇ 'ਨਿਰਦੇਸ਼' ਹੋਣ ਦਾ ਨਿਯਮ ਕਰਕੇ ਨਦੀ ਦੇ ਪ੍ਰਕਰਣ ਵਿਚ 'ਸਰਸ੍ਰਤੀ' ਸ਼ਬਦ ਦੀ ਅਭਿਧਾ ਬ੍ਰਿਤੀ ਨਦੀ ਵਿਚ ਹੀ ਹੋਵੇਗੀ, ਨ ਕਿ 'ਇਸਤ੍ਰੀ' ਆਦਿ ਵਿਚ। ਇਸ ਤਰਾਂ ਭੀ ਉਕਤ ਪਦ ਤੋਂ ਕਿਸੇ ਵਿਸ਼ੇਸ਼ ਨਦੀ ਦਾ 'ਅਰਥ' ਹੀ ਸਮਝਿਆ ਜਾਵੇਗਾ, ਨਾਕਿ ਉਸ ਦਾ ਲਛਣ, ਕਿਉਂਕਿ ਇਸ ਤਰਾਂ ਮੰਨਣ ਨਾਲ ਲੱਛਣ ਦਾ ਸ੍ਰੂਪ ਇਉਂ ਹੀ ਬਣੇਗਾ ਕਿ 'ਸਰਸ੍ਰਤੀ ਇਕ ਨਦੀ ਹੈ'। ਇਸ ਤੋਂ ਕੋਈ ਲਛਣ ਨਹੀਂ ਜਾਣਿਆ ਗਿਆ। ਨਾਲੇ ਇਉਂ ਮੰਨਣ ਨਾਲ ਕੋਈ ਇਉਂ ਭੀ ਕਹਿ ਸਕਦਾ ਹੈ ਕਿ 'ਸਰਸ੍ਰਤੀ ਇਕ ਇਸਤ੍ਰੀ ਹੈ' ਤਾਂ ਤੁਸੀਂ ਉਸ ਤੋਂ ਆਪ ਦੀ ਨਦੀ ਨੂੰ ਕਿਵੇਂ ਭਿੰਨ ਕਰੋਗੇ? ਜਦ ਕਿ ਕੋਈ 'ਵਿਆਵਰਤਕ' ਧਰਮ ਹੀ ਨਹੀਂ ਅਤੇ ਏਸ ਤਰਾਂ ਇਕੇ ਨਾਮ ਤੋਂ ਭਿੰਨ ੨ ਪ੍ਰਕਰਣ ਵਿਚ ਭਿੰਨ ੨ ਵਿਅਕਤੀਆਂ ਦੇ ਗ੍ਰਹਿਣ ਕਰਨ ਨਾਲ 'ਮਹਾ ਗੌਰਵ' ਦੋਸ਼ ਭੀ ਹੋਵੇਗਾ। ਇਸ ਲਈ ਨਾਮ ਕਿਸੇ ਵਸਤੂ ਦਾ ਕਿਵੇਂ ਭੀ ਲਛਣ ਨਹੀਂ ਬਣ ਸਕਦਾ।

ਹੋਰ ਦੇਖੋ-ਲਛਣ ਦੀ ਵਿਚਾਰ ਲਈ-

ਲਛਣ, ਲਛ, ਲਛਿਤਾ, ਲਛਿਤਾਵਛੇਦਕ ਅਤੇ ਲਛਿਤਾਵਛੇਦਕਤਾ, ਇਹਨਾਂ ਪੰਜ ਪਦਾਰਥਾਂ ਦਾ ਗਿਆਨ ਅਤੇ ਅਰਥ ਦੀ ਵਿਚਾਰ ਲਈ ਵਾਚਕ, ਵਾਚਯ, ਵਾਚਯਤਾ, ਵਾਚਯਤਾਵਛੇਦਕ ਅਤੇ

Sri Satguru Jagjit Singh Ji eLibrary NamdhariElibrary@gmail.com

ਵਾਚਯਤਾਵਛੇਦਕਤ੍ਰ ਦਾ ਗਿਆਨ ਹੋਣਾ ਜ਼ਰੂਰੀ ਹੈ । ਸੋ ਮੁਰਾਰਿ ਕਵਿ ਦੇ ਸਿਧਾਂਤ ਅਨੁਸਾਰ ਕੋਈ ਨਾਮ ਕਿਸੇ ਪਦਾਰਥ ਦਾ 'ਵਾਚਕ' ਹੈ । ਪਦਾਰਥ-ਵਾਚਯ ਹੈ, ਉਸ ਦਾ ਧਰਮ ਵਾਚਯਤਾ ਅਤੇ ਉਸ ਨੂੰ ਨਿਆਰਾ ਕਰਨ ਵਾਲਾ ਵਾਚਯਤਾਵਛੇਦਕ ਤਥਾ ਉਸ ਦੇ ਆਸਰੇ ਉਸ ਦਾ ਧਰਮ 'ਵਾਚਯਤਾ ਵਛੇਦਕਤਾ' ਹੈ, ਨਾਕਿ ਲੱਛਿਤਾ ਦੀ ਅਵੇਛਦਕਤਾ । ਇਸ ਲਈ ਨਾਮ ਦੀ ਨਾਮਤਾ (ਵਾਚਕਤਾ) ਵਾਚਯਤਾ ਵਛੇਦਕ ਧਰਮ ਹੈ, ਜੋ ਕਿ ਵਾਚਯਤਾ ਦੇ ਨਾਲ ਵਾਚਯ ਰੂਪ ਸਮਾਨ ਦੇਸ਼ ਵਿਚ ਰਹਿੰਦਾ ਹੈ। ਪ੍ਰਸੰਗ ਵਿਚ ਲਛਣ ਨੂੰ ਸਿਧ ਕਰਨ ਲਈ ਲਛਤਾਵਛੇਦਕ ਧਰਮ ਦੀ ਪ੍ਰਾਪਤੀ ਚਾਹੀਏ । ਨਾਕਿ ਵਾਚਯ ਭਾਵ ਛੇਦਕ ਦੀ । ਜੇ ਨਾਮ ਤੋਂ ਲੱਛਤਾ ਵਿਛੇਦਕਤਾ ਧਰਮ ਸਿਧ ਹੋ ਜਾਵੇ ਤਾਂ 'ਖੰਡ ਨਾਮ ਲੈਣ ਤੋਂ ਮਿਠਾਸ ਲਭ ਜਾਣੀ ਚਾਹੀਵੀ ਹੈ । ਮਗਰ ਇਹ ਅਸੰਭਵ ਹੈ । ਤਾਂਤੇ ਇਹ ਸਿੱਧ ਹੋਇਆ ਕਿ ਨਾਉਂ ਕਿਸੇ ਵਸਤੂ ਦਾ ਸ੍ਵਰੂਪ ਲੱਛਣ ਨਹੀਂ ਕਿੰਤੂ ਵਸਤੂ ਦਾ ਸਹਿਜ ਸੁਭਾਉ ਹੀ ਉਸ ਲੱਛ ਦੀ ਤੱਤਾ ਦਾ ਅਵਿਛੇਦਕ ਹੋਣ ਕਰਕੇ ਤਤ ੨ (ਉਸ ੨) ਲੱਛ ਦਾ ਲੱਛਣ ਮੰਨਣਾ ਠੀਕ ਹੈ ਅਤੇ ਨਾਮ ਨੂੰ ਹੀ ਲਛਣ ਸਮਝਣਾ ਭਾਰੀ ਭੁਲ ਹੈ । ਤਾਂਤੇ ਮੁਰਾਰੀ ਦਾਨ ਨੇ ਆਪਣੇ ਗ੍ਰੰਥ-ਜਸਵੰਤ ਜਸੋ ਭੂਸ਼ਣ ਜੋ ਹੇਠ ਲਿਖੇ ਦੋਹੇ ਦੁਆਰਾ ਬੜੇ ਘੁਮੰਡ ਨਾਲ ਪ੍ਰਾਚੀਨਾਂ ਦੇ ਕੀਤੇ ਲਛਣਾਂ ਦਾ ਖੰਡਨ ਕੀਤਾ ਹੈ ਅਤੇ ਵਿਸ਼ੇਸ਼ ਕਰਕੇ ਧਾਰਾ ਧੀਸ਼ ਅਰਥਾਤ ਰਾਜ ਭੋਜ ਉਤੇ ਕਟਾਖਸ਼ ਕੀਤਾ ਹੈ ਉਹ ਬਿਲਕੁਲ ਨਿਰਮੂਲ ਸਾਬਤ ਹੋ ਗਿਆ-ਸੋ 'ਭੋਜ ਸਮਯ ਨਿਕਸੀ ਨਹੀਂ ਭਰਤਾਦਿਕ ਭੀ ਭੂਲ । ਵਹ ਨਿਕਸੀ ਜਸਵੰਤ ਸਮੈ ਬਡੋ ਭਾਗ ਅਨਕੂਲ ।। ਏਸ ਦੇ ਉਤਰ ਵਿਚ ਇਉਂ ਦੋਹੇ ਪੜ੍ਹਨੇ ਠੀਕ ਹਨ :-

ਦੋ:- ਭੋਜ* ਪ੍ਰਮਾਰਕੀ ਬੰਸ ਮੈਂ ਸੇਖੋਂ ਕੁਲ ਕੀ ਅੰਸ । 'ਕੇਹਰਿ' ਕਵਿ ਨਿਰਣੈ ਕਰੀ ਤੁਮਰੀ ਭੂਲ ਸਰਬੰਸ ।।੧।।

ਭੋਜ ਰਾਜ ਕੇ ਬਚਨ ਕੋ ਜਾਨ ਸਹੀ ਅਰੁ ਮੂਲ । ਵਹੀ ਬਾਤ ਸਿਗਰੀ ਕਹੀ ਬਡੋ ਭਾਗ ਅਨੁਕੂਲ ।।੨।।

ਪਿਤਾ ਪੁਰਖਿ ਸੰਧੰਧ ਤੇ ਜੋ ਕਾਰਯ ਸੋ ਮੂਲ । 'ਕੇਹਰਿ' ਭੋਜ ਸ੍ਵਰੂਪ ਇਕ ਬਡੋ ਭਾਗ ਅਨੁਕੂਲ ।।੩।।

Sri Satguru Jagjit Singh Ji eLibrary NamdhariElibrary@gmail.com

ਕੋਵਿਦ ਸੁਕਵਿ ਸਮਾਜ ਨੇ ਕਰੀ ਜੋ ਭੂਲ ਕਬੂਲ । ਟਰੀ ਭੋਜ ਕੀ ਬੰਸ ਤੇ ਬਡੋ ਭਾਗ ਅਨੁਕੂਲ ॥੪॥

ਮਦ ਗਜ ਅਤੀ ਪ੍ਰਸਿਧ ਹੈ ਦਾਨ ਵਾਰਿ ਅਤਿ ਤੂਲ । ਪ੍ਰਗਟੀ ਦਾਨ ਸੁਗੰਧ ਵਹਿ ਬਡੋ ਭਾਗ ਅਨੁਕੂਲ ॥੫॥

ਖਚੀ ਖਾਂਡ ਬੀ ਰੇਤ ਮੈ ਦ੍ਰਿਸਟਿ ਮੁਰਾਰਿ ਸਥੂਲ । 'ਕੇਹਰਿ' ਚੀਟੀ ਹ੍ਵੈ ਚੁਗੀ ਬਡੋ ਭਾਗ ਅਨੁਕੂਲ ॥੬॥

ਕਹਿ ਜਸਵੰਤ ਮੁਰਾਰਿ ਕਹਿ ਕਰੀ ਭਰਤ ਜਬ ਭੂਲ । ਡਰੀਂ ਭੋਜ ਕੀ ਅੰਸ ਤੇ ਬਡੋ ਭਾਗ ਅਨੁਕੂਲ ॥੭॥

ਇਸ ਪ੍ਰਕਾਰ ਵਸਤੂ ਦੇ 'ਸਹਜ ਸੁਭਾਵ' ਨੂੰ ਹੀ ਲੱਛਣ ਦਾ ਲੱਛਣ ਮੰਨਦੇ ਹੋਏ ਵਿਰੁਧ ਮਤਾਂ ਦਾ ਖੰਡਨ ਕਰਕੇ ਕਾਵਯ ਦਾ ਲੱਛਣ ਇਉਂ ਕਥਨ ਕੀਤਾ ਜਾਂਦਾ ਹੈ :-

(੧) ਕਾਵਯ ਦਾ ਆਚਾਰਯ ਕਹਿੰਦਾ ਹੈ- 'ਕਾਵਿ ਕਰਮ ਕਾਵਯਮੁ' । ਅਰਥਾਤ ਕਵਿ ਦੀ ਰਚਨਾ ਕਾਵਯ ਹੁੰਦੀ ਹੈ । ਇਹ ਠੀਕ ਨਹੀਂ । ਕਿਉਂਕਿ ਏਸ ਤਰਾਂ ਗੁਣ, ਰਸ ਅਤੇ ਅਲੰਕਾਰ ਦੀ ਉਪੇਖਾ ਕਰਕੇ ਤੁਕ ਬੰਦੀ ਵਿਚ ਹੀ ਕਾਵਯ ਲੱਛਣ ਦੀ ਵਿਆਪਤੀ ਪ੍ਰਤੀਤ ਹੁੰਦੀ ਹੈ । ਸੋ ਤੁਕ ਬੰਦੀ ਮਾਤ੍ਰ ਕਾਵਯ ਦੀ ਆਤਮਾ ਯਾ ਸਹਜ ਸੁਭਾਵ ਨਾ ਹੋਣ ਕਰਕੇ ਇਹ ਲੱਛਣ ਅਭਾਸ (ਝਲਕ) ਮਾਤ੍ਰ ਹੈ ।

(੨) ਕਾਵਯ ਪ੍ਰਕਾਸ਼ਕਾਰ ਕਹਿੰਦਾ ਹੈ- 'ਤਦਦੋਸ਼ੌਸਬਦਾਰਥੌ' । ਅਰਥਾਤ ਜੋ ਦੋਸ਼ ਤੋਂ ਰਹਿਤ ਸ਼ਬਦ ਅਤੇ ਅਰਥ ਹਨ ਉਹ ਕਾਵਯ ਹੈ । ਪਰੰਤੂ ਇਹ ਭੀ ਠੀਕ ਨਹੀਂ । ਕਿਉਂਕਿ ਦੋਸ਼ ਤੋਂ ਰਹਿਤ ਤਾਂ ਕੋਸ਼, ਨਿਆਇ ਅਤੇ ਮੀਮਾਂਸਾ ਆਦਿ ਹੋਰ ਸ਼ਾਸਤ੍ਰਾਂ ਦੇ ਸਬਦ ਅਤੇ ਅਰਥ ਹਨ । ਉਨਾਂ ਵਿਚ ਉਕਤ ਲੱਛਣ ਦੀ ਅਤਿ ਵਿਆਪਤੀ ਹੈ । ਬਲਕਿ ਕਾਵਯ ਦੇ ਦੋਸ਼ੋਧਾਰ ਪ੍ਰਕਰਣ ਦਾ ਹੀ ਲੱਛਣ ਹੋਣ ਕਰਕੇ ਰਸ, ਅਲੰਕਾਰ ਆਦਿ ਵਿਚ ਏਸ ਦੀ ਅਵਯਾਪਤੀ ਜ਼ਰੂਰ ਹੈ ।

(ਗੁਰੂ ਕਾਸ਼ੀ ਪੱਤਰ ਸਤੰਬਰ, ਨਵੰਬਰ, ਦਸੰਬਰ ੧੯੩੫)

Sri Satguru Jagjit Singh Ji eLibrary NamdhariElibrary@gmail.com



Sri Satguru Jagjit Singh Ji eLibrary NamdhariElibrary@gmail.com